# ਸੋਧ

ਦਸੰਬਰ 1980 (ਜਿਲਦ 9 ਨੰਬਰ 12)

**December 1980**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

12

# ਸੇਧ

* "ਸਾਡੇ ਬਹੁਤ ਸਾਰੇ ਮਾਰਕਸਵਾਦੀ ਜਜ਼ਬਾਤੀ ਤੌਰ 'ਤੇ, ਜਥੇਬੰਦਕ ਤੌਰ 'ਤੇ ਹੀ ਮਾਰਕਸਵਾਦੀ ਸਨ; ਵਿਚਾਰਧਾਰਕ ਤੌਰ 'ਤੇ ਐਨੇ ਨਹੀਂ।"

"ਸਾਡੇ ਪਰੋਲਤਾਰੀ ਪੈਂਤੜੇ ਵਾਲਿਆਂ ਆਪਣੇ ਸਿਰ ਦਾ ਸਾਈਂ ਰੂਸੀ ਪਾਰਟੀ ਨੂੰ, ਬਾਲਸ਼ਿਵਿਕਾਂ ਨੂੰ ਬਣਾ ਲਿਆ।"

"ਸਾਡੇ ਮਾਰਕਸਵਾਦੀ ਬੁੱਧੀਮਾਨ ਮੰਗ ਪਿੰਨ ਕੇ ਹੀ ਬੁੱਧੀਮਾਨ ਬਣੇ ਹੋਏ ਸਨ। ਪਿਛੋਂ, ਮਕਿਉਂ ਆਇਆ ਹੀ ਅਗੇ ਵਰਤਾਈ ਜਾਂਦੇ ਸਨ।"

* "ਡਾ: ਗੁਰਬਖਸ਼ ਸਿੰਘ ਫਰੈਂਕ ਨੇ ਆਪਣਾ ਮਾਰਕਸਵਾਦੀ ਪਿੱਛਾ ਢਕਣ ਦੀ ਕੋਸ਼ਸ਼ ਕੀਤੀ ਹੈ। ਕਿਸ ਕੁਚੱਜੇ ਢੰਗ ਨਾਲ ? ਆਓ, ਵੇਖੀਏ।"

"ਜੇ ਡਾ: ਫਰੈਂਕ ਨੂੰ ਡਾਇਲੈਕਟਿਕਸ ਦੀ ਰਤੀ ਭਰ ਵੀ ਸਮਝ ਹੁੰਦੀ, ਤਾਂ......"

* "ਕੀ ਗਰੁਪ (ਵਿਦਿਆਰਥੀ ਜਥੇਬੰਦੀਆਂ ਦੇ), ਵਿਚਾਰਧਾਰਾ ਨਾਲੋਂ ਵੀ ਪਿਆਰੀ ਤੇ ਵਡੇਰੀ ਚੀਜ਼ ਹੁੰਦੀ ਹੈ ?"

"ਵਿਦਿਆਰਥੀਆਂ ਦੀਆਂ ਕੁਲ ਦੀਆਂ ਕੁਲ ਪੰਜਾਂ ਜਥੇਬੰਦੀਆਂ ਦੇ ਲੀਡਰਾਂ ਤੇ ਕਾਡਰਾਂ ਦੀ ਕੁਲ ਗਿਣਤੀ ਸਮੁਚੇ ਵਿਦਿਆਰਥੀ-ਵਰਗ ਦਾ ਪੰਜ ਫੀ ਸਦੀ ਹੀ ਬਣਦੀ ਹੈ !!"

* "'ਧਨੀ ਕਿਸਾਨੀ' ਅਤੇ 'ਖੇਤ-ਮਜ਼ਦੂਰ'—ਇਹਨਾਂ ਦੋਹਾਂ ਵਰਗਾਂ ਵਿਚਲਾ ਵਿਰੋਧ ਪੰਜਾਬ ਦੀ ਸਿਆਸਤ ਦਾ ਕੇਂਦਰੀ ਨੁਕਤਾ ਬਣੇਗਾ।"

"ਡੈਲੀਗੇਟਾਂ ਵਿਚ ਸੂਝ ਦੀ ਘਾਟ ਲੀਡਰਸ਼ਿਪ ਲਈ ਫਾਇਦੇਮੰਦ ਹੁੰਦੀ ਹੈ !!"

SEDH
DEC., 1980
Vol. 9, No. 12
Price : Rs.2.00

## ਲੋਕਾਂ ਦਾ
## ਪੰਜਾਬੀ ਸਾਹਿਤ ਟਰਸੱਟ ਢੁੱਡੀਕੇ
### 1980 ਦੇ ਵਰ੍ਹੇ ਵਿਚ ਸਾਹਿਤ ਦੇ ਤਿੰਨ ਇਨਾਮ ਦੇ ਰਿਹਾ ਹੈ।

**ਬਾਵਾ ਬਲਵੰਤ ਇਨਾਮ** (ਤੀਜਾ) ਡਾ: ਜਗਤਾਰ ਸਿੰਘ (ਲੈਕਚਰਾਰ, ਗੌ: ਕਾਲਜ ਹੁਸ਼ਿਆਰਪੁਰ) ਤੇ **ਬਲਰਾਜ ਸਾਹਨੀ ਇਨਾਮ** (ਪਹਿਲਾ) ਲੋਕ ਨਾਟਕਕਾਰ ਸ: ਗੁਰਸ਼ਰਨ ਸਿੰਘ ਅੰਮ੍ਰਿਤਸਰ ਨੂੰ ਦਿਤੇ ਜਾ ਰਹੇ ਹਨ। ਹਰੇਕ ਨੂੰ ਗਿਆਰਾਂ ਗਿਆਰਾਂ ਸੌ ਰੁਪਏ ਨਕਦ, ਇਕ ਟਰਾਫੀ ਅਤੇ ਸ਼ਾਲ ਸਨਮਾਨ ਵਜੋਂ ਭੇਟ ਕੀਤੇ ਜਾਣਗੇ।

ਇਕ ਸਪੈਸ਼ਲ ਇਨਾਮ ਇਕ ਹਜ਼ਾਰ ਰੁਪਏ ਦਾ **ਸੇਧ** ਨੂੰ ਮਾਰਕਸੀ ਵਿਆਖਿਆ ਦੀਆਂ ਸੇਵਾਵਾਂ ਹਿੱਤ ਦਿੱਤਾ ਜਾਵੇਗਾ।

ਸਾਡੇ ਸਾਹਿਤਕਾਰ ਜਿਥੇ ਅਤੇ ਜਿਸ ਸ਼ਖਸੀਅਤ ਹੱਥੋਂ ਸਨਮਾਨ ਲੈਣਾ ਚਾਹੁੰਣਗੇ, ਉਸ ਤਰ੍ਹਾਂ ਦਾ ਹੀ ਇੰਤਜ਼ਾਮ ਕਰਨ ਦਾ ਜਤਨ ਕੀਤਾ ਜਾਵੇਗਾ। ਸਨਮਾਨ-ਸਮਾਗਮ ਜਨਵਰੀ 1981 ਵਿਚ ਕੀਤੇ ਜਾਣ ਦੀ ਸੂਚਨਾ ਅਗਾਊਂ ਦੇ ਦਿਤੀ ਜਾਵੇਗੀ। ਅਸੀਂ ਪੰਜਾਬੀ ਪਾਠਕਾਂ ਨੂੰ ਬੇਨਤੀ ਕਰਦੇ ਹਾਂ ਕਿ ਆਪਣੇ ਲੇਖਕਾਂ ਤੋਂ ਮਨੁਖਵਾਦੀ ਸਾਹਿਤ ਲਿਖਵਾਉਣ ਅਤੇ ਉਹਨਾਂ ਦੇ ਹੌਸਲੇ ਚੜ੍ਹਦੀ ਕਲਾ ਵਿਚ ਰਖਣ ਲਈ ਸਮਾਗਮਾਂ ਵਿਚ ਹੁਮਹੁਮਾ ਕੇ ਦਰਸ਼ਨ ਦੇਣ।

ਇਕ ਬੇਨਤੀ ਹੋਰ! ਅਸੀਂ ਚਾਹੁੰਦੇ ਆਂ ਕਿ ਬਾਵਾ ਬਲਵੰਤ ਤੇ ਬਲਰਾਜ ਸਾਹਨੀ ਦੇ ਸੁੰਦਰ ਕਲਾਮਈ ਬੁੱਤ ਇਨਾਮਾਂ ਵਿਚ ਟਰਾਫੀਆਂ ਦੀ ਥਾਂ ਹਰ ਸਾਲ ਦਿਤੇ ਜਾਇਆ ਕਰਨ। ਕੋਈ ਮਿੱਤਰ ਅਥਵਾ ਕਲਾਕਾਰ ਬੁੱਤ ਬਣਵਾਉਣ ਵਿਚ ਸਹਾਇਤਾ ਕਰ ਸਕੇ, ਦੱਸ ਪਾ ਸਕੇ, ਅਸੀਂ ਉਸ ਦੇ ਧੰਨਵਾਦੀ ਹੋਵਾਂਗੇ।

—ਬੇਨਤੀਕਾਰ : ਜਸਵੰਤ ਸਿੰਘ ਕੰਵਲ



ਸਾਹਿਤ ਦੀ ਆਲੋਚਨਾ, ਵਸਤੂ ਤੇ ਰੂਪ,
ਦੋਹਾਂ ਪੱਖਾਂ ਤੋਂ ਸਾਹਿਤ ਦੀ ਬਾਤਨ
ਤਕ ਸਮਝ ਹੈ। — ਕਿਸ਼ਨ ਸਿੰਘ


- ਬੁਧੀਜੀਵੀ ਵਰਗ : ਦੁਬਿੱਧਾ ਤੇ ਨਿਰਾਸ਼ਾ ਦਾ ਇਹ ਵਾਤਾਵਰਣ ਕਿਉਂ ? (ਸਫ਼ਾ 3) ......
- ਅੱਜ ਦੀ ਪੰਜਾਬੀ ਆਲੋਚਨਾ" (ਸਫ਼ਾ 11) ......
- ਆਏ ਇਨਕਲਾਬ ਕੁਰਾਹੇ ਕਿਉਂ ?—19
  ਸਾਇੰਸ-ਟੈਕਨਾਲੋਜੀ : ਮੁਨਾਫ਼ੇ ਲਈ ਜਾਂ ਮਨੁਖ ਦੀ ਆਜ਼ਾਦੀ ਲਈ ? (ਸਫ਼ਾ 21) ਕਿਸ਼ਨ ਸਿੰਘ
- ਇਕ ਖ਼ਤ ਤੇਰੇ ਨਾਂ (ਸਫ਼ਾ 30) ਡਾ: ਹਰਿਭਜਨ ਸਿੰਘ
- ਪੰਜਾਬੀ ਆਲੋਚਨਾ ਅਤੇ ਪੱਛਮੀ ਆਲੋਚਨਾ-ਪ੍ਰਣਾਲੀਆਂ-6
  ਅਮ੍ਰੀਕਾ ਦਾ 'ਨਵੀਨ ਆਲੋਚਨਾ' ਸਕੂਲ (ਸਫ਼ਾ 39) ਡਾ: ਰਵਿੰਦਰ ਸਿੰਘ ਰਵੀ
- ਪੰਜਾਬ ਦਾ ਵਿਦਿਆਰਥੀ ਵਰਗ (ਸਫ਼ਾ 49) ਕੁਲਵੰਤ ਰਮਾਣਾ
- ਪੰਜਾਬ ਖੇਤ ਮਜ਼ਦੂਰ ਸਭਾ ਅਤੇ ਖੇਤ ਮਜ਼ਦੂਰ (ਸਫ਼ਾ 53) ਏ. ਪੀ. ਸਿੰਘ


Edited, Printed & Published by Gurvel Singh Pannu. A/42, Defence Colony, New Delhi-110024. Ph. No. 626300
Printed at 'BHULLAR PRINTERS' 44, Street 2, Shankar Nagar Ext., Delhi-






"ਭਾਬੀ ਇਸ਼ਕ ਤੋਂ ਨੱਸ ਕੇ ਉਹ ਜਾਂਦੇ
ਪੁਤਰ ਹੋਣ ਜੋ ਕਿਸੇ ਕੰਗਾਲ ਦੇ ਨੀ।"—ਵਾਰਸ

## ਬੁੱਧੀਜੀਵੀ ਵਰਗ
## ਦੁਬਿੱਧਾ ਤੇ ਨਿਰਾਸ਼ਾ ਦਾ ਇਹ ਵਾਤਾਵਰਣ ਕਿਉਂ ?

ਭਗਵਾਨ ਜੋਸ਼ ਨੇ ਗੱਲ ਥਾਂ ਸਿਰ ਉਪੜਾਈ ਹੈ ਕਿ 'ਆਏ ਇਨਕਲਾਬ ਆਖਰ ਕੁਰਾਹੇ ਕਿਉਂ ? ਦੇ ਸੁਆਲ ਦਾ ਤੱਥਾਂ ਦੇ ਆਧਾਰ 'ਤੇ ਤਸੱਲੀਬਖਸ਼ ਜਵਾਬ ਦਿੱਤਿਆਂ ਬਗੈਰ ਅਜ ਠੋਕ ਵਜਾ ਕੇ ਇਹ ਨਹੀਂ ਕਿਹਾ ਜਾ ਸਕਦਾ ਕਿ ਮਾਰਕਸਵਾਦ ਬੰਦੇ ਦੀ, ਸਰਬਤ ਦੀ ਆਜ਼ਾਦੀ ਦਾ, ਮਨੁਖੀ-ਬਰਾਦਰੀ ਦੀ ਸਥਾਪਤੀ ਦਾ ਸਿਧਾਂਤ ਹੈ (ਨਵੰਬਰ ਅੰਕ)। ਅਜ ਦੇ ਰੂਸ ਦੇ, ਜਾਂ ਅਜ ਦੇ ਚੀਨ ਦੇ ਧੜੇ ਦਾ ਹੋਣਾ ਇਕ ਗੱਲ ਹੈ ਅਤੇ ਮਾਰਕਸਵਾਦ ਵਲ ਨੂੰ ਵਫਾਦਾਰੀ, ਬਿਲਕਲ ਦੂਸਰੀ ਗੱਲ। ਮਾਰਕਸਵਾਦ ਨੂੰ ਵਫਾਦਾਰ ਹੁੰਦਿਆਂ ਹੋਇਆਂ 'ਆਏ ਇਨਕਲਾਬ ਕੁਰਾਹੇ ਕਿਉਂ?' ਦੇ ਸਵਾਲ ਨੂੰ ਪਾਸਾ ਦੇ ਕੇ ਨਹੀਂ ਲੰਘਿਆ ਜਾ ਸਕਦਾ। ਇਸ ਸਵਾਲ ਨੂੰ ਤਾਂ ਮੁਖਾਤਬ ਹੋਣਾ ਹੀ ਹੋਣਾ ਹੈ। ਇਸ ਵਲੋਂ ਅੱਖਾਂ ਮੀਟ ਲੈਣਾ ਮਾਰਕਸਵਾਦ ਦਾ, ਉਸ ਦੇ ਅਸਲੇ ਦਾ ਤਿਆਗ ਹੈ। ਅਜ ਮਾਰਕਸਵਾਦ ਦੇ ਤਿਆਗ ਦਾ ਮਤਲਬ ਜਾਂ ਤਾਂ ਮਨੁਖ-ਜਾਤੀ, ਉਸ ਦੀ ਤਕਦੀਰ, ਉਸ ਦੇ ਭਵਿੱਖ ਵਲੋਂ ਸਨਕੀ ਹੋਣਾ ਹੈ ਤੇ ਜਾਂ ਖੁਲ੍ਹੇ-ਆਮ ਬੁਰਜੁਆ ਪੈਂਤੜੇ ਦੇ ਪੇਟੇ ਪੈ ਜਾਣਾ ਹੈ। ਅਤੇ ਜਾਂ ਗੋਂਗਲੂ ਬਣ ਕੇ ਆਪਣੇ ਦਿਨ ਪੂਰੇ ਕਰੀ ਜਾਣਾ ਹੈ।

ਰੂਸ ਵਿਚ ਇਨਕਲਾਬ ਆਇਆ। ਸਮਕਾਲੀ ਸਮਾਜ ਦੇ ਧੱਕਿਆਂ ਹੋਇਆਂ ਨੂੰ, ਖਾਕ ਛਾਣਦੇ ਨਿਆਸਰਿਆਂ, ਭੱਠ ਝੋਕਦਿਆਂ ਨੂੰ ਜ਼ਿੰਦਗੀ ਦੇ ਨਵੇਂ ਦਿਸ-ਹੱਦੇ ਦਿੱਸੇ। ਲਾਲ ਝੰਡੇ ਹੇਠ ਰੂਸ ਦੇ ਲੋਕਾਂ ਨੇ ਹਿਟਲਰ ਦੀਆਂ ਫਾਸ਼ੀ ਫੌਜਾਂ ਨਾਲ ਜੋ ਕਰ ਵਿਖਾਈ, ਦੁਨੀਆਂ ਦੇ ਲੋਕ ਦੰਗ ਰਹਿ ਗਏ। ਮੁਲੱਖਈਏ ਦੀ ਮਾਰਕਸਵਾਦ ਵਾਸਤੇ ਸ਼ਲਾਘਾ ਵਧੀ। ਉਤੋਂ ਚੀਨ ਵੀ ਲਾਲ ਹੋ ਗਿਆ। ਵੇਖਣ ਨੂੰ ਲੱਗਣ ਲੱਗ ਪਿਆ ਜਿਵੇਂ ਸਮਾਜਵਾਦੀ ਇਨਕਲਾਬ ਹੜ੍ਹ ਬਣ ਕੇ ਆ ਰਹੇ ਨੇ ਅਤੇ ਸੰਸਾਰ ਸਰਮਾਏਦਾਰੀ ਇਸ ਹੜ੍ਹ ਅੱਗੇ ਬਹੁਤਾ ਚਿਰ ਠਹਿਰ ਨਹੀਂ ਸਕੇਗੀ। ਸੁਨਹਿਰੀ ਭਵਿਖ ਦੀਆਂ ਆਸਾਂ ਦੇ ਇਸ ਵਾਵਰੋਲੇ ਵਿਚ ਸੰਸਾਰ ਬੁਰਜੁਆਜ਼ੀ ਦੀ ਤਾਕਤ ਨਜ਼ਰ-ਅੰਦਾਜ਼ ਹੋ ਗਈ। ਆਸਾਂ ਅਸਲੀਅਤ ਨਾਲੋਂ ਟੁਟ ਕੇ ਬੇਮੁਹਾਰ ਉਡੀਆਂ। ਇਸ ਮਹੌਲ ਵਿਚ ਨਿਜ਼ਾਮਾਂ ਦੀ ਤਬਦੀਲੀ ਦੀ ਡਾਇਲੈਕਟਿਕ ਦਾ ਕਿਸੇ ਨੇ ਸਵਾਲ ਹੀ ਨਾ ਉਠਾਇਆ। ਮੁਲੱਖਈਏ ਦੇ ਜ਼ਿਹਨ ਵਿਚ ਇਹ ਕਿਸੇ ਪਾਇਆ ਹੀ ਨਾ ਕਿ ਇਨਕਲਾਬ ਦੇ ਆਉਣ ਨਾਲ ਸਮਾਜ ਵਿਚਲਾ ਬੁਰਜੁਆ ਪੈਂਤੜਾ ਨਿਹੱਥਾ ਨਹੀਂ ਹੋ ਜਾਂਦਾ। ਆਏ ਇਨਕਲਾਬਾਂ ਦਾ ਕੁਰਾਹੇ ਪੈ ਜਾਣਾ ਮਾਰਕਸਵਾਦੀਆਂ ਦੇ ਖਾਬੋ-ਖਿਆਲ ਵਿਚ ਵੀ ਨਹੀਂ ਸੀ।

ਦੂਸਰੇ ਪਾਸੇ ਤੋਂ ਸਾਡੇ ਬਹੁਤ ਸਾਰੇ ਮਾਰਕਸਵਾਦੀ ਵੀ ਜਜ਼ਬਾਤੀ ਤੌਰ 'ਤੇ, ਜਥੇਬੰਦਕ ਤੌਰ 'ਤੇ ਹੀ ਮਾਰਕਸਵਾਦੀ ਸਨ, ਵਿਚਾਰਧਾਰਕ ਤੌਰ 'ਤੇ ਸ਼ਾਇਦ ਐਨੇ ਮਾਰਕਸਵਾਦੀ ਨਹੀਂ ਸਨ। ਸਾਡੇ ਬਹੁਤ ਸਾਰੇ ਬੁਧੀਮਾਨਾਂ ਦਾ ਤਾਂ ਮਾਰਕਸਵਾਦ ਨਾਲ ਰਿਸ਼ਤਾ ਸ਼ਾਇਦ ਇਆਣੇ ਪਿਆਰ (calf love) ਵਾਲਾ ਹੀ ਸੀ। ਇਹ ਪਿਆਰ ਅਜੇ ਜ਼ਿੰਦਗੀ-ਭਰ ਦਾ ਸੰਜੋਗ ਨਹੀਂ ਸੀ ਬਣਿਆ। ਅਤੇ ਜਦੋਂ ਝਟਕੇ ਤੇ ਝਟਕਾ ਲੱਗਾ, ਤਾਂ ਉਹ ਸੰਭਲ ਨਾ ਸਕੇ। ਆਏ ਇਨਕਲਾਬਾਂ ਦੇ ਕੁਰਾਹੇ ਪੈਣ ਦੇ ਕਾਰਨ ਲਭਣ ਵਲ ਪੈਣ ਦੀ ਥਾਂ ਉਹ ਆਪਣਾ ਵਿਚਾਰਧਾਰਕ ਲੱਕ ਹੀ ਤੁੜਵਾ ਕੇ ਬਹਿ ਗਏ।

ਆਏ ਇਨਕਲਾਬਾਂ ਦੇ ਕੁਰਾਹੇ ਪੈਣ ਦੇ ਕਾਰਨਾਂ ਨੂੰ ਲਭਣ ਦਾ ਅਸਲਾ ਕੀ ਹੈ? ਅਸਲਾ ਹੈ **ਮਾਰਕਸਵਾਦ ਦੀ ਉਸਾਰੀ**। ਮਾਰਕਸਵਾਦ ਦੀ ਉਸਾਰੀ ਦਾ ਮਤਲਬ ਹੈ—ਸਭ ਮੁਲਕਾਂ ਦੀ ਮਿਹਨਤਕਸ਼ ਜਮਾਤ ਦੇ, ਪਰੋਲਤਾਰੀ ਦੇ ਪੈਂਤੜੇ ਦੇ ਚੰਗੇ ਮਾੜੇ ਹੋਏ ਅਨੁਭਵਾਂ ਦਾ ਜਾਇਜ਼ਾ ਲੈਣਾ, ਉਹਨਾਂ ਨੂੰ ਜਨਰਲਾਈਜ਼ ਕਰਨਾ। ਜਿੱਤਾਂ ਤੇ ਹਾਰਾਂ ਦੋਹਾਂ ਦੀ ਵਿਆਖਿਆ ਕਰਨਾ, ਉਹਨਾਂ ਤੋਂ ਅੱਗੇ ਵਾਸਤੇ ਸਿਖਣਾ। ਪਰੋਲਤਾਰੀ ਦੇ ਪੈਂਤੜੇ ਨੂੰ ਹੋਈਆਂ ਹਾਰਾਂ ਕਿੰਨੀਆਂ ਵੀ ਦਿਲ ਹਿਲਾ ਦੇਣ ਵਾਲੀਆਂ, ਲੱਕ ਤੋੜਨ ਵਾਲੀਆਂ ਹੋਣ...ਪਰੋਲਤਾਰੀ ਦੇ ਪੈਂਤੜੇ ਦੀ ਅੰਤਮ ਜਿੱਤ ਯਕੀਨੀ ਹੈ। ਸਮਾਜ ਦੀ ਇਤਿਹਾਸਕ ਉਸਾਰੀ ਦਾ ਕਾਨੂੰਨ ਅਟੱਲ ਹੈ। ਜਿਸ ਰਾਹੇ ਗੁਲਾਮਦਾਰੀ ਤੇ ਫਿਊਡਲ ਨਿਜ਼ਾਮ ਗਏ, ਉਸੇ ਰਾਹੇ ਸਰਮਾਏਦਾਰੀ ਵੀ ਜਾਵੇਗੀ। ਅਤੇ ਮਾਰਕਸਵਾਦ, ਪਰੋਲਤਾਰੀ ਦਾ ਪੈਂਤੜਾਹੀ ਇਸ ਨੂੰ ਘੱਲੇਗਾ। ਇਸ ਨੂੰ ਹੋ—ਗੁਜ਼ਰਿਆ ਇਤਿਹਾਸ ਬਣਾਇਗਾ।

ਸਾਡੇ ਬੁਧੀਮਾਨ ਤਬਕੇ ਵਿਚ 'ਦੁਬਿੱਧਾ ਤੇ ਨਿਰਾਸ਼ਾ' ਦਾ ਜੋ ਵਾਤਾਵਰਣ ਪੈਦਾ ਹੋ ਗਿਆ ਹੈ ਉਸ ਦੇ ਅੰਤਰਰਾਸ਼ਟਰੀ ਕਾਰਨਾਂ ਵਲ ਜੋਸ਼ ਨੇ ਠੀਕ ਧਿਆਨ ਦਿਵਾਇਆ ਹੈ। ਪਰ ਬਾਹਰਲੇ ਕਾਰਨਾਂ ਦੇ ਨਾਲ ਅੰਦਰੂਨੀ ਕਾਰਨ ਵੀ ਹੁੰਦੇ ਹਨ। ਇਸ ਲਈ ਸਥਾਨਕ ਸਥਿਤੀ 'ਚੋਂ ਉਭਰਦੇ ਕੁਛ ਤੱਥਾਂ ਵਲ ਧਿਆਨ ਦਿਵਾਉਣਾ ਬੇਲੋੜਾ ਨਹੀਂ। ਸਾਡੇ ਬੁਧੀਮਾਨ ਤਬਕੇ ਦਾ ਮਾਰਕਸਵਾਦ ਨਾਲ ਜੋ ਅਲ੍ਹੜ ਉਮਰ ਦਾ ਪਿਆਰ ਪਿਆ ਉਸ ਵਿਚ ਬਾਹਰਲੇ ਕਾਰਨਾਂ ਤੋਂ ਇਲਾਵਾ ਅੰਦਰਲੀ ਸਥਿਤੀ ਦਾ ਵੀ ਹਿੱਸਾ ਸੀ। ਅਤੇ ਉਹ ਸੀ ਮੁਲਕ ਦੀ ਆਜ਼ਾਦੀ ਵਾਸਤੇ ਕੀਤੀ ਜਾ ਰਹੀ ਜਦੋ-ਜਹਿਦ ਅਤੇ ਉਸ ਵਿਚ ਪਰੋਲਤਾਰੀ ਦੇ ਪੈਂਤੜੇ ਨੂੰ ਰਾਹ ਦੇਂਦੀ ਸਥਿਤੀ। ਉਸ ਜਦੋ-ਜਹਿਦ ਵੇਲੇ ਆਦਰਸ਼, ਅਸਲੀਅਤ ਸੀ। ਆਜ਼ਾਦੀ ਚੂੰਕਿ ਬੁਰਜੁਆ ਪੈਂਤੜੇ ਦੇ ਰਾਹੀਂ ਆਈ, ਉਸ ਪੈਂਤੜੇ ਦੀ ਅਸਲੀਅਤ ਨੇ ਜ਼ਾਹਰ ਹੋਣਾ ਹੀ ਸੀ। ਸੋ ਉਹ ਹੋਈ। ਸਾਡੇ ਸਰਮਾਏ ਦੇ ਵਿਕਾਸ ਵਾਸਤੇ ਅੱਗੇ ਨਾਲੋਂ ਰਾਹ ਬਹੁਤ ਮੋਕਲਾ ਹੋਇਆ। ਉਸ ਦਾ ਅਡੰਬਰ ਵਧਣਾ ਹੀ ਸੀ, ਸੁ ਉਹ ਬਹੁਤ ਵਧਿਆ। ਇਕ ਤਾਂ ਅੰਗਰੇਜ਼ਾਂ ਦੇ ਚਲੇ ਜਾਣ ਨਾਲ ਕੁਛ ਥਾਵਾਂ ਖਾਲੀ ਹੋਣੀਆਂ ਹੀ ਸਨ, ਸੁ ਉਹ ਹੋਈਆਂ। ਪਰ ਚੂੰਕਿ ਅਡੰਬਰ ਬੁਰਜੁਆ ਸੀ, ਇਸ ਵਾਸਤੇ ਹਰ ਖੇਤਰ ਵਿਚ ਅਫ਼ਸਰਸ਼ਾਹੀ ਤੇ ਉਸ ਦਾ ਅਮਲਾ-ਫ਼ੈਲਾ, ਕਲਰਕ ਬਾਬੂ ਆਦਿ ਤਬਕਾ ਅਮਰਵੇਲ ਵਾਂਗ ਫੈਲਿਆ। ਰਾਜ-ਪ੍ਰਬੰਧ ਦੇ ਅਡੰਬਰ ਨੂੰ ਤਾਂ ਜਿਵੇਂ ਕੋਈ ਹੱਦ ਬੰਨਾ ਹੀ ਨਾ ਰਿਹਾ।

ਆਜ਼ਾਦੀ ਵਾਸਤੇ ਜਦੋ-ਜਹਿਦ ਦੇ ਖਤਮ ਹੋਣ ਨਾਲ ਆਦਰਸ਼ਾਂ ਦੀ ਭੋਂ ਸੁੰਗੜੀ। ਸਰਮਾਏ ਦੇ ਕਾਬਜ਼ ਹੋਣ ਨਾਲ, ਉਸ ਦੇ ਵਿਕਾਸ ਨਾਲ ਉਸ ਦੇ ਰੈਸ਼ਨੇਲ—ਰੁਜ਼ਗਾਰਵਾਦ—ਨੇ ਬੁਧੀਮਾਨ ਤਬਕੇ ਉਤੇ ਵੀ ਹੱਲਾ ਬੋਲਣਾ ਹੀ ਸੀ, ਸੁ ਉਸ ਬੋਲਿਆ, ਅਤੇ ਆਪਣੀ ਮੱਲ ਖੂਬ ਮਾਰੀ। ਸਾਡਾ ਬੁਧੀਮਾਨ ਤਬਕਾ ਉਸ ਦਾ ਬੁਰੀ ਤਰ੍ਹਾਂ ਸ਼ਿਕਾਰ ਹੋਇਆ। ਬੁਧੀਮਾਨ ਤਬਕਾ ਬਹੁਤ ਹੱਦ ਤਕ ਹੁੰਦਾ ਵੀ ਮਧ ਸ਼੍ਰੇਣੀ ਦਾ ਜੰਮ-ਪਲ ਹੈ ਅਤੇ ਇਸ ਦੇ ਮਨ ਤੋਂ ਪੈਸੇ ਤੇ ਪਦਵੀ ਦੀ ਖਿੱਚ ਬਹੁਤ ਦੂਰ ਨਹੀਂ ਹੁੰਦੀ।



ਨਾਲੇ ਮਿਲਦੇ ਮੌਕਿਆਂ ਤੇ ਖਾਲੀ ਕੁਰਸੀਆਂ ਵੇਖ ਕੇ ਇਸ ਤਬਕੇ ਦੇ ਕਿੰਨਿਆਂ ਕੁ ਦਾ ਈ ਮਾਨ ਪੱਲੇ ਰਹਿ ਸਕਦਾ ਸੀ?! ਬਹੁਤ ਸਾਰਿਆਂ ਦੇ ਮੂੰਹ ਵਿਚ ਪਾਣੀ ਭਰ ਹੀ ਆਉਣਾ ਸੀ, ਭਰ ਆਇਆ। ਨਾਂ ਨੂੰ ਤਾਂ ਮਾਰਕਸਵਾਦ ਰਿਹਾ, ਪਰ ਅਸਲਿਉਂ ਆਪਣਾ ਪਿੱਛਾ ਢੱਕਣ ਦੀ ਪੈ ਗਈ। ਪਹਿਲੀ ਢਾਹ ਤਾਂ ਬੁਧੀਮਾਨ ਤਬਕੇ ਦੇ ਆਦਰਸ਼ਾਂ ਨੂੰ ਉਸ ਵਕਤ ਲਗਣੀ ਸੀ, ਸੋ ਰੱਜ ਕੇ ਲੱਗੀ।

ਇਸ ਵਿਚ ਸਾਰੀ ਕਮਜ਼ੋਰੀ ਬੁਧੀਮਾਨ ਤਬਕੇ ਦੀ ਹੀ ਨਹੀਂ ਮਿਥਣੀ ਚਾਹੀਦੀ। ਜੇ ਪਰੋਲਤਾਰੀ ਦਾ ਪੈਂਤੜਾ ਮਿਲਦੀ ਸੰਭਾਵਨਾ ਦੇ ਹਾਣੀ ਹੋਇਆ ਹੁੰਦਾ, ਹਾਣੀ ਹੁੰਦਾ ਹੋਇਆ ਤੁਰਿਆ ਜਾਂਦਾ ਤਾਂ ਬੰਦੇ ਦੀ ਆਜ਼ਾਦੀ ਦੇ ਆਦਰਸ਼ ਵਾਸਤੇ ਸਮਾਜਕ-ਮਨੁਖੀ ਭੋਂ ਮੌਜੂਦ ਹੁੰਦੀ। ਉਸ ਦੇ ਵਾਸਤੇ ਹੋ ਰਹੀ ਜਦੋ-ਜਹਿਦ ਦੀ ਉਸ ਨੂੰ ਪੁਸ਼ਟੀ ਹੁੰਦੀ। ਉਸ ਅਨੁਭਵ ਦੇ ਦਿੱਤੇ ਉਸ ਆਦਰਸ਼ ਵਿਚ ਜਾਨ ਹੁੰਦੀ। ਆਦਰਸ਼ ਨਿਰਾ ਜ਼ਬਾਨੀ ਜਮ੍ਹਾਂ ਖਰਚ ਹੀ ਨਾ ਹੁੰਦਾ, ਸਮਾਜ ਦੀ ਅਸਲੀਅਤ ਦਾ ਭਰਵਾਂ ਵੇਗ ਹੁੰਦਾ। ਬੁਧੀਮਾਨਾਂ ਦੇ ਮਨ ਅਖਾੜਾ ਬਣਦੇ। ਇਕ ਪਾਸੇ ਤੋਂ ਪਰੋਲਤਾਰੀ ਦੇ ਪੈਂਤੜੇ

**"ਸਾਡੇ ਬਹੁਤ ਸਾਰੇ ਮਾਰਕਸਵਾਦੀ ਜਜ਼ਬਾਤੀ ਤੌਰ 'ਤੇ, ਜਥੇਬੰਦਕ ਤੌਰ 'ਤੇ ਹੀ ਮਾਰਕਸਵਾਦੀ ਸਨ, ਵਿਚਾਰਧਾਰਕ ਤੌਰ 'ਤੇ ਨਹੀਂ।"**

ਦਾ, ਬੰਦੇ ਦੀ ਆਜ਼ਾਦੀ ਦਾ ਆਦਰਸ਼ ਅਤੇ ਦੂਸਰੇ ਪਾਸੇ ਤੋਂ ਬੁਰਜੁਆ ਪੈਂਤੜੇ ਦਾ ਰੈਸ਼ਨੇਲ—ਰੁਜ਼ਗਾਰਵਾਦ (ਪੈਸੇ ਪਦਵੀ ਦੀ ਹਿਰਸ)—ਆਪਸ ਵਿਚ ਘੁਲਦੇ। ਕਈ ਪੈਸੇ / ਪਦਵੀ ਦੇ ਲਲਚਾਏ ਲਲਚ ਵੀ ਜਾਂਦੇ ਅਤੇ ਰੁਜ਼ਗਾਰਵਾਦ ਵਿਚ ਡੁਬ ਵੀ ਜਾਂਦੇ ਪਰ ਕਈ ਕਿਨਾਰੇ ਵੀ ਆ ਲਗਦੇ। ਪਰ ਪਰੋਲਤਾਰੀ ਦਾ ਪੈਂਤੜਾ ਮਿਲਦੀ ਸੰਭਾਵਨਾ ਦੇ ਹਾਣੀ ਚੂੰਕਿ ਹੋਇਆ ਹੀ ਨਾ, ਇਸ ਵਾਸਤੇ ਬੁਧੀਮਾਨਾਂ ਦੇ ਮਨਾਂ ਵਿਚ ਦੋਹਾਂ ਜਮਾਤੀ ਪੈਂਤੜਿਆਂ ਦਾ ਘੋਲ ਸਾਵਿਆਂ ਦਾ ਘੋਲ ਨਾ ਹੋ ਸਕਿਆ। ਮਾੜੇ ਤਕੜੇ ਦਾ ਹੋ ਕੇ ਰਹਿ ਗਿਆ।

ਗੱਲ ਨੂੰ ਏਥੇ ਰਹਿਣ ਦਿੱਤਿਆਂ ਅਸਲੀਅਤ ਪਕੜ ਵਿਚ ਨਹੀਂ ਆਉਂਦੀ। **ਸੇਧ** ਦੇ ਸਫਿਆਂ ਵਿਚ ਅਸੀਂ ਸਪਸ਼ਟ ਕਰ ਚੁਕੇ ਹਾਂ ਕਿ ਸਮੇਤ ਸਾਡੇ, ਪਛੜੇ ਹੋਏ ਸਭ ਮੁਲਕ ਸਿਰਫ਼ ਪਛੜੇ ਹੋਏ ਹੀ ਨਹੀਂ ਹਨ, ਬਲਕਿ ਬੁਰਜੁਆ ਪੈਂਤੜੇ ਦੇ ਆਧਾਰ 'ਤੇ ਆਪਣਾ ਪਛੜਿਆਪੱਨ ਉਹ ਖਤਮ ਹੀ ਨਹੀਂ ਕਰ ਸਕਦੇ। **They are not only undeveloped, they aie undevelopable)** ਜਿਸ ਤਰ੍ਹਾਂ ਪਛਮੀ ਸਰਮਾਏਦਾਰੀ ਮੁਲਕ ਸਨਅਤੀ ਤੌਰ 'ਤੇ ਉਸਰੇ ਹੋਏ ਹਨ ਬੁਰਜੁਆ ਪੈਂਤੜੇ ਦੇ ਆਧਾਰ 'ਤੇ ਸਾਡੇ ਪਛੜੇ ਹੋਏ ਮੁਲਕ ਉਸ ਤਰ੍ਹਾਂ ਉਸਰ ਸਕਦੇ ਹੀ ਨਹੀਂ। ਮਤਲਬ ਹੈ ਕਿ ਇਹਨਾਂ ਮੁਲਕਾਂ ਦੀ ਬੁਰਜੁਆਜ਼ੀ ਬੁਰਜੁਆ ਜਮਹੂਰੀ ਇਨਕਲਾਬ ਨੂੰ ਨੇਪਰੇ ਚੜ੍ਹਾਉਣੋਂ ਅਸਮਰੱਥ ਹੈ। ਉਹ ਆਪਣੇ ਮੁਲਕ ਨੂੰ ਸਾਮਰਾਜ ਦੀ ਫਾਹੀ ਵਿਚੋਂ ਕੱਢ ਸਕਦੀ ਹੀ ਨਹੀਂ। ਉਹ ਵੱਧ ਤੋਂ ਵੱਧ ਨਿਉਕਲੋਨੀਅਲ ਸਟੇਜ ਤਕ ਹੀ ਜਾ ਸਕਦੀ ਹੈ।

ਇਸ ਦਾ ਅਰਥ ਕੀ ਹੈ? ਅਰਥ ਹੈ ਕਿ ਸਮੇਤ ਸਾਡੇ, ਇਹਨਾਂ ਮੁਲਕਾਂ ਦੀ ਸਥਿਤੀ ਨਵੇਂ ਬੁਰਜੁਆ ਜਮਹੂਰੀ ਇਨਕਲਾਬ ਨੂੰ ਰਾਹ ਦੇਂਦੀ ਹੈ। ਅਤੇ ਉਸ ਰਾਹੇ ਪਰੋਲਤਾਰੀ ਦਾ ਪੈਂਤੜਾ ਹੀ ਪੈ ਸਕਦਾ ਹੈ। ਨਵਾਂ ਬੁਰਜੁਆ ਜਮਹੂਰੀ ਇਨਕਲਾਬ ਮਾਰਕਸਵਾਦ ਦੀ, ਮਾਰਕਸਵਾਦੀ ਪਾਰਟੀ ਦੀ ਅਗਵਾਈ ਹੇਠ ਪਰੋਲਤਾਰੀ ਦਾ ਪੈਂਤੜਾ ਹੀ ਲਿਆ ਸਕਦਾ ਹੈ। (ਬੁਰਜੁਆ ਜਮਹੂਰੀ ਇਨਕਲਾਬ ਬੁਰਜੁਆਜ਼ੀ ਦਾ ਇਨਕਲਾਬ ਹੁੰਦਾ ਹੈ ਅਤੇ ਨਵਾਂ ਬੁਰਜੁਆ ਜਮਹੂਰੀ ਇਨਕਲਾਬ, ਲੋਕਾਂ ਦਾ।

ਇਸ ਵਾਸਤੇ ਹੀ ਇਹ ਅੱਗੋਂ ਰਾਹ ਖੋਲ੍ਹਦਾ ਹੈ ਸਮਾਜਵਾਦੀ ਇਨਕਲਾਬ ਵਾਸਤੇ) ਇਹ ਕੁਝ ਅੱਗੇ ਵੀ ਸਪਸ਼ਟ ਕੀਤਾ ਜਾ ਚੁਕਾ ਹੈ।

ਹੁਣ ਸਵਾਲ ਇਹ ਹੈ ਕਿ ਜਦੋਂ ਸਮਾਜਕ ਸਥਿਤੀ ਰਾਹ ਦੇਂਦੀ ਸੀ ਸਾਡਾ ਮਾਰਕਸਵਾਦ, ਸਾਡੀ ਮਾਰਕਸਵਾਦੀ ਪਾਰਟੀ, ਪਰੋਲਤਾਰੀ ਦਾ ਪੈਂਤੜਾ ਨਵੇਂ ਬੁਰਜੁਆ ਜਮਹੂਰੀ ਇਨਕਲਾਬ ਨੂੰ ਲਿਆਉਣ ਦੇ ਰਾਹੇ ਪਿਆ ਕਿਉਂ ਨਾ ? ਉਸ ਰਾਹੇ ਪੈਣ ਦੀ ਉਸ ਕੋਸ਼ਿਸ਼ ਹੀ ਕਿਉਂ ਨਾ ਕੀਤੀ ? ਲੋਕਾਂ ਦੇ ਸਾਹਮਣੇ ਉਹ ਨਿਸ਼ਾਨਾ ਹੀ ਕਿਉਂ ਨਾ ਰਖਿਆ ? ਆਖਰ ਕਿਉਂ ? ਇਹ ਠੀਕ ਹੈ ਕਿ ਇਸ ਦੇ ਕੁਛ ਬਾਹਰਲੇ ਕਾਰਨ ਵੀ ਸਨ। ਸਾਡੀ ਬੁਰਜੁਆਜ਼ੀ ਸਨਅਤੀ ਬੁਰਜੁਆਜ਼ੀ ਵੀ ਸੀ, ਨਿਰੀ ਦਲਾਲ ਬੁਰਜੁਆਜ਼ੀ ਹੀ ਨਹੀਂ ਸੀ। ਸਾਡੇ ਬੁਰਜੁਆ ਪੈਂਤੜੇ ਨੇ ਮੁਲਕ ਦੀ ਆਜ਼ਾਦੀ ਵਾਸਤੇ ਬਰਤਾਨਵੀ ਸਾਮਰਾਜ ਦੇ ਵਿਰੁਧ ਜਦੋ-ਜਹਿਦ ਵਿੱਢੀ। ਧਾੜ ਦੀ ਧਾੜ ਸਿਆਸੀ ਲੀਡਰ ਪੈਦਾ ਕੀਤੇ। ਉਹਨਾਂ ਮੁਲਕ ਦੇ ਮੁਲੱਖਈਏ ਨੂੰ ਇਸ ਜਦੋ-ਜਹਿਦ ਵਿਚ ਵਲ੍ਹੇਟਿਆ। ਆਜ਼ਾਦੀ ਦੀ ਜੰਗ ਤੁਰਦੀ ਗਈ।

ਇਹ ਐਨ ਮੁਮਕਿਨ ਹੈ ਕਿ ਪਰੋਲਤਾਰੀ ਦਾ ਪੈਂਤੜਾ ਮਿਲਦੇ ਰਾਹ ਦੇ ਰਾਹੇ ਪੈਂਦਾ, ਆਪਣੀ ਪੂਰੀ ਵਾਹ ਲਾਉਂਦਾ, ਅਤੇ ਫੇਰ ਵੀ ਹਾਰ ਜਾਂਦਾ। ਪਰ ਰਾਹੇ ਪੈ ਕੇ, ਸਿਰ ਤੋੜ ਕੋਸ਼ਿਸ਼ ਕਰ ਕੇ ਹਾਰ ਜਾਣਾ ਇਕ ਗੱਲ ਹੈ, ਅਤੇ ਰਾਹੇ ਪੈਣਾ ਹੀ ਨਾ, ਮੈਦਾਨ ਵਿਚ ਆਉਣਾ ਹੀ ਨਾ, ਅਤੇ ਵਿਰੋਧੀ ਪੈਂਤੜੇ ਨੂੰ ਰਾਹ ਹੀ ਖਾਲੀ ਛਡ ਦੇਣਾ, ਬਿਲਕੁਲ ਦੂਸਰੀ। ਚੂੰਕਿ ਸਮਾਜ ਦੀ ਸਥਿਤੀ ਰਾਹ ਦੇਂਦੀ ਸੀ ਇਸ ਵਾਸਤੇ ਮਿਲਦੇ ਰਾਹ ਨੂੰ ਖਾਲੀ ਛੱਡ ਦੇਣ ਦੇ ਸਿਰਫ਼ ਬਾਹਰਲੇ ਕਾਰਨ ਹੀ ਨਹੀਂ ਹੋ ਸਕਦੇ। ਸਾਰੀ ਗੱਲ ਉਹਨਾਂ ਦੇ ਸਿਰ ਹੀ ਨਹੀਂ ਮੜ੍ਹੀ ਜਾ ਸਕਦੀ। ਇਸ ਸਥਿਤੀ ਵਿਚ ਬੁਨਿਆਦੀ

> **ਬੁੱਧੀਮਾਨ ਤਬਕੇ (ਵਧੇਰੇ ਕਰਕੇ ਮਧ-ਸ਼੍ਰੇਣੀ ਦੇ ਜੰਮ ਪਲ) ਦੇ ਮਨ ਤੋਂ ਪੈਸੇ ਤੇ ਪਦਵੀ ਦੀ ਖਿੱਚ ਬਹੁਤ ਦੂਰ ਨਹੀਂ ਹੁੰਦੀ। ਮੂੰਹ 'ਚ ਪਾਣੀ ਭਰ ਆਉਂਦਾ ਹੈ, ਈਮਾਨ ਪਲਿਓਂ ਛੁਟ ਜਾਂਦਾ ਹੈ।**

ਕਾਰਨ ਅੰਦਰਲੇ ਹੀ ਹੋ ਸਕਦੇ ਹਨ। ਬਾਹਰਲੇ ਕਾਰਨ ਸਿਰਫ਼ ਸਹਾਇਕ ਹੀ ਹੋ ਸਕਦੇ ਹਨ। ਗੱਲ ਮੁਕ ਨਹੀਂ ਗਈ। ਉਹ ਕਾਰਨ ਅਜ ਵੀ ਪ੍ਰਵੇਸ਼ ਕਰਦੇ ਹਨ, ਅਤੇ ਜੇ ਲੱਭ ਕੇ ਮੁਕਾਏ ਨਾ ਗਏ ਤਾਂ ਅਗੋਂ ਵੀ ਪ੍ਰਵੇਸ਼ ਕਰਦੇ ਚਲੇ ਜਾਣਗੇ। ਸੋ ਇਸ ਮਸਲੇ ਬਾਬਤ ਡੂੰਘੀ ਭਰਵੀਂ ਖੋਜ ਹੋਣੀ ਚਾਹੀਦੀ ਹੈ। ਕੋਈ ਆਦਮੀ ਨਹੀਂ ਕਹਿ ਸਕਦਾ ਕਿ ਸਭ ਕਾਰਨ ਉਹ ਪਹਿਲਾਂ ਹੀ ਲੱਭੀ ਬੈਠਾ ਹੈ।

ਇਧਰ ਧਿਆਨ ਦਵਾਉਣ ਵਾਸਤੇ ਇਸ ਮਸਲੇ ਬਾਬਤ ਅਸੀਂ ਆਪਣੀ ਰਾਏ ਪੇਸ਼ ਕਰਦੇ ਹਾਂ। ਸਾਡਾ ਵਿਚਾਰ ਹੈ ਕਿ ਇਸ ਦਾ ਬੁਨਿਆਦੀ ਕਾਰਨ ਹੈ—**ਸਾਡੀ ਕਲਚਰ, ਬ੍ਰਾਹਮਣੀ ਜਾਤਪਾਤੀ ਕਲਚਰ, ਉਸ 'ਤੇ ਆਧਾਰਤ ਸਾਡੀ ਦਿਮਾਗੀ ਕਲਚਰ, ਇਤਿਹਾਸਕ ਤੌਰ 'ਤੇ ਬਣੀ ਸਾਡੀ ਦਿਮਾਗੀ ਜ਼ਹਿਨੀਅਤ। ਅਜ ਦੇ ਪ੍ਰਸੰਗ ਵਿਚ ਸਾਡੀ ਕਲੋਨੀਅਲ ਜ਼ਹਿਨੀਅਤ।** ਸਾਡੀ ਕਲਚਰ ਵਿਚ ਜਾਤਪਾਤੀ ਜ਼ਹਿਨੀਅਤ ਧੁਰ ਤੱਕ ਗਈ ਹੋਈ ਹੈ। ਕੋਈ ਮਜ਼ਬ ਬਦਲ ਵੀ ਲਵੇ, ਹਿੰਦੂ ਨਾ ਰਹੇ, ਮੁਸਲਮਾਨ ਹੋ ਜਾਵੇ, ਈਸਾਈ ਬਣ ਜਾਵੇ...ਇਹ ਪਿੱਛਾ ਨਹੀਂ ਛਡਦੀ; ਨਾਲ ਹੀ ਜਾਂਦੀ ਹੈ। ਇਹ ਐਨੀ ਚੀੜ੍ਹੀ ਹੈ ਕਿ ਬਹੁਤ ਸਾਰੇ ਮਾਰਕਸਵਾਦੀ ਵੀ ਇਸ ਜ਼ਹਿਨੀਅਤ ਤੋਂ ਪਾਕ ਨਹੀਂ ਹੋ ਸਕੇ। ਇਸ ਕਲਚਰ ਦਾ ਦਿਮਾਗੀ ਖੇਤਰ ਦੇ ਅਮਲ ਵਿਚ ਮੂਲ ਕੀ ਹੈ ? ਇਸ ਦਾ ਮੂਲ ਹੈ ਰਵਾਇਤ ਦੀ ਅਥਾਹ ਤਾਕਤ। ਹਰ ਫਿਊਡਲ ਨਿਜ਼ਾਮ ਵਿਚ ਰਵਾਇਤ ਬੜੀ ਤਾਕਤ



ਹੁੰਦੀ ਹੈ। ਪਰ ਜੋ ਤਾਕਤ ਇਸ ਕਲਚਰ ਦੀ ਰਵਾਇਤ ਵਿਚ ਹੈ ਉਹ ਆਪਣੀ ਮਿਸਾਲ ਆਪ ਹੀ ਹੈ। ਅਥਾਰਿਟੀ (ਹਾਕਮ) ਦੀ ਓਟ, ਉਸ ਦੀ ਸ਼ਰਨ ਲੈਣਾ, ਉਸ ਦੇ ਪੇਟੇ ਪੈਣਾ, ਅਤੇ ਉਹ ਵੀ ਅੰਨ੍ਹੇ ਵਾਹ—ਇਸ ਕਲਚਰ ਦੀ ਬਣਾਈ ਦਿਮਾਗੀ ਬਣਤਰ ਦੀ ਜਿੰਦ ਜਾਨ ਹੈ। ਵੇਦਾਂ ਸ਼ਾਸਤਰਾਂ ਅੱਗੇ ਅਧੀਨਗੀ, ਬਗੈਰ ਉਹਨਾਂ ਨੂੰ ਪੜ੍ਹਿਆਂ, ਸਮਝਿਆ, ਸਮਕਾਲੀ ਪ੍ਰਸੰਗ ਵਿਚ ਬਗੈਰ ਉਹਨਾਂ ਦੀ ਵਿਆਖਿਆ ਕਰਕੇ ਵੇਖਿਆਂ ਕਿ ਪੇਸ਼ ਸਥਿਤੀ ਵਿਚ ਉਹ ਨਿਜ਼ਾਤ ਦਾ ਰਾਹ ਦਿਖਾਉਂਦੇ ਹਨ ਕਿ ਨਹੀਂ, ਬਗੈਰ ਉਹਨਾਂ ਦੀ ਕਿਸੇ ਕਿਸਮ ਦੀ ਆਲੋਚਨਾ ਕੀਤਿਆਂ।

ਇਸ ਬਣੀ ਬਣਤਰ ਦਾ ਨਤੀਜਾ ਕੀ ਹੈ ? ਆਪਣੀਆਂ ਅੱਖਾਂ ਨਾਲ ਵੇਖਣ, ਆਪਣੇ ਪੈਰਾਂ ਸਿਰ ਖੜ੍ਹਣ ਦੀ ਅਸਮਰੱਥਾ। ਏਧਰੋਂ ਮੂੰਹ ਮੋੜੀਂ ਰਖਣ ਦੀ, ਅਚੇਤ ਤਕ ਬਣੀ ਹੋਈ ਆਦਤ। ਲਕੀਰ ਦੇ ਫਕੀਰ ਹੋਣ ਨੂੰ ਬਣਾਈ ਰਖਣਾ ਆਪਣਾ ਧਰਮ ਕਰਮ। ਕਾਬਜ਼ ਤੇ ਕਾਮਯਾਬ ਦਾ ਉਚਾ ਦਰਜਾ, ਉਸ ਦਾ ਦਬ ਦਬਾਅ ਰੱਬ ਵਰਗਾ। ਉਸ ਨੂੰ ਸਤ ਸਲਾਮਾਂ। ਬਣੀ ਬਣਾਈ ਅਥਾਰਿਟੀ ਦੀ ਝਾਕ, ਉਸ ਦੀ ਭਾਲ ਤੇ ਜਦੋਂ ਵੇਖਣ ਨੂੰ ਕੋਈ ਬਣ ਜਾਵੇ, ਤਾਂ ਅੰਨ੍ਹੇਵਾਹ ਉਸ ਦੀ ਅਧੀਨਗੀ। ਇਹ ਸਾਡੀ ਦਿਮਾਗੀ ਬਣਤਰ ਦਾ ਜਿਵੇਂ ਖਾਸਾ ਹੀ ਬਣ ਚੁਕਾ ਹੈ।

ਨਿਜ਼ਾਮ ਦੇ ਬਦਲਣ ਨਾਲ ਅਥਾਰਿਟੀ ਤਾਂ ਬਦਲ ਗਈ ਹੈ। ਪਰ ਅਥਾਰਿਟੀ ਨੂੰ ਸਿਰ 'ਤੇ ਰਖੀ ਰਖਣ ਦੀ ਸਾਡੀ ਜ਼ਹਿਨੀਅਤ, ਜ਼ਿਹਨੀ ਤੌਰ 'ਤੇ ਉਸ ਨੂੰ ਰੱਬ ਬਣਾਉਣ ਦੀ, ਆਪਣੀਆਂ ਅੱਖਾਂ ਨਾਲ ਨਾ ਵੇਖਣ ਦੀ, ਆਪਣੇ ਪੈਰਾਂ ਸਿਰ ਨਾ ਖੜ੍ਹੋਣ ਦੀ, ਸਾਡੀ ਖ਼ਾਸੀਅਤ ਜੂੰ ਕੀ ਤੂੰ ਕਾਇਮ ਹੈ। ਸਾਡੀ ਕਲਚਰ ਦੀ ਬਣਾਈ ਸਾਡੀ ਜ਼ਿਹਨੀ ਬਣਤਰ ਅਜ ਹੈ ਕਲੋਨੀਅਲ। ਸਾਡਾ ਬੁਰਜੁਆ ਪੈਂਤੜਾ ਪਛਮੀ ਟੈਕਨਾਲੋਜੀ 'ਤੇ ਹੀ ਨਹੀਂ, ਪਛਮੀ ਕੰਮ ਕਰਨ/ਕਰਾਉਣ ਦੇ ਤਰੀਕਿਆਂ, 'ਤੇ, ਪਛਮੀ ਮਾਹਿਰਾਂ 'ਤੇ, ਹਰ ਪਛਮੀ ਚੀਜ਼ 'ਤੇ ਮਰਦਾ ਹੈ। ਸਾਡੇ ਬੁਰਜੁਆ ਪੈਂਤੜੇ ਵਾਲਿਆਂ ਵਾਸਤੇ

> **"ਸਾਡੇ ਦੇਸ਼ ਦੀ ਸਥਿਤੀ ਨਵੇਂ ਬੁਰਜੁਆ ਜਮਹੂਰੀ ਇਨਕਲਾਬ ਨੂੰ ਰਾਹ ਦੇਂਦੀ ਹੈ ਅਤੇ ਉਸ ਰਾਹੇ ਪਰੋਲਤਾਰੀ ਦਾ ਪੈਂਤੜਾ ਹੀ ਪੈ ਸਕਦਾ ਹੈ।"**

ਰੱਬੋਂ ਉਰੇ ਸਭ ਕੁਝ ਪੱਛਮ ਹੀ ਪੱਛਮ ਹੈ। ਬੁਰਜੁਆ ਪੈਂਤੜੇ ਦੇ ਸਾਡੇ ਬੁਧੀਮਾਨ ਪੁਜ ਕੇ ਕਲੋਨੀਅਲ ਜ਼ਹਿਨੀਅਤ ਦੇ ਸ਼ਿਕਾਰ ਹਨ। ਸਾਡੀ ਸਥਿਤੀ ਪਛਮੀ ਮੁਲਕਾਂ ਦੀ 'ਕਾਪੀ' ਨਹੀਂ, ਪਰ ਬੁਰਜੁਆ ਪੈਂਤੜੇ ਵਾਲੇ, ਹਰ ਮਜ਼ਮੂਨ ਦੇ ਸਾਡੇ ਮਾਹਿਰ ਆਪਣੇ ਸੰਕਲਪੀ ਸੰਦ ਵੀ ਪੱਛਮ ਤੋਂ ਹੀ ਲੈਂਦੇ ਹਨ। ਸਾਡੀ ਸਥਿਤੀ ਦੇ ਵਿਸ਼ਲੇਸ਼ਨ ਵਾਸਤੇ, ਉਸ ਨੂੰ ਸਹੀ ਸਮਝਣ ਵਾਸਤੇ ਉਹ ਭਾਵੇਂ ਸੂਤ ਆਉਣ ਤੇ ਭਾਵੇਂ ਨਾ !! ਸਾਡੀ ਸਥਿਤੀ ਨਿਉਕਲੋਨੀਅਲ ਹੈ, ਇਸ ਵਾਸਤੇ ਬੁਰਜੁਆ ਪੈਂਤੜੇ ਵਾਲਿਆਂ ਦੀ ਕਲੋਨੀਅਲ ਜ਼ਹਿਨੀਅਤ ਕਿਸੇ ਹੱਦ ਤਕ ਸਮਝੀ ਜਾ ਸਕਦੀ ਹੈ।

ਬੁਰਜੁਆ ਪੈਂਤੜੇ ਵਾਲਿਆਂ ਨੂੰ ਤਾਂ ਭਲਾ ਛੱਡਿਆ। ਪੁਆੜਾ ਇਹ ਹੈ ਕਿ ਸਾਡਾ ਪਰੋਲਤਾਰੀ ਦਾ ਪੈਂਤੜਾ ਵੀ ਕਲੋਨੀਅਲ ਜ਼ਹਿਨੀਅਤ ਦਾ ਹੀ ਸ਼ਿਕਾਰ ਰਿਹਾ ਹੈ। ਫਰਕ ਸਿਰਫ਼ ਏਨਾ ਹੀ ਪਿਆ ਕਿ ਇਸ ਪੈਂਤੜੇ ਵਾਲਿਆਂ ਪੱਛਮ ਦੀ ਥਾਂ ਆਪਣੇ ਸਿਰ ਦਾ ਸਾਈਂ ਰੂਸੀ ਪਾਰਟੀ ਨੂੰ, ਬਾਲਸ਼ਵਿਕਾਂ ਨੂੰ ਬਣਾ ਲਿਆ; (ਬੁਰਜੁਆ ਪੈਂਤੜੇ ਤਾਂ ਨਿਉਕਲੋਨੀਅਲ ਸਟੇਜ 'ਤੇ ਹੀ ਰਹਿਣਾ ਹੈ। ਉਹ ਤਾਂ ਉਸ ਤੋਂ ਅੱਗੇ ਜਾ ਹੀ ਨਹੀਂ ਸਕਦਾ। ਬੁਰਜੁਆ ਪੈਂਤੜੇ ਵਾਲੇ ਬੁਧੀਮਾਨਾਂ ਦਾ ਤਾਂ ਕਲੋਨੀਅਲ ਜ਼ਹਿਨੀਅਤ ਨਾਲ ਮਾੜਾ ਚੰਗਾ ਜਿਵੇਂ ਹੁਣ ਸਰਦਾ ਜਾ ਰਿਹਾ ਹੈ, ਸ਼ਾਇਦ ਸਰਦਾ ਹੀ

ਜਾਵੇ। ਉਹਨਾਂ ਨੂੰ ਆਪਣੇ ਪੈਰਾਂ ਸਿਰ ਖੜੇ ਹੋਣ ਦੀ ਮਜਬੂਰੀ ਤਾਂ ਹੀ ਹੁੰਦੀ ਜੇ ਬੁਰਜੂਆ ਪੈਂਤੜਾ ਸਾਮਰਾਜ ਤੋਂ ਆਜ਼ਾਦ, ਮੁਲਕ ਦੀ ਭਰਵੀਂ ਸਨਅਤੀ ਉਸਾਰੀ ਕਰਨ ਦੇ ਯੋਗ ਹੁੰਦਾ, ਜੋ ਕਿ ਨਹੀਂ ਹੈ। ਦੌਰ ਢਹਿ ਰਹੀ ਸਰਮਾਏਦਾਰੀ ਦਾ ਹੈ। ਸਟੇਜ ਸਾਡੀ ਨਿਓਕਲੋਨੀਅਲ ਹੈ, ਕੰਮ ਦਾ ਸਦਾਚਾਰ (work ethics) ਵੀ ਬਰਕਰਾਰ ਨਹੀਂ। ਅਕਾਦਮਿਕ ਕਦਰਾਂ-ਕੀਮਤਾਂ ਵਿਚ ਜਾਨ ਕਿੰਨੀ ਕੁ ਹੋ ਸਕਦੀ ਹੈ ? ਬੰਦੇ ਦੀ ਆਜ਼ਾਦੀ ਦੀਆਂ, ਸੱਚ ਦੀਆਂ ਕਦਰਾਂ-ਕੀਮਤਾਂ ਦਾ ਤਾਂ ਸੁਪਨਾ ਲੈਣਾ ਵੀ ਅਸੰਭਵ ਹੈ। ਜੀਵਨ ਦਾ ਆਧਾਰ ਪੈਸੇ ਪਦਵੀ ਵਾਸਤੇ ਮਾਰੋ ਮਾਰ ਤੇ ਖਾਹ ਹੰਢਾਈ ਦੀ ਲਾਲਸਾ ਦਾ ਹੜ੍ਹ ਹੈ) ਸਾਡੇ ਪਰੋਲਤਾਰੀ ਦੇ ਪੈਂਤੜੇ ਵਾਲਿਆਂ ਮਾਰਕਸਵਾਦ ਦੇ ਇਨਕਲਾਬ ਦੇ ਅਸਲੇ ਨੂੰ ਸਮਝਿਆ ਹੀ ਨਹੀਂ। ਹਰ ਸਮਾਜ ਦੀ ਸਥਿਤੀ ਆਪੋ ਆਪਣੀ; ਨਿਵੇਕਲੀ ਨੁਹਾਰ। ਵੱਖ ਵੱਖ ਸਮਾਜਾਂ ਦੀ ਉਸਾਰੀ ਦੀ ਸਟੇਜ, ਵੱਖਰੋ ਵੱਖਰੀ। ਇਤਿਹਾਸ ਆਪੋ ਆਪਣਾ, ਕਲਚਰ ਦੀ, ਇਤਿਹਾਸਕ ਤੌਰ 'ਤੇ ਉੱਸਰੇ ਮਨੁਖੀ ਆਚਰਨ ਦੀ ਰਗ ਵਿਲੱਖਣ ! ਹਰਦਮ ਬਦਲਦੀ ਜ਼ਿੰਦਗੀ ! ਕੋਈ ਇਨਕਲਾਬ ਕਿਸੇ ਹੋਰ ਇਨਕਲਾਬ ਦੀ ਨਕਲ ਨਹੀਂ ਹੋ ਸਕਦਾ। ਮਾਰਕਸਵਾਦ ਕੋਈ ਧੁਰ ਦੀ ਬਾਣੀ ਨਹੀਂ ਜੋ ਸਦਾ ਅਟੱਲ ਹੈ ਤੇ ਹਰ ਇਕ ਥਾਂ ਇਕੋ ਹੀ ਹੈ। ਮਾਰਕਸਵਾਦ ਮਾਰਕਸਵਾਦ ਹੀ ਤਾਂ ਰਹਿੰਦਾ ਹੈ, ਜੀਊਂਦਾ ਹੀ ਤਾਂ ਰਹਿ ਸਕਦਾ ਹੈ ਜੇ ਉਹ ਸਮਾਜਕ ਸਥਿਤੀ ਉਤੇ ਲਾਗੂ ਹੁੰਦਾ ਰਵ੍ਹੇ, ਹੁੰਦਾ ਜਾਵੇ। ਇਨਕਲਾਬ ਬੁਰਜੂਆ ਪੈਂਤੜੇ ਦੀਆਂ ਰਵਾਇਤਾਂ ਨੂੰ ਹੀ ਜੜ੍ਹੋਂ ਪੁਟ ਪੁਟ, ਉਲੱਟ ਉਲੱਟ ਨਹੀਂ ਮਾਰਦਾ, ਇਸ ਦੀ ਜਿੰਦ-ਜਾਨ ਹੀ ਇਹ ਹੈ ਕਿ ਇਹ ਆਇਆਂ ਇਨਕਲਾਬਾਂ ਦੀਆਂ ਰਵਾਇਤਾਂ ਨੂੰ ਵੀ ਭੰਨਦਾ ਹੈ। ਆਪਣਾ ਰਾਹ ਆਪ ਸਿਰਜਦਾ ਹੈ। ਜੇ ਇਹ ਆਇਆਂ ਇਨਕਲਾਬਾਂ ਦੀਆਂ ਰਵਾਇਤਾਂ ਨੂੰ ਨਾ ਭੰਨੇ ਤਾਂ ਇਹ ਮਾਰਕਸਵਾਦ ਨਹੀਂ ਰਹਿ ਸਕਦਾ।

**ਸਾਨੂੰ ਸਾਡੀ ਜਾਤ-ਪਾਤੀ ਕਲਚਰ, ਇਤਿਹਾਸਕ ਤੌਰ 'ਤੇ ਬਣੀ ਸਾਡੀ ਦਿਮਾਗੀ ਜ਼ਹਿਨੀਅਤ, ਕਲੋਨੀਅਲ ਜ਼ਹਿਨੀਅਤ ਲੈ ਡੁਬੀ ਹੈ।**

ਮਿਸਾਲ ਲਿਆਂ ਗੱਲ ਸਾਫ਼ ਹੋ ਜਾਵੇਗੀ। ਜੇ ਚੀਨ ਦਾ ਮਾਰਕਸਵਾਦ ਬਾਲਸ਼ਵਿਕਾਂ ਦਾ ਨਿਰਾ ਸ਼ਾਗਿਰਦ ਹੀ ਰਹਿੰਦਾ, ਇਸ ਗੱਲ 'ਤੇ ਹੀ ਬੈਠਾ ਰਹਿੰਦਾ ਕਿ ਸਮਾਜਵਾਦੀ ਇਨਕਲਾਬ ਪਰੋਲਤਾਰੀ ਹੀ ਲਿਆ ਸਕਦੀ ਹੈ, ਇਹ ਸ਼ਹਿਰਾਂ ਤੋਂ ਹੋ ਕੇ ਹੀ ਪਿੰਡਾਂ ਵਲ ਜਾ ਸਕਦਾ ਹੈ, ਅਤੇ ਸਮਾਜਵਾਦੀ ਇਨਕਲਾਬ ਵਾਸਤੇ ਕਿਸਾਨੀ ਤਬਕੇ ਉਤੇ ਇਤਬਾਰ ਕੀਤਾ ਹੀ ਨਹੀਂ ਜਾ ਸਕਦਾ, ਤਾਂ ਚੀਨ ਵਿਚ ਇਨਕਲਾਬ ਕਦੇ ਆ ਹੀ ਨਾ ਸਕਦਾ। ਮਾਓ ਦੀ ਅਗਵਾਈ ਹੇਠ ਚੀਨ ਦੀ ਪਾਰਟੀ ਦੀ, ਚੀਨ ਦੇ ਮਾਰਕਸਵਾਦ ਦੀ ਜ਼ਹਿਨੀਅਤ ਚੂੰਕਿ ਕਲੋਨੀਅਲ ਨਹੀਂ ਸੀ, ਸ਼ਾਗਿਰਦ ਨੇ ਉਸਤਾਦ ਦਾ ਛੱਪਾ ਲਾਹ ਕੇ ਆਪਣਾ ਰਾਹ ਆਪ ਉਲੀਕਿਆ। ਉਸਨੇ ਆਪਣੇ ਸਮਾਜ ਦੀ ਸਥਿਤੀ ਸਮਝੀ,ਮਾਰਕਸਵਾਦ ਨੂੰ ਚੀਨੀ ਬਣਾ ਕੇ ਆਪਣਾ ਇਨਕਲਾਬ ਲੈ ਆਂਦਾ। ਰੂਸੀ ਪਾਰਟੀ ਦੀਆਂ ਸਪਸ਼ਟ ਦਿੱਤੀਆਂ ਹਿਦਾਇਤਾਂ ਦੇ ਵਿਰੁਧ ਗਿਣ ਮਿਥ ਕੇ,ਡੱਟ ਕੇ ਬਗਾਵਤ ਕੀਤੀ।[1] ਉਸ ਠੀਕ ਕੀਤਾ। ਬਾਲਸ਼ਿਵਿਜ਼ਮ ਦਾ ਕਿਰੀਟੀਕ ਪੇਸ਼ ਕੀਤਾ, ਜਿਸ ਨੇ ਹੁੰਦੇ ਹੁੰਦੇ ਕਲਚਰਲ ਇਨਕਲਾਬ ਦੀ ਸ਼ਕਲ ਅਖਤਿਆਰ ਕੀਤੀ।

ਆਏ ਇਨਕਲਾਬਾਂ ਦੇ ਕੁਰਾਹੇ ਪੈ ਜਾਣ ਨਾਲ ਸਮਾਜਵਾਦ ਪਿੱਛੇ ਤਾਂ ਪਿਆ ਹੈ; ਸੰਸਾਰ ਦੀ ਮਾਰਕਸਵਾਦੀ ਲਹਿਰ ਨੂੰ ਧੱਕਾ ਵੀ ਬਹੁਤ ਲੱਗਾ ਹੈ, ਪਰ ਕਿਹੜੀ ਡਾਇਲੈਕਟਿਕ ਦੇ ਕਿਹੜੇ



ਕਾਨੂੰਨ ਨੇ ਦਸਿਆ ਸੀ ਕਿ ਇਨਕਲਾਬ ਤੋਂ ਮਗਰੋਂ ਮੱਕੇ ਨੂੰ ਰਾਹ ਸਾਫ਼ ਹੀ ਸਾਫ਼ ਮਿਲੇਗਾ? ਨਿਜ਼ਾਮਾਂ ਦੀ ਤਬਦੀਲੀ ਵਿਚ ਬੇਅੰਤ ਉਤਰਾ ਚੜ੍ਹਾਅ ਆਉਂਦੇ ਨੇ। ਬੇਅੰਤ ਵਾਰ ਹੇਠਲੇ ਉਤੇ ਤੇ ਉਤਲੇ ਹੇਠਾਂ ਹੁੰਦੇ ਨੇ। ਤੇ ਹੋਰ ਬਥੇਰੀ ਵਾਰ ਹੋਣਗੇ। ਇਹ ਕੋਈ ਜਗੋਂ-ਬਾਹਰੀ ਗੱਲ ਨਹੀਂ ਹੋਈ। 'ਦੁਬਿੱਧਾ ਤੇ ਨਿਰਾਸ਼ਾ ਦਾ ਇਹ ਵਾਤਾਵਰਣ' ਕਿਉਂ ? ਆਏ ਇਨਕਲਾਬਾਂ ਦੇ ਕੁਰਾਹੇ ਪੈ ਜਾਣ ਨਾਲ ਮਾਰਕਸਵਾਦ ਤਾਂ ਨਹੀਂ ਮਰ ਗਿਆ।

ਜੇ ਤਾਂ ਮਾਮਲੇ ਪੈਣ ਤਾਂ ਨੱਸ ਜਾਏ, ਇਸ਼ਕ ਜਾਲਣਾ ਖੱਰਾ ਦੁਹੇਲੜਾ ਈ। —ਵਾਰਿਸ ਸ਼ਾਹ

ਪਰੋਲਤਾਰੀ ਦੇ ਪੈਂਤੜੇ ਦੇ ਸਾਡੇ ਬੁਧੀਮਾਨਾਂ ਦੀ 'ਹੁਣ ਜੇਕਰ ਉਹ ਬੋਲਣ ਵੀ ਤਾਂ ਕੀ ਬੋਲਣ' ਵਾਲੀ ਹਾਲਤ ਇਸ ਵਾਸਤੇ ਹੈ ਕਿ ਇਹ ਕਲੋਨੀਅਲ ਜ਼ਹਿਨੀਅਤ ਤੋਂ ਆਪਣਾ ਪਿੱਛਾ ਨਹੀਂ ਛੁੜਾ ਸਕੇ। ਆਪਣੇ ਪੈਰਾਂ ਸਿਰ ਇਹ ਪਹਿਲਾਂ ਵੀ ਨਹੀਂ ਸਨ। ਮੰਗ ਪਿੰਨ ਕੇ ਹੀ ਇਹ ਮਾਰਕਸਵਾਦੀ ਬੁਧੀਮਾਨ ਬਣੇ ਹੋਏ ਸਨ। ਪਿਛੋਂ, ਮਾਂਕਿਉਂ ਆਇਆ ਹੀ ਅਗੇ ਵਰਤਾਈ ਜਾਂਦੇ ਸਨ। ਆਪਣਾ ਮਾਰਕਸਵਾਦ ਇਹਨਾਂ ਦੇ ਪੱਲੇ ਕਦੀ ਵੀ ਨਹੀਂ ਸੀ। ਹੁਣ ਜਦੋਂ ਸਾਰੇ ਜੱਗ 'ਤੇ ਹੀ ਨਸ਼ਰ ਹੋ ਗਿਆ ਕਿ ਮੱਕੇ ਵਾਲੇ ਹੀ ਮੋਮਨ ਨਹੀਂ ਰਹੇ, ਅਤੇ ਬੜੇ ਚਿਰਾਂ ਤੋਂ ਉਹ ਆਪਣਾ ਰੰਗ ਵਟਾ ਚੁਕੇ ਹਨ ਤਾਂ ਇਹਨਾਂ ਦੇ ਪੈਰਾਂ ਥੱਲਿਉਂ ਜ਼ਮੀਨ ਨਿਕਲਣੀ ਹੀ ਸੀ, ਨਿਕਲ ਗਈ। ਇਹਨਾਂ ਦੇ ਗਿਆਨ ਤੇ ਈਮਾਨ ਦੋਹਾਂ ਦਾ ਸੋਮਾਂ ਸੁਕ ਗਿਆ। ਮੁਰਦੇ ਹਾਣ ਇਹਨਾਂ 'ਤੇ ਛਾ ਹੀ ਜਾਣੀ ਸੀ। ਜੇ ਇਹਨਾਂ ਆਪਣੇ ਇਤਿਹਾਸ ਨੂੰ, ਆਪਣੀ ਕਲਚਰ ਨੂੰ, ਆਪਣੀ ਵਸੋਂ ਦੀ ਮਨੁਖੀ ਬਣਤਰ ਨੂੰ, ਆਪਣੇ ਸਮਾਜ ਦੀ ਜਮਾਤੀ ਅਸਲੀਅਤ ਨੂੰ ਸਮਝਿਆ ਹੁੰਦਾ, ਉਸ 'ਤੇ ਮਾਰਕਸਵਾਦੀ ਤਰੀਕਾ ਲਾਗੂ ਕਰ ਕੇ ਆਪਣਾ ਮਾਰਕਸਵਾਦ ਆਪ ਉਸਾਰਿਆ ਹੁੰਦਾ, ਆਪਣੇ ਇਨਕਲਾਬ ਦਾ ਰਾਹ ਕਦਰੇ ਸਾਫ਼ ਕੀਤਾ ਹੁੰਦਾ, ਤਾਂ ਅਜ ਇਹ ਆਪਣੇ ਆਪ ਨੂੰ ਅੰਦਰੋਂ ਬਾਹਰੋਂ ਖਾਲੀ ਤੇ ਖੋਖਲੇ ਮਹਿਸੂਸ ਨਾ ਕਰਦੇ। ਮਾਓ ਤੇ ਉਸ ਦੇ ਨਾਲਦਿਆਂ ਵਾਂਗ ਕੁਰਾਹੇ ਪਏ ਇਨਕਲਾਬਾਂ ਦਾ ਕਿਰੀਟੀਕ ਪੇਸ਼ ਕਰਦੇ, ਤੇ ਆਪਣਾ ਮਾਰਕਸਵਾਦ ਆਪ ਉਸਾਰਦੇ। ਇਹਨਾਂ ਕੋਲ ਕਹਿਣ ਨੂੰ ਮਗਰਿਆਂ ਦੇ ਮਗਰੇ ਹੁੰਦਾ।

**"ਸਾਡੇ ਪਰੋਲਤਾਰੀ ਪੈਂਤੜੇ ਵਾਲਿਆਂ ਆਪਣੇ ਸਿਰ ਦਾ ਸਾਈਂ ਰੂਸੀ ਪਾਰਟੀ ਨੂੰ, ਬਾਲਸ਼ਿਵਿਕਾਂ ਨੂੰ ਬਣਾ ਲਿਆ।"**

ਸਮਾਜਕ ਅਸਲੀਅਤ ਸਾਹਮਣੇ ਹੈ। ਉਹ ਵਾਜਾਂ ਮਾਰ ਰਹੀ ਹੈ। ਪਰੋਲਤਾਰੀ ਦੇ ਪੈਂਤੜੇ ਨੂੰ ਕਲੋਨੀਅਲ ਜ਼ਹਿਨੀਅਤ ਕਦੇ ਪੁੱਗ ਹੀ ਨਹੀਂ ਸਕਦੀ। ਉਹ ਉਸ ਦਾ ਸੱਤਿਆਨਾਸ ਹੀ ਕਰ ਸਕਦੀ ਹੈ। [ਘਰ ਦੀ ਮਿਸਾਲ ਭਾਵੇਂ ਸਾਧਾਰਣ ਜਿਹੀ ਹੈ ਪਰ ਨੁਕਤਾ ਸਪਸ਼ਟ ਕਰਦੀ ਹੈ। ਪੰਜਾਬੀ ਸਾਹਿਤ ਦੀ ਆਲੋਚਨਾ ਕਰਨ ਵਾਲੇ ਕਿਉਂ ਨਾ ਝੇਂਪ ਗਏ ? ਨਜਮ ਹੁਸੈਨ ਸੱਯਦ ਤੇ ਕਿਸ਼ਨ ਸਿੰਘ ਦਾ ਕੀਤਾ ਕੰਮ। —ਸੰਪਾਦਕ]

---

ਅਜ ਦੇ ਪਦਾਰਥਕ ਹਾਲਾਤ, ਅਜ ਦੇ ਸੰਸਾਰ ਦੀ ਡਾਇਲੈਕਟਿਕ ਬੰਦੇ ਦੀ ਆਜ਼ਾਦੀ ਨੂੰ,ਸਰਬਤ ਦੀ ਆਜ਼ਾਦੀ ਨੂੰ ਰਾਹ ਦੇਂਦੀ ਹੈ। ਬਾਹਰਲੇ ਕਾਰਨ ਵੀ ਅਸਰ ਕਰਦੇ ਹਨ ਅਤੇ ਉਹਨਾਂ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਪਰ ਫ਼ੈਸਲਾਕੁਨ ਅੰਦਰਲੇ ਕਾਰਨ ਹੀ ਹੁੰਦੇ ਹਨ। ਹਾਲਾਤ ਦੇ ਪ੍ਰਸੰਗ ਵਿਚ ਬੰਦਾ ਅੰਤ ਕਰਤਾ ਹੈ। ਬੰਦਾ ਗਾਈਂ ਦਾ ਗੋਹਾ ਨਹੀਂ ਕਿ ਬਾਹਰਲੇ

ਕਾਰਨ ਉਸ ਦੀ ਜ਼ਿੰਦਗੀ ਦੀਆਂ ਪਾਥੀਆਂ ਜਿਸ ਤਰ੍ਹਾਂ ਮਰਜ਼ੀ ਹੋਵੇ, ਪੱਥ ਦੇਣ । ਜੇ ਹਾਲਾਤ ਬੰਦੇ ਨੂੰ ਸਿਰਜਦੇ ਹਨ ਤਾਂ ਮੁੜਦੀਂ ਪੈਰੀਂ ਉਹ ਵੀ ਹਾਲਾਤ ਨੂੰ ਬਦਲਦਾ ਹੈ ।[2] ਬੁਧੀਮਾਨ ਦੀ ਜਿੰਦ-ਜਾਨ ਹੀ ਸਮਾਜਕ ਮਨੁਖੀ ਅਮਲ ਨੂੰ ਜਨਰਲਾਈਜ਼ ਕਰਨਾ, ਉਸ ਦੀ ਅਗਵਾਈ ਵਾਸਤੇ ਸਿਧਾਂਤ ਪੇਸ਼ ਕਰਨਾ ਹੈ । ਜੇ ਉਹ ਇਸ ਦੇ ਯੋਗ ਨਹੀਂ ਹੋ ਰਿਹਾ ਤਾਂ ਉਹ ਆਪਣੀ ਹਸਤੀ ਹੋਂਦ ਹੀ ਨੇਸਤੋ ਨਾਬੂਦ ਕਰ ਰਿਹਾ ਹੈ ।

---

1. Even before the dissolution of the Third International we did not obey the orders of the Third International. At the Tsunyi Conference (1935) we didn't obey, and afterwards for a period of ten years, including the Rectification campaign and down to the Seventh Congress, when we finally adopted a resolution (resolution on certain questions in the history of our Party), and corrected 'leftism', we didn't obey them at all. Those dogmatists failed utterly to study China's peculiarities. Mao.

Stalin wanted to prevent China from making revolution, saying that we should not have a civil war, and should cooperate with Chiang Kai-Shek, otherwise the Chinese nation would perish. But we didn't do what he said. The revolution was victorious. After the victory of the revolution he next suspected China of being Yugoslavia and that I would become a second Tito. Later when I went to sign the Sino-Soviet Treaty of Alliance and Mutual Assistance, we had to go through another struggle. He was not willing to sign a treaty. After two months of negotiations he at last signed. When did Stalin begin to have confidence in us? It was at the time of the Resist America, Aid Korea campaign, from the winter of 1950. Mao.

2. The materialistic doctrine that men are products of circumstances and upbringing, and that therefore changed men are the product of other circumstances and changed upbringing, forgets that it is men who change circumstances and that the educator must himself be educated...The coincidence of the changing of circumstances and human activity can be conceived and rationally understood only as revolutionizing practice. Marx.

---

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ । ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।



# "ਅੱਜ ਦੀ ਪੰਜਾਬੀ ਆਲੋਚਨਾ"

[ਇਸ ਸਿਰਲੇਖ ਹੇਠ ਡਾ: ਗੁਰਬਖ਼ਸ਼ ਸਿੰਘ ਫਰੈਂਕ ਨੇ **ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ** ਦੇ ਸਿਲਵਰ ਜੁਬਲੀ ਸਮਾਰੋਹ ਵੇਲੇ ਆਪਣਾ ਪੇਪਰ ਪੇਸ਼ ਕੀਤਾ । ਇਹ ਛਪਿਆ ਪੇਪਰ ਅਕਾਡਮੀ ਕੋਲੋਂ ਪ੍ਰਾਪਤ ਕੀਤਾ ਜਾ ਸਕਦਾ ਹੈ । ਡਾ: ਫ਼ਰੈਂਕ ਨੇ, ਜਾਪਦਾ ਹੈ, ਇਸ ਪੇਪਰ ਰਾਹੀਂ, ਆਪਣਾ ਮਾਰਕਸਵਾਦੀ ਪਿੱਛਾ ਢੱਕਣ ਦੀ ਕੋਸ਼ਸ਼ ਕੀਤੀ ਹੈ । ਕਿਵੇਂ ? ਤੇ ਕਿਸ ਕੁਚੱਜੇ ਢੰਗ ਨਾਲ ? ਆਓ ਵੇਖੀਏ । ਪਰੋਲਤਾਰੀ ਦੇ ਪੈਂਤੜੇ ਨੂੰ ਮਲੀਆਮੇਟ ਕਰਨ ਦੇ ਜਿਸ ਰਾਹ ਉਹ ਪਏ ਹਨ, ਉਸ ਬਾਰੇ ਅਗਲੇ ਅੰਕ ਵਿਚ ਦਸਿਆ ਜਾਵੇਗਾ । —ਸੰਪਾਦਕ]

**ਡਾਕਟਰ ਫ਼ਰੈਂਕ** ਨੇ ਆਪਣੇ ਪੇਪਰ ਵਿਚ ਪੰਜਾਬੀ ਸਾਹਿਤ ਦੀ ਹੋਈ ਮਾਰਕਸਵਾਦੀ ਆਲੋਚਨਾ ਬਾਰੇ ਗੱਲਾਂ ਤਾਂ ਬਹੁਤ ਕਹੀਆਂ ਹਨ । ਉਸ ਨੂੰ 'ਕਥਿਤ ਮਾਰਕਸਵਾਦੀ ਆਲੋਚਨਾ', 'ਸਾਡੀ ਬੋਧਕ ਫ਼ੈਸ਼ਨ-ਪ੍ਰਸਤੀ' 'ਮਾਰਕਸਵਾਦ ਨੂੰ ਜਾਣਨ ਤੋਂ ਬਿਨਾਂ ਇਸ ਨੂੰ ਵਰਤਣ ਦਾ ਰੁਝਾਣ 'ਤੇ ਹੋਰ ਐਸਾ ਬਹੁਤ ਕੁਛ ਆਖ ਕੇ ਨਿਵਾਜਿਆ ਹੈ । ਹੁਣ ਤਕ ਦੀ ਹੋਈ ਸਭ ਪੰਜਾਬੀ ਆਲੋਚਨਾ ਉਤੇ ਉਹਨਾਂ ਲਾਲ ਲਕੀਰ ਫੇਰ ਦਿੱਤੀ ਹੈ । "ਲੋੜ, ਗੱਲ ਮੁੜ ਮੁਢੋਂ-ਸੁਢੋਂ ਸ਼ੁਰੂ ਕਰਨ ਦੀ ਪ੍ਰਤੀਤ ਹੋ ਰਹੀ ਹੈ", ਉਹਨਾਂ ਨੇ ਫ਼ੁਰਮਾਇਆ ਹੈ ।

**ਡਾਕਟਰ ਫਰੈਂਕ** ਦੀ ਸਫ਼ਾਈ ਇਹ ਹੈ ਕਿ ਉਹ ਆਪਣੀ ਆਖੀ ਇਕ ਗੱਲ ਨੂੰ ਵੀ ਤੱਥਾਂ ਦੇ ਆਧਾਰ 'ਤੇ, ਹੋਈ ਮਾਰਕਸਵਾਦੀ ਆਲੋਚਨਾ ਦਾ ਵਿਸ਼ਲੇਸ਼ਨ ਕਰ ਕੇ ਸਾਬਤ ਕਰਨ ਦੇ ਰਾਹ ਨਹੀਂ ਪਏ । ਪੇਪਰ 'ਤੇ ਹੋਈ ਬਹਿਸ ਦਾ ਜਵਾਬ ਦੇਂਦਿਆਂ ਉਹਨਾਂ ਆਪਣੀ ਇਉਂ ਕੀਤੀ ਨੂੰ ਆਪਣੀ ਸਿਆਣਪ, ਆਪਣੀ ਵਡਿਆਈ ਕਰਾਰ ਦਿੱਤਾ । ਜੇ ਇਉਂ ਕਰਨਾ ਹੀ ਸਿਆਣਪ ਤੇ ਵਡਿਆਈ ਹੈ, ਤੇ ਜੇ ਕਿਸੇ ਮਜ਼ਮੂਨ 'ਤੇ ਪੇਪਰ ਲਿਖਣ ਦਾ ਇਹ ਹੀ ਤਰੀਕਾ ਹੈ ਤਾਂ ਸਾਡੇ ਵਾਸਤੇ ਰਾਹ ਸਾਫ਼ ਹੈ । ਅਸੀਂ ਵੀ ਮੂੰਹ ਭਰ ਕੇ ਕਹਿ ਸਕਦੇ ਹਾਂ ਕਿ ਪੰਜਾਬੀ ਸਾਹਿਤ ਦੀ ਹੋਈ ਮਾਰਕਸਵਾਦੀ ਆਲੋਚਨਾ ਬਾਬਤ ਜੋ ਵੀ ਡਾਕਟਰ ਫ਼ਰੈਂਕ ਨੇ ਕਿਹਾ ਹੈ ਉਹ ਮੁਢੋਂ ਲੈ ਕੇ ਅਖ਼ੀਰ ਤਕ ਗ਼ਲਤ ਹੈ । ਪਰ ਉਹਨਾਂ ਵਲੋਂ ਜਾਂ ਸਾਡੇ ਵਲੋਂ ਏਸ ਤਰ੍ਹਾਂ ਕਿਹਾਂ ਗੱਲ ਕਿਤੇ ਪਹੁੰਚਦੀ ਨਹੀਂ; ਕਿਸੇ ਦੇ ਪੱਲੇ ਕੁਝ ਪੈਂਦਾ ਨਹੀਂ, ਮਸਲਾ ਸਾਫ਼ ਨਹੀਂ ਹੁੰਦਾ । ਜ਼ਾਹਿਰ ਹੈ ਕਿ ਹੋਈ ਸਾਹਿਤਕ ਆਲੋਚਨਾ ਦਾ ਜਾਇਜ਼ਾ ਲੈਣ ਦਾ ਇਹ ਤਰੀਕਾ ਨਹੀਂ ਹੈ । ਇਹ ਤਾਂ ਵਿਸ਼ੇਸ਼ਨਾਂ ਦੀ ਕੀਤੀ ਬੇਬੁਨਿਆਦ, ਬੇਅਰਥ ਵਰਤੋਂ ਹੀ ਹੋਵੇਗੀ ।

**ਡਾਕਟਰ ਫਰੈਂਕ** ਪੰਜਾਬੀ ਸਾਹਿਤ ਦੀ ਹੋਈ ਮਾਰਕਸਵਾਦੀ ਆਲੋਚਨਾ ਨੂੰ ਜੇ ਬਿਲਕੁਲ ਨਿਖਿੱਧ ਸਮਝਦੇ ਹਨ (ਜਿਸ ਤਰ੍ਹਾਂ ਕਿ ਉਹਨਾਂ ਦੇ ਲਾਏ ਫ਼ਤਵਿਆਂ ਤੋਂ ਜ਼ਾਹਿਰ ਹੈ) ਤਾਂ ਉਹ ਹੋਈ ਮਾਰਕਸਵਾਦੀ ਆਲੋਚਨਾ ਦਾ ਲੜੀਵਾਰ ਵਿਸ਼ਲੇਸ਼ਨ ਕਰ ਕੇ ਉਸ ਨੂੰ ਗ਼ਲਤ ਸਾਬਤ ਕਰਨ । ਜਿਸ

ਹੋਈ ਆਲੋਚਨਾ ਨੂੰ ਵੀ ਉਹ ਗ਼ਲਤ ਸਾਬਤ ਕਰਨਗੇ, ਉਸ ਦਾ ਜਵਾਬ ਉਹਨਾਂ ਨੂੰ ਮਿਲੇਗਾ। ਗੱਲ ਨਿਤਰੇਗੀ; ਮਸਲਾ ਸਾਫ਼ ਹੋਵੇਗਾ।

**ਮਾਰਕਸਵਾਦੀ ਆਲੋਚਕਾਂ** ਨੇ ਡਾਕਟਰ ਫ਼ਰੈਂਕ ਵਾਲਾ, ਹੋਏ ਕੰਮ 'ਤੇ ਲਾਲ ਲਕੀਰ ਫੇਰਨ ਵਾਲਾ ਰਾਹ ਨਹੀਂ ਲਿਆ। (ਇਹ ਆਪਣੇ ਆਪ ਵਿਚ ਇਕ ਤਸੱਲੀ ਵਾਲੀ ਗੱਲ ਹੈ) ਉਹਨਾਂ ਸਾਹਿਤਕ ਆਲੋਚਨਾ ਦਾ ਮਾਰਕਸਵਾਦੀ ਸਿਧਾਂਤ ਵੀ ਪੇਸ਼ ਕੀਤਾ ਹੈ, ਅਤੇ ਉਸ ਦੇ ਆਧਾਰ 'ਤੇ ਸਾਹਿਤਕ ਕਿਰਤਾਂ ਦੀ ਅਮਲੀ ਆਲੋਚਨਾ ਵੀ ਕੀਤੀ ਹੈ। ਮਿਸਾਲ ਦੇ ਤੌਰ 'ਤੇ ਨਜਮ ਹੁਸੈਨ ਸਯੱਦ ਨੇ ਸ਼ਾਹ ਹੁਸੈਨ ਤੇ ਬੁਲ੍ਹੇਸ਼ਾਹ ਦੀਆਂ ਕਾਫ਼ੀਆਂ ਦੀ ਜੋ ਆਲੋਚਨਾ ਕੀਤੀ ਹੈ, ਉਹਨਾਂ ਦੀ ਵਸਤੂ ਦਾ ਜੋ ਵਿਸ਼ਲੇਸ਼ਨ ਕੀਤਾ ਹੈ ਅਤੇ ਜਿਸ ਤਰ੍ਹਾਂ ਉਹ 'ਜ਼ਾਹਿਰ' ਤੋਂ ਬਾਤਨ ਤਕ ਪਹੁੰਚੇ ਹਨ, ਉਹ ਆਪਣੀ ਮਿਸਾਲ ਆਪ ਹੈ।

**ਡਾਕਟਰ ਫਰੈਂਕ** ਕਹਿੰਦੇ ਹਨ : "ਅਖਾਉਤੀ ਮਾਰਕਸਵਾਦ ਤੋਂ ਲੈ ਕੇ ਸੰਰਚਨਾਵਾਦ ਤੱਕ ਦਾ ਹਰ ਕਦਮ ਸਾਨੂੰ ਸਾਡੇ ਆਪੇ ਦੀ ਪਛਾਣ ਤੋਂ ਦੂਰ ਲਿਜਾਂਦਾ ਰਿਹਾ ਹੈ। ਵਾਦਾਂ ਅਤੇ ਬੌਧਕ ਫ਼ੈਸ਼ਨਾਂ ਦੇ ਓਪਰੇ ਗਿਆਨ ਅਤੇ ਇਹਨਾਂ ਲਈ ਗਭਰੂਟਾਂ ਵਾਲੇ ਜੋਸ਼ ਵਿਚ ਅਸੀਂ ਆਪਣੀ ਹਸਤੀ ਮਿਟਾਉਣ ਵਿਚ ਲੱਗੇ ਰਹੇ ਹਾਂ।" ਪਰ ਨਜਮ ਹੁਸੈਨ ਸਯੱਦ ਦੀ ਕੀਤੀ ਆਲੋਚਨਾ ਦਾ ਤਾਂ ਦੋਹਾਂ ਪੰਜਾਬਾਂ ਵਿਚ ਸਿਰਕੱਢ ਵਿਦਵਾਨਾਂ ਵਲੋਂ ਸਵਾਗਤ ਹੋਇਆ ਹੈ। ਪੱਛਮੀ ਪੰਜਾਬ ਦੇ ਸਾਹਿਤ ਨਾਲ ਸਬੰਧ ਰਖਦੇ ਕਈ ਵਿਦਵਾਨਾਂ ਨੇ ਇਹ ਮਹਿਸੂਸ ਕੀਤਾ ਹੈ ਅਤੇ ਕਿਹਾ ਹੈ ਕਿ ਸਯੱਦ ਸਾਹਿਬ ਨੇ ਸ਼ਾਹ ਹੁਸੈਨ ਤੇ ਬੁਲ੍ਹੇਸ਼ਾਹ ਨੂੰ ਸਾਡੇ ਵਾਸਤੇ **ਮੁੜ ਲੱਭ ਦਿਤਾ ਹੈ**। ਸਿੱਖ ਲਹਿਰ ਤੇ ਗੁਰਬਾਣੀ ਨੂੰ, ਅਜ ਦੀ ਆਜ਼ਾਦੀ ਦੀ ਜਦੋ-ਜਹਿਦ ਵਾਸਤੇ ਸ਼ਾਇਦ ਮਾਰਕਸਵਾਦੀ ਆਲੋਚਨਾ ਨੇ ਹੀ ਲਭਿਆ ਹੈ।

> **"ਹਰ ਮਜ਼ਬੀ ਮਸਲੇ ਦੀ ਵਸਤੂ ਕੋਈ ਨਾ ਕੋਈ ਸੰਸਾਰਕ ਮਸਲਾ ਹੀ ਹੁੰਦੀ ਹੈ। ਮਜ਼ਬੀ ਮਸਲੇ, ਸਮਾਜਕ ਮਨੁਖੀ ਮਸਲਿਆਂ ਦਾ ਹੀ, ਮਜ਼ਬੀ ਰੂਪ ਵਿਚ ਅਕਸ ਹੁੰਦੇ ਹਨ।"**

**ਡਾਕਟਰ ਫ਼ਰੈਂਕ** ਨੇ ਕਿਸੇ ਖ਼ਾਸ ਸਾਹਿਤਕ ਕਿਰਤ ਦੀ ਹੋਈ ਮਾਰਕਸਵਾਦੀ ਆਲੋਚਨਾ ਬਾਬਤ ਠੋਸ ਰਾਇ ਦੇਣੋਂ ਬੇਹੱਦ ਕੰਨੀ ਕਤਰਾਈ ਹੈ। ਪਰ ਜਿੱਥੇ ਵੀ, ਬੇਵਸੇ ਹੀ ਉਹਨਾਂ ਕੋਲੋਂ ਕੁਝ ਕਿਹਾ ਗਿਆ ਹੈ ਉਸ ਤੋਂ ਉਹਨਾਂ ਦੀ ਘੋਰ ਅਗਿਆਨਤਾ (ਜਾਂ ਈਮਾਨਦਾਰੀ ਦੀ ਘਾਟ ?) ਪ੍ਰਤੱਖ ਹੈ। ਉਹ ਲਿਖਦੇ ਹਨ : "ਦੂਜੇ ਪਾਸੇ ਇਸ ਦੇ (ਮਧਕਾਲੀਨ ਧਾਰਮਕ ਸਾਹਿੱਤ ਦੇ) ਨਿਰੋਲ ਰਹੱਸਵਾਦੀ ਪੱਖਾਂ ਦੇ ਓਹਲੇ ਵੀ ਆਰਥਕਤਾ ਦੀਆਂ ਗੁੰਝਲਾਂ ਹਲ ਹੁੰਦੀਆਂ ਲਭ ਲਈਆਂ ਜਾਂਦੀਆਂ ਹਨ ਅਤੇ ਇਹ ਸਾਹਿੱਤ ਮਾਰਕਸਵਾਦ ਦਾ ਹੀ ਮਧਕਾਲੀ ਸਰੂਪ ਹੋ ਨਿਬੜਦਾ ਹੈ।" ਕੀ 'ਮਾਰਕਸਵਾਦੀ' ਡਾ. ਫ਼ਰੈਂਕ ਇਸ ਗੱਲ ਤੋਂ ਉੱਕਾ ਹੀ ਅਣਜਾਣ ਹੈ (ਜਾਂ ਕੀ ਉਹ ਆਪਣਾ ਮਾਰਕਸਵਾਦੀ ਪਿੱਛਾ ਢਕਣ ਦੇ ਆਹਿਰ ਵਿਚ ਹੈ ?) ਕਿ ਹਰ ਮਜ਼ਬੀ ਮਸਲੇ ਦੀ ਵਸਤੂ ਕੋਈ ਨਾ ਕੋਈ ਸੰਸਾਰਕ ਮਸਲਾ ਹੀ ਹੁੰਦੀ ਹੈ। ਮਜ਼ਬੀ ਮਸਲੇ, ਸਮਾਜਕ ਮਨੁਖੀ ਮਸਲਿਆਂ ਦਾ ਹੀ, ਮਜ਼ਬੀ ਰੂਪ ਵਿਚ ਅਕਸ ਹੁੰਦੇ ਹਨ। ਮਜ਼ਬ ਹੁੰਦਾ ਕੀ ਹੈ ? ਅਦਭੁਤ (Fantastic) ਰੂਪ ਵਿਚ ਸਮਾਜਕ ਮਨੁਖੀ ਜ਼ਿੰਦਗੀ ਦਾ ਅਕਸ। ਸਭ ਮਜ਼ਬਾਂ ਨੂੰ, ਸਭ ਮਜ਼ਬੀ ਕਿਰਤਾਂ ਨੂੰ ਸਮਝਣ ਦਾ ਤਰੀਕਾ ਹੀ ਇਹ ਹੈ ਕਿ ਉਹਨਾਂ ਦੀ ਵਸਤੂ ਨੂੰ ਮਜ਼ਬੀ ਰੂਪ ਵਿਚੋਂ ਕੱਢ ਕੇ ਸੰਸਾਰਕ ਰੂਪ ਵਿਚ



ਪੇਸ਼ ਕੀਤਾ ਜਾਵੇ, ਅਤੇ ਫਿਰ ਵੇਖਿਆ ਜਾਵੇ ਕਿ ਉਹ ਕਿਸ ਜਮਾਤੀ ਪੈਂਤੜੇ ਦੇ ਹੱਕ ਵਿਚ ਹਨ ਤੇ ਕਿਸ ਦੇ ਵਿਰੁਧ।

**ਮਜ਼ਬੀ ਰਚਨਾਵਾਂ** ਨੂੰ 'ਡੀਕੋਡ' ਕਰਨ ਦਾ ਤਰੀਕਾ ਲਭਣਾ ਤੇ ਸਿਖਣਾ ਪੈਂਦਾ ਹੈ। ਉਸ ਦੇ ਬਗ਼ੈਰ ਮਜ਼ਬੀ ਕਿਰਤਾਂ ਦੇ ਬਾਤਨ ਤਕ ਜਾਇਆ ਨਹੀਂ ਜਾ ਸਕਦਾ। ਅਤੇ ਬਾਤਨ ਤਕ ਜਾਇਆਂ ਬਗ਼ੈਰ ਉਹਨਾਂ ਦੀ ਵਸਤੂ ਦੀ ਸਮਝ ਨਹੀਂ ਆ ਸਕਦੀ। ਡਾਕਟਰ ਫਰੈਂਕ ਨੇ ਆਪਣੇ ਵਲੋਂ ਮਜ਼ਾਕ ਉਡਾਇਆ ਹੈ ਕਿ 'ਨਿਰੋਲ ਰਹਸਵਾਦੀ ਪੱਖਾਂ ਦੇ ਓਹਲੇ ਵੀ ਆਰਥਕਤਾ ਦੀਆਂ ਗੁੰਝਲਾਂ ਹਲ ਹੁੰਦੀਆਂ ਲੱਭ ਲਈਆਂ ਜਾਂਦੀਆਂ ਹਨ।' ਡਾਕਟਰ ਫਰੈਂਕ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਕਿ **ਰਹੱਸਵਾਦ ਵੀ ਸਮਾਜਕ ਮਨੁਖੀ ਵਸਤੂ ਤੋਂ ਖਾਲੀ ਨਹੀਂ ਹੁੰਦਾ**। ਸਾਰੇ ਰਹੱਸਵਾਦ ਇਕੋ ਜਿਹੇ ਨਹੀਂ ਹੁੰਦੇ। ਵੱਖ ਵੱਖ ਰਹਸਵਾਦਾਂ ਦੀ ਸਮਾਜਕ ਵਸਤੂ ਵੀ ਵੱਖ ਵੱਖ ਹੁੰਦੀ ਹੈ, ਅਤੇ ਵੱਖ ਵੱਖ ਰਹੱਸਵਾਦਾਂ ਦਾ ਸਮਾਜਕ ਮਨੁਖੀ ਜ਼ਿੰਦਗੀ ਤੇ ਉਸ ਦੇ ਮਸਲਿਆਂ ਵਲ ਵਤੀਰਾ ਵੀ ਵੱਖਰੋ ਵੱਖਰਾ ਹੁੰਦਾ ਹੈ। (ਵੇਖੋ ਦਲਜੀਤ ਸਿੰਘ ਦੀ ਕਿਤਾਬ (Sikhism—A Comparative Study)।

**ਪੰਜਾਬੀ ਸਾਹਿਤ** ਦੀ ਮਾਰਕਸਵਾਦੀ ਆਲੋਚਨਾ ਨੇ ਰਹਸਵਾਦ ਦੀ ਸਮਾਜਕ ਮਨੁਖੀ ਵਸਤੂ ਲੱਭਣ ਵਿਚ ਕੋਈ ਜਗੋਂ-ਬਾਹਰੀ, ਕੋਈ ਅਲੋਕਾਰ ਗੱਲ ਨਹੀਂ ਕੀਤੀ, ਕੋਈ ਉਪੱਦਰ ਨਹੀਂ ਕੀਤਾ, ਕੋਈ ਕੁਫ਼ਰ ਨਹੀਂ ਤੋਲਿਆ। ਮੁੱਦਤ ਹੋਈ ਏਂਗਲਜ਼ ਨੇ ਸਪੱਸ਼ਟ ਕੀਤਾ ਸੀ ਕਿ ਮਧਕਾਲ ਵਿਚ ਜਮਾਤੀ ਜਦੋ-ਜਹਿਦ, ਫਿਊਡਲ ਦੇ ਖਿਲਾਫ਼ ਇਨਕਲਾਬੀ ਵਿਰੋਧ, ਰਹੱਸਵਾਦ ਦੀ ਸ਼ਕਲ ਵਿਚ ਵੀ ਪ੍ਰਗਟ ਹੁੰਦਾ ਰਿਹਾ ਹੈ।[1] ਏਂਗਲਜ਼ ਦੀ ਇਹ ਲੱਭਤ **ਸੇਧ** ਵਿਚ ਅਸੀਂ ਅਗੇ ਵੀ ਪੇਸ਼ ਕਰ ਚੁਕੇ ਹਾਂ। ਡਾਕਟਰ ਫ਼ਰੈਂਕ ਦੀ ਗਿਆਤ ਵਾਸਤੇ ਅਸੀਂ ਇਹ ਫਿਰ ਪੇਸ਼ ਕਰ ਰਹੇ ਹਾਂ। ਮਜ਼ਾਕ ਡਾਕਟਰ ਫਰੈਂਕ ਦੀ ਅਗਿਆਨਤਾ ਦਾ ਉਡਣਾ ਚਾਹੀਦਾ ਹੈ (ਨਾ ਕਿ ਪੰਜਾਬੀ ਮਾਰਕਸਵਾਦੀ ਆਲੋਚਨਾ ਦਾ) ਜਦ ਉਹ ਕਹਿੰਦੇ ਹਨ, "ਅਤੇ ਇਹ ਸਾਹਿਤ ਮਾਰਕਸਵਾਦ ਦਾ ਹੀ ਮਧਕਾਲੀ ਸਰੂਪ ਹੋ ਨਿਬੜਦਾ ਹੈ।" ਇਸ ਇਤਿਹਾਸਕ ਸੱਚਾਈ ਨੂੰ ਕਿ **ਗੁਰਬਾਣੀ ਦਾ ਜਮਾਤੀ ਪੈਂਤੜਾ ਬੰਦੇ ਦੀ ਆਜ਼ਾਦੀ ਦਾ, ਸਰਬਤ ਦੀ ਆਜ਼ਾਦੀ ਦਾ ਹੈ**—ਬਹੁਤ ਵੇਰ ਵਿਸਤਾਰ ਨਾਲ ਪੇਸ਼ ਕੀਤਾ ਜਾ ਚੁਕਾ ਹੈ। ਇਸ ਨੂੰ ਇਥੇ ਮੁੜ ਦੁਹਰਾਉਣ ਦੀ ਲੋੜ ਨਹੀਂ। ਜੇ ਡਾਕਟਰ ਫ਼ਰੈਂਕ ਬਾਤਨ ਤਕ ਜਾਣਾ ਅਜੇ ਤਕ ਨਹੀਂ ਸਿੱਖੇ, ਤਾਂ ਅਗਿਆਨਤਾ ਉਹਨਾਂ ਦੀ ਹੈ; ਊਣਤਾਈ ਪੰਜਾਬੀ ਮਾਰਕਸਵਾਦੀ ਆਲੋਚਨਾ ਦੀ ਨਹੀਂ। ਆਪਣੀ ਅਗਿਆਨਤਾ ਨੂੰ ਮਾਹਿਰ ਦੀ ਰਾਇ ਦੀ ਤਰ੍ਹਾਂ ਪੇਸ਼ ਕਰ ਕੇ ਉਹ ਆਪਣੀ ਪੁਜ਼ੀਸ਼ਨ ਨੂੰ ਹਾਸੋਹੀਣੀ ਬਣਾ ਰਹੇ ਹਨ।

> **"ਸਭ ਮਜ਼ਬਾਂ ਨੂੰ, ਸਭ ਮਜ਼ਬੀ ਕਿਰਤਾਂ ਨੂੰ ਸਮਝਣ ਦਾ ਤਰੀਕਾ ਹੀ ਇਹ ਹੈ ਕਿ ਉਹਨਾਂ ਦੀ ਵਸਤੂ ਨੂੰ ਮਜ਼ਬੀ ਰੂਪ ਵਿਚੋਂ ਕਢ ਕੇ ਸੰਸਾਰਕ ਰੂਪ ਵਿਚ ਪੇਸ਼ ਕੀਤਾ ਜਾਵੇ...ਅਤੇ ਇਹ ਵੇਖਿਆ ਵੇ ਕਿ ਉਹ ਕਿਸ ਜਮਾਤੀ-ਪੈਂਤੜੇ ਦੇ ਹੱਕ ਵਿਚ ਹਨ ਤੇ ਕਿਸ ਦੇ ਵਿਰੁਧ।"**

**ਡਾਕਟਰ ਫਰੈਂਕ** ਲਿਖਦੇ ਹਨ : "ਇਉਂ ਸਾਡੇ ਰਚਣੇਈ ਸਾਹਿਤ ਦਾ ਬਹੁਤਾ ਹਿੱਸਾ ਅਤੇ

ਲਗਭਗ ਸਾਰਾ ਆਲੋਚਨਾ ਸਾਹਿਤ ਸਾਡੇ ਲਈ **alienated cultural value** ਬਣ ਗਿਆ ਹੈ, ਜਾਂ ਬਣਦਾ ਜਾ ਰਿਹਾ ਹੈ।'' ਜਿਥੋਂ ਤਕ ਪੰਜਾਬੀ ਸਾਹਿਤ ਦੀ ਹੋਈ ਮਾਰਕਸਵਾਦੀ ਆਲੋਚਨਾ ਦਾ ਤਅਲਕ ਹੈ ਉਹ ਵਿਜੋਗੀ ਹੋਈ ਨਹੀਂ ਹੈ। ਵਿਜੋਗੇ ਹੋਏ ਡਾਕਟਰ ਫਰੈਂਕ ਆਪ ਹਨ। ਮਾਰਕਸਵਾਦੀ ਆਲੋਚਨਾ ਕਿਸ ਤਰ੍ਹਾਂ ਵਿਜੋਗੀ ਹੋਈ ਨਹੀਂ, ਇਹ ਉਦੋਂ ਹੀ ਸਾਬਤ ਕਰਨ ਦੀ ਲੋੜ ਪਵੇਗੀ ਜਦੋਂ ਡਾਕਟਰ ਫ਼ਰੈਂਕ ਇਹ ਸਾਬਤ ਕਰ ਦੇਣਗੇ ਕਿ ਇਹ ਕਿਸ ਤਰ੍ਹਾਂ ਵਿਜੋਗੀ ਹੋਈ ਹੈ। ਜੁਰਮ ਹੋਵੇ, ਸਫ਼ਾਈ ਫੇਰ ਹੀ ਪੇਸ਼ ਕੀਤੀ ਜਾ ਸਕਦੀ ਹੈ। ਬਿਨਾਂ ਸਬੂਤ ਪੇਸ਼ ਕੀਤਿਆਂ, ਐਵੇਂ ਵਾਹੀ ਹੋਈ ਗੱਲ ਮੂੰਹ ਦੀ ਕੱਢੀ ਹਵਾੜ ਹੀ ਹੁੰਦੀ ਹੈ ਜਿਸ ਦਾ ਕੋਈ ਅਰਥ ਨਹੀਂ।

**ਡਾਕਟਰ ਫਰੈਂਕ** ਨੇ 'ਪੰਜਾਬੀ ਰੂਹ' ਦੇ, ਪੰਜਾਬੀ ਸਾਹਿਤ ਦੀ 'ਅਨੇਕ-ਰੰਗਤਾ' ਦੇ ਦਬ ਕੇ ਰਹਿ ਜਾਣ ਦੇ ਬਹੁਤ ਵੈਣ ਪਾਏ ਹਨ। ''ਪਰ ਪੰਜਾਬੀ ਸਾਹਿਤ ਦੀ ਆਪਣੀ ਅਨੇਕ-ਰੰਗਤਾ ਦੱਬ ਕੇ ਰਹਿ ਗਈ ਹੈ।'' ਅਸੀਂ ਡਾਕਟਰ ਫ਼ਰੈਂਕ ਦੀ ਖਿਦਮਤ ਵਿਚ ਫੇਰ ਅਰਜ਼ ਕਰਦੇ ਹਾਂ ਕਿ ਪੰਜਾਬੀ ਸਾਹਿਤ ਦੀ ਹੋਈ ਮਾਰਕਸਵਾਦੀ ਆਲੋਚਨਾ 'ਤੇ ਉਹ ਜਿਹੜੇ ਦੂਸ਼ਣ ਲਾਉਂਦੇ ਹਨ ਕਿ ਉਸ ਨੇ ਪੰਜਾਬੀ ਰੂਹ ਨੂੰ, ਪੰਜਾਬੀ ਸਾਹਿਤ ਦੀ 'ਅਨੇਕ-ਰੰਗਤਾ' ਨੂੰ ਦਬਾਇਆ ਹੈ, ਉਸ ਦਾ ਠੋਸ ਸਬੂਤ ਕਰਨ ਪੇਸ਼। ਉਹ ਦੱਸਣ ਕਿ ਕਿਥੇ ਤੇ ਕਿਸ ਤਰ੍ਹਾਂ ਦਬਾਇਆ ਗਿਆ ਹੈ ਤਾਕਿ ਉਹਨਾਂ ਦੇ ਲਾਏ ਦੂਸ਼ਣਾਂ ਦਾ ਜਵਾਬ ਦਿੱਤਾ ਜਾ ਸਕੇ ਅਤੇ ਉਹਨਾਂ ਦੀਆਂ ਅੱਖਾਂ ਤੋਂ ਅਤੀਸਾਰ ਕਿਰਦੇ ਅਥਰੂ ਪੂੰਝਵਾਏ ਜਾ ਸਕਣ। ਪੱਕੀ ਗੱਲ ਤਾਂ ਉਦੋਂ ਹੀ ਹੋਵੇਗੀ ਜਦੋਂ ਉਹ ਆਪਣੀ ਕਹੀ ਕਿਸੇ ਗੱਲ ਨੂੰ ਵੀ ਸਾਬਤ ਕਰਨ ਦੇ ਰਾਹੇ ਪੈਣਗੇ। ਉਹਨਾਂ ਦੀ 'ਸਾਡੀ ਬੌਧਕ ਫ਼ੈਸ਼ਨ-ਪ੍ਰਸਤੀ', 'ਦੂਜਿਆਂ ਨਾਲ

**''ਸਾਹਿਤ ਦੀ ਆਲੋਚਨਾ, ਵਸਤੂ ਤੇ ਰੂਪ, ਦੋਹਾਂ ਪੱਖਾਂ ਤੋਂ ਸਾਹਿਤ ਦੀ ਬਾਤਨ ਤਕ ਸਮਝ ਹੈ।''**

ਬਰ ਮੇਚਣ ਦੇ ਜੋਸ਼', 'ਦੂਜਿਆਂ ਦੇ ਲਾਹੇ ਪਾ ਕੇ ਉਹਨਾਂ ਦੀ ਸਫ਼ ਵਿਚ ਖੜੋਤੇ ਹੋਣ ਦਾ ਦਾਹਵਾ' ਤੇ 'ਜੋ ਕੁਝ ਲਭਿਆ ਹੈ, ਉਹ ਬਾਹਰਲੇ ਦੇ ਸੰਦਰਭ ਵਿਚ ਹੀ ਲਭਿਆ ਹੈ' ਦੀ ਹਾਲ-ਪਾਹਰਿਆ ਮਚਾਉਣ ਤੋਂ ਲਗਦਾ ਹੈ ਕਿ ਉਹਨਾਂ ਦੇ ਪੰਜਾਬੀ ਰੂਹ ਦੀ ਨਵੇਕਲਤਾ ਦੇ ਦੱਬ ਕੇ ਰਹਿ ਜਾਣ ਦੇ ਵੈਣ ਪਾਉਣਾ, ਅਤੇ 'ਕੀ ਇਸ ਨਵੇਕਲਤਾ ਕਰਕੇ ਵਿਲੱਖਣ ਪੰਜਾਬੀ ਰੂਹ ਦੇ ਅਨੁਕੂਲ, ਅਸੀਂ ਕੋਈ ਐਸੀ ਸੋਚ-ਪ੍ਰਣਾਲੀ ਨੂੰ ਰੂਪ ਦੇ ਸਕੇ ਹਾਂ ਜਿਹੜੀ ਏਸੇ ਤਰ੍ਹਾਂ ਨਵੇਕਲਤਾ ਕਰਕੇ ਵਿਲੱਖਣ ਹੋਵੇ?'—ਦੇ ਸਵਾਲ ਪਾਉਣਾ ਉਹਨਾਂ ਦਾ ਲੋਕਾਂ ਨੂੰ ਮਾਰਕਸਵਾਦ ਵਲੋਂ ਉਪਰਾਮ ਕਰਨ ਦਾ ਜਤਨ ਹੈ। ਸ਼ਾਇਦ !

**ਇਹ ਰਾਗ** ਪਹਿਲੀ ਵੇਰ ਨਹੀਂ ਅਲਾਪਿਆ ਜਾ ਰਿਹਾ। ਇਹ ਅਲਾਪੀਦਾ ਤੁਰਿਆ ਆ ਰਿਹਾ ਹੈ ਕਿ ਮਾਰਕਸਵਾਦ ਬਾਹਰੋਂ ਆਇਆ, ਓਪਰਾ ਨਜ਼ਰੀਆ ਹੈ। ਇਸ ਦਾ ਸਾਡੇ ਨਾਲ, ਸਾਡੀ ਸਮਾਜਕ ਸਿਆਸੀ ਸਥਿਤੀ ਨਾਲ, ਸਾਡੀ ਕਲਚਰ ਨਾਲ ਕੋਈ ਸਬੰਧ ਨਹੀਂ। ਬਾਹਰਲਾ ਹੋਣ ਕਰਕੇ ਇਹ ਸਾਡੇ 'ਤੇ ਲਾਗੂ ਨਹੀਂ। ਬਾਹਰਲਾ ਹੋਣ ਕਰਕੇ ਇਸ ਸਾਡੇ 'ਤੇ ਲਾਗੂ ਨਹੀਂ ਹੋ ਸਕਣਾ। ਮਤਲਬ ਹੁੰਦਾ ਹੈ ਮਾਰਕਸਵਾਦ ਤੋਂ ਦੂਰ ਰਹੋ।

**ਮਾਰਕਸਵਾਦ** ਇਕ ਪਾਸੇ ਤੋਂ ਸਰਬ-ਵਿਆਪੀ ਸਿਧਾਂਤ ਹੈ। ਦੂਸਰੇ ਪਾਸੇ ਤੋਂ ਹਰ ਕਲਚਰ, ਹਰ ਸਮਾਜਕ/ਸਿਆਸੀ ਸਥਿਤੀ ਦੀ ਨਵੇਕਲਤਾ ਦਾ ਮੋਹਰੀ ਹੋਣਾ, ਉਸ 'ਤੇ ਲਾਗੂ ਹੋਣਾ ਇਸ ਦੀ



ਜਿੰਦ-ਜਾਨ ਹੈ। ਜੇ ਮਾਰਕਸਵਾਦ ਵੱਖ ਵੱਖ ਸਮਾਜਾਂ, ਉਹਨਾਂ ਦੀਆਂ ਖਾਸ ਸਮਾਜਕ ਸਥਿੱਤੀਆਂ, ਉਹਨਾਂ ਦੀਆਂ ਕਲਚਰਾਂ ਦੀ ਨਵੇਕਲਤਾ ਨੂੰ ਨਜ਼ਰ-ਅੰਦਾਜ਼ ਕਰਦਾ ਹੁੰਦਾ ਤਾਂ ਇਸ ਦੇ ਆਧਾਰ 'ਤੇ ਵੱਖ ਵੱਖ ਦੇਸ਼ਾਂ ਵਿਚ ਇਨਕਲਾਬ ਕਿਸ ਤਰ੍ਹਾਂ ਆ ਜਾਂਦੇ ? ਜੇ ਡਾਕਟਰ ਫਰੈਂਕ ਸਮਝਦੇ ਹਨ ਕਿ ਬਾਹਰੋਂ ਆਈ ਕੋਈ ਵੀ ਸੋਚ-ਪ੍ਰਣਾਲੀ ਸਾਡੇ ਸੂਤ ਨਹੀਂ ਆ ਸਕਦੀ ਤਾਂ ਉਹ ਕੋਈ ਸਥਾਨਕ/ਦੇਸੀ ਸੋਚ-ਪ੍ਰਣਾਲੀ ਪੇਸ਼ ਕਰਨ; ਉਸ ਨੂੰ ਪੰਜਾਬੀ ਸਾਹਿਤ, ਪੰਜਾਬੀ ਕਲਚਰ, ਪੰਜਾਬ ਦੀ ਸਮਾਜਕ/ਸਿਆਸੀ ਸਥਿਤੀ 'ਤੇ ਲਾਗੂ ਕਰ ਕੇ ਦੱਸਣ ਕਿ ਉਹ ਮਾਰਕਸਵਾਦ ਨਾਲੋਂ ਸਾਡੇ ਕਿਸ ਤਰ੍ਹਾਂ ਵਧੇਰੇ ਸੂਤ ਹੈ। ਐਵੇਂ ਫ਼ੱਕ ਕਰਕੇ ਮੂੰਹੋਂ ਹਵਾੜ ਕੱਢਿਆਂ ਤਾਂ ਮਾਰਕਸਵਾਦ ਗ਼ਲਤ ਸਾਬਤ ਨਹੀਂ ਹੋ ਚਲਿਆ।

**ਡਾਕਟਰ ਫਰੈਂਕ** ਨੇ ਊਜ ਲਾਈ ਹੈ ਕਿ ''ਅਸੀਂ ਹੁਣ ਤੱਕ ਮਾਰਕਸਵਾਦ ਨੂੰ ਗਿਆਨ ਜਾਂ ਵਿਗਿਆਨ ਵਜੋਂ ਨਹੀਂ, ਧਰਮ, ਸ਼ਰਧਾ, ਸੰਪਰਦਾਇਕ ਸੋਚ ਅਤੇ ਤਅੱਸਬ ਵਜੋਂ ਵਰਤਿਆ ਹੈ।'' ਉਹ ਦੱਸਣ ਤਾਂ ਸਹੀ ਕਿ ਪੰਜਾਬੀ ਸਾਹਿਤ ਦੀ ਆਲੋਚਨਾ ਕਰਦਿਆਂ ਕਿਥੇ ਤੇ ਕਿਸ ਤਰ੍ਹਾਂ ਨਜਮ ਹੁਸੈਨ ਸਯੱਦ ਨੇ ਜਾਂ ਕਿਸ਼ਨ ਸਿੰਘ ਨੇ ਮਾਰਕਸਵਾਦ ਨੂੰ ਗਿਆਨ ਜਾਂ ਵਿਗਿਆਨ ਵਜੋਂ ਨਹੀਂ

**''ਸਾਹਿਤ ਦੀ ਵਸਤੂ ਹੈ—ਸਮਾਜਕ ਮਨੁਖੀ ਜ਼ਿੰਦਗੀ ਦੇ ਅਹਿਮ, ਬੁਨਿਆਦੀ ਮਸਲੇ।''**

ਵਰਤਿਆ ? ਨਾਲੇ ਜ਼ਰਾ ਇਸ 'ਤੇ ਵੀ ਚਾਨਣਾ ਪਾਉਣ ਕਿ ਨਜਮ ਹੁਸੈਨ ਸਯੱਦ ਤੇ ਕਿਸ਼ਨ ਸਿੰਘ ਦੀ ਕੀਤੀ ਮਾਰਕਸਵਾਦੀ ਆਲੋਚਨਾ ਵਿਚ ਕਿਥੇ ਤੇ ਕਿਹੜੀਆਂ ਉਹ ਊਣਤਾਈਆਂ ਹਨ ਜੋ ਭਾਰਤੀ (ਤੇ ਪਾਕਿਸਤਾਨੀ) ਮਜ਼ਦੂਰ ਲਹਿਰ ਵਿਚਲੀਆਂ ਊਣਤਾਈਆਂ ਵਿਚੋਂ ਨਿਕਲਦੀਆਂ ਦੇਖੀਆਂ ਜਾ ਸਕਦੀਆਂ ਹਨ।

**ਡਾਕਟਰ ਫਰੈਂਕ** ਹੋਈ ਮਾਰਕਸਵਾਦੀ ਆਲੋਚਨਾ 'ਤੇ ਦੂਸ਼ਣ ਲਾਉਂਦੇ ਹਨ : ''ਰਿਸ਼ਮ ਦੇ ਸੱਤ ਰੰਗਾਂ ਨੂੰ ਨਿਖੇੜ ਸਕਣਾ, ਇਸ ਦੇ ਵੱਸੋਂ-ਬਾਹਰਾ ਰਿਹਾ ਹੈ। ਕਾਲਾ ਤੇ ਚਿੱਟਾ ਇਸ ਦੇ ਪ੍ਰਧਾਨ ਰੰਗ ਰਹੇ ਹਨ। ਹਰ ਜਟਿਲ ਸਾਹਿੱਤਕ ਸਮੱਸਿਆ ਦਾ ਸਮਾਧਾਨ ਫਾਰਮੂਲੇ ਵਰਤ ਕੇ ਕਰਨਾ ਇਸ ਦੀ ਪ੍ਰਧਾਨ ਰੁਚੀ ਰਹੀ ਹੈ।'' ਡਾਕਟਰ ਫਰੈਂਕ ਨੇ ਦੂਸ਼ਣ ਤਾਂ ਲਾ ਦਿੱਤੇ, ਪਰ ਕੀ ਉਹ ਨਜਮ ਹੁਸੈਨ ਸਯੱਦ ਤੇ ਕਿਸ਼ਨ ਸਿੰਘ ਦੀ ਕੀਤੀ ਸਾਹਿਤਕ ਆਲੋਚਨਾ ਵਿਚੋਂ ਇਹਨਾਂ ਦੂਸ਼ਣਾਂ ਨੂੰ ਸਾਬਤ ਕਰ ਸਕਦੇ ਹਨ ? ਉਹਨਾਂ ਸਾਹਿਤਕ ਰਚਨਾਵਾਂ ਵਿਚੋਂ ਰਿਸ਼ਮ ਦੇ ਸੱਤ ਰੰਗ ਕੱਢ ਕੇ ਤਾਂ ਦੱਸਣ ਜਿਨ੍ਹਾਂ ਵਿਚੋਂ ਜੋ ਉਹ ਕਢਣੋਂ ਅਸਮਰੱਥ ਰਹੇ ਹਨ। ਇਹ ਸਪੱਸ਼ਟ ਕਰਨ ਕਿ ਰਿਸ਼ਮ ਦੇ ਸੱਤ ਰੰਗ ਕਿਹੜੇ ਕਿਹੜੇ ਨੇ ਅਤੇ ਕਿਸ ਕਾਲੇ ਤੇ ਕਿਸ ਚਿੱਟੇ ਵਿਚ ਉਹਨਾਂ ਇਹਨਾਂ ਸੱਤਾਂ ਰੰਗਾਂ ਨੂੰ ਮਧੋਲ ਦਿੱਤਾ ਹੈ ? ਅਤੇ ਕਿਸ ਤਰ੍ਹਾਂ ? ਇਹ ਵੀ ਸਾਫ਼ ਕਰਨ ਕਿ ਕਿਹੜੀ 'ਜਟਲ ਸਾਹਿੱਤਕ ਸਮੱਸਿਆ' ਉਹਨਾਂ ਕਿਹੜੇ ਫਾਰਮੂਲੇ ਨਾਲ ਹੱਲ ਕਰ ਮਾਰੀ ਹੈ ਤੇ ਉਸ ਦਾ ਹੱਲ ਕਰ ਕੇ ਦੱਸਣ ਕਿ ਅਸਲ ਵਿਚ ਉਹ ਸਮੱਸਿਆ ਹੱਲ ਕਿਸ ਤਰ੍ਹਾਂ ਹੋਣੀ ਚਾਹੀਦੀ ਸੀ।

**ਡਾਕਟਰ ਫਰੈਂਕ** ਕਹਿੰਦੇ ਹਨ ਕਿ 'ਡਾਇਲੈਕਟਿਕਸ ਦਾ ਪੂਰਨ ਗਿਆਨ ਚਾਹੀਦਾ ਹੈ'। ਪਰ ਲਗਦਾ ਹੈ ਕਿ ਡਾਇਲੈਕਟਿਕਸ ਦਾ ਪੂਰਾ ਕੀ, ਅਧੂਰਾ ਗਿਆਨ ਵੀ ਉਹਨਾਂ ਦੇ ਆਪਣੇ ਲਾਗਿਉਂ ਦੀ ਨਹੀਂ ਲੰਘਿਆ। ਹੋਈ ਮਾਰਕਸਵਾਦੀ ਆਲੋਚਨਾ ਦੀ ਨਿਖੇਧੀ ਵਜੋਂ ਉਹ ਕਹਿੰਦੇ ਹਨ : ''ਸਮੁਚੇ ਪੰਜਾਬੀ ਸਾਹਿੱਤ ਦਾ ਕੋਈ ਇਕਸਾਰ ਉਲੇਖਣ ਇਹ ਧਾਰਾ ਕਰ ਨਹੀਂ ਸਕੀ,''

"ਕਿਸੇ ਸਾਹਿਤਕ ਵਿਅਕਤੀ, ਧਾਰਾ, ਜਾਂ ਦੌਰ ਬਾਰੇ ਕੋਈ ਸਾਂਝੀ ਰਾਏ ਇਹ ਧਾਰਾ ਬਣਾ ਨਹੀਂ ਸਕੀ।" ਅਤੇ "ਸਭ ਤੋਂ ਮਾੜੀ ਗੱਲ ਕਿ ਇਸ ਧਾਰਾ ਦੇ ਵੱਖ ਵੱਖ ਸਕੂਲ ਪ੍ਰਸਪਰ-ਨਿਖੇਧਕ ਅਤੇ ਪ੍ਰਸਪਰ-ਘਾਤਕ ਰਹੇ ਹਨ।" ਜੇ ਡਾਇਲੈਕਟਿਕਸ ਦੀ ਡਾਕਟਰ ਫਰੈਂਕ ਨੂੰ ਰਤੀ ਭਰ ਵੀ ਸਮਝ ਹੁੰਦੀ ਤਾਂ ਇਹ ਜੋ ਉਹਨਾਂ ਕਿਹਾ ਹੈ, ਉਸ ਨੂੰ ਕਹਿਣ ਦੀ ਉਹ ਗ਼ਲਤੀ ਹਰਗਿਜ਼ ਨਾ ਕਰਦੇ। ਡਾਇਲੈਕਟਿਕਸ ਦਾ ਮਤਲਬ ਹੀ ਹੈ—**ਅੰਦਰਲਾ ਵਿਰੋਧ; ਹਰ ਚੀਜ਼, ਹਰ ਵੇਗ ਵਿਚ ਵਿਰੋਧੀਆਂ ਦੀ ਏਕਤਾ।** ਵਿਰੋਧੀਆਂ ਦੀ ਏਕਤਾ ਬਗ਼ੈਰ, ਅੰਦਰਲੇ ਵਿਰੋਧ ਦੇ ਬਗ਼ੈਰ ਤਾਂ ਕੋਈ ਚੀਜ਼, ਕੋਈ ਵੇਗ ਹੋ ਹੀ ਨਹੀਂ ਸਕਦਾ।[2] ਜਦੋਂ ਦੁਨੀਆਂ ਦੀ ਕੋਈ ਚੀਜ਼ ਵੀ, ਸਮਾਜ ਦਾ, ਸ੍ਰਿਸ਼ਟੀ ਦਾ ਕੋਈ ਵੇਗ ਵੀ, ਡਾਇਲੈਕਟਿਕਸ ਤੋਂ ਬਗ਼ੈਰ, ਵਿਰੋਧੀਆਂ ਦੀ ਏਕਤਾ ਤੋਂ ਬਗ਼ੈਰ, ਅੰਦਰੂਨੀ ਵਿਰੋਧ ਤੋਂ ਬਗ਼ੈਰ ਹੋ ਹੀ ਨਹੀਂ ਸਕਦਾ ਤਾਂ ਮਾਰਕਸਵਾਦੀ ਲਹਿਰ ਜਾਂ ਪੰਜਾਬੀ ਸਾਹਿਤ ਦੀ ਹੋਈ ਮਾਰਕਸਵਾਦੀ ਆਲੋਚਨਾ ਇਸ ਅਟਲ ਕਾਨੂੰਨ ਤੋਂ ਨਾਬਰ ਕਿਸ ਤਰ੍ਹਾਂ ਹੋ ਸਕਦੀ ਸੀ? ਜੇ ਅੰਦਰਲਾ ਵਿਰੋਧ, ਅੰਦਰਲੀ ਡਾਇਲੈਕਟਿਕ ਇਕ ਪੱਧਰ 'ਤੇ ਖ਼ਤਮ ਹੋ ਜਾਵੇਗੀ ਤਾਂ ਦੂਸਰੀ ਪੱਧਰ 'ਤੇ ਸ਼ੁਰੂ ਹੋ ਜਾਵੇਗੀ। ਜਿਸ ਵੇਗ ਦਾ ਅੰਦਰਲਾ ਵਿਰੋਧ ਖ਼ਤਮ ਹੋ ਗਿਆ, ਜਿਸ ਦੇ ਅੰਦਰਲੇ ਵਿਰੋਧ ਦਾ ਹੱਲ ਹੋ ਗਿਆ ਉਹ ਵੇਗ ਸੰਪੂਰਨ ਹੋ ਗਿਆ, ਖ਼ਤਮ ਹੋ ਗਿਆ। ਉਸੇ ਵੇਲੇ, ਉਸ ਦੀ ਥਾਂ, ਉਸ ਦੇ ਸੰਪੂਰਨ, ਖ਼ਤਮ ਹੋਣ ਦੇ ਵੇਗ ਵਿਚ ਹੀ ਉਸ ਤੋਂ ਅਗਲਾ ਵੇਗ ਤੇ ਉਸ ਦੀ ਡਾਇਲੈਕਟਿਕ ਸ਼ੁਰੂ ਹੋ ਗਈ। ਵਿਦਿਆਰਥੀ ਹੋਣਾ ਡਾਇਲੈਕਟਿਕਸ ਦੇ ਤੇ ਜਾਨ ਨੂੰ ਬਣ ਜਾਣੀ 'ਸਾਂਝੀਂ ਰਾਏ' ਦੇ ਨਾ ਹੋਣ 'ਤੇ, ਇਕਸਾਰ ਉਲੇਖਣ ਦੇ ਨਾ ਹੋਣ 'ਤੇ! ਇਹ ਡਾਕਟਰ ਫਰੈਂਕ ਦਾ ਹੀ ਅਰਬਾ ਹੈ।

**ਹਰ ਚੀਜ਼** ਵਾਂਗ, ਹਰ ਵੇਗ ਵਾਂਗ ਮਾਰਕਸਵਾਦ ਦੇ ਅੰਦਰ, ਹਰ ਮਾਰਕਸਵਾਦੀ ਪਾਰਟੀ ਦੇ ਅੰਦਰ, ਹਰ ਮਾਰਕਸਵਾਦੀ ਬੰਦੇ ਦੇ ਅੰਦਰ ਅੰਦਰਲਾ ਵਿਰੋਧ, ਵਿਰੋਧੀਆਂ ਦੀ ਏਕਤਾ ਚਲਦੀ ਹੈ। ਜਿੰਨਾਂ ਚਿਰ ਸਮਾਜ ਜਮਾਤੀ ਹੈ, ਇਹਨਾਂ ਅੰਦਰ ਜਮਾਤੀ ਜਦੋ-ਜਹਿਦ ਚਲਦੀ ਰਹਿੰਦੀ ਹੈ। ਮਾਰਕਸ-ਵਾਦੀ ਆਲੋਚਨਾ ਦੇ ਨਾਂ ਹੇਠ ਹੋ ਰਹੀ ਪੰਜਾਬੀ ਸਾਹਿਤਕ ਆਲੋਚਨਾ ਵਿਚ ਇਹ ਕਿਸ ਤਰ੍ਹਾਂ ਨਹੀਂ ਚਲੇਗੀ? ਸਹੀ/ਠੀਕ ਦੀ ਜਦੋ-ਜਹਿਦ ਹੋਵੇਗੀ, ਲਾਜ਼ਮੀ ਹੁੰਦੀ ਰਵ੍ਹੇਗੀ। ਇਹ ਜ਼ਿੰਦਗੀ ਦੀ ਡਾਇਲੈਕਟਿਕਸ ਦਾ 'ਨਾਰਮਲ' ਵੇਗ ਹੈ। ਕੋਈ ਅਲੋਕਾਰ ਜਾਂ ਅਣਹੋਣੀ ਗੱਲ ਨਹੀਂ। ਇਹ ਨਿਖਿੱਧ ਹੋਣ ਦਾ ਸਬੂਤ ਨਹੀਂ; ਜੀਊਂਦੇ ਹੋਣ ਦਾ ਸਬੂਤ ਹੈ। ਵਿਰੋਧ ਹਨ; ਵਿਚਾਰਧਾਰਕ ਜਦੋ-ਜਹਿਦ ਚਲ ਰਹੀ ਹੈ। ਇਹਨਾਂ ਵਿਰੋਧਾਂ ਦਾ ਹੱਲ ਹੋ ਜਾਵੇਗਾ। ਹੋਰ ਵਿਰੋਧ ਆਣ ਪੇਸ਼ ਹੋਣਗੇ। ਵਿਰੋਧੀਆਂ ਦੀ ਏਕਤਾ ਦਾ ਕਾਨੂੰਨ ਅਟੱਲ ਹੈ। ਉਹ ਪੰਜਾਬੀ ਸਾਹਿਤ ਦੀ ਮਾਰਕਸਵਾਦੀ ਆਲੋਚਨਾ ਵਿਚ ਵੀ ਚਲਦਾ ਜਾਵੇਗਾ। ਸਾਂਝ ਜਦੋ-ਜਹਿਦ ਤੋਂ ਹੀ ਪੈਦਾ ਹੁੰਦੀ ਹੈ। ਅੰਦਰੂਨੀ ਵਿਰੋਧਾਂ ਦੇ ਹੱਲ ਹੋਇਆਂ ਹੀ ਪੈਦਾ ਹੁੰਦੀ ਹੈ। ਪੁਰਾਣੇ ਵਿਰੋਧਾਂ ਦੇ ਖ਼ਤਮ ਹੋਇਆਂ ਨਵਿਆਂ ਦੇ ਆਇਆਂ ਦੇ ਆਧਾਰ 'ਤੇ ਹੀ ਜ਼ਿੰਦਗੀ ਚਲਦੀ ਹੈ। ਗ਼ਲਤ ਦੀ ਨਿਖੇਧੀ ਕੀਤਿਆਂ ਹੀ, ਉਸ ਨੂੰ ਘਾਤ ਕਰਕੇ ਹੀ ਸਹੀ ਸਥਾਪਤ ਹੁੰਦਾ ਹੈ।[3]

**ਮਾਰਕਸਵਾਦੀ ਬੁਧੀਜੀਵੀਆਂ** ਦਾ ਜ਼ਿਕਰ ਕਰਦਿਆਂ ਡਾਕਟਰ ਫਰੈਂਕ ਰੋਣਾ ਰੋਂਦੇ ਨੇ ਕਿ "ਉਪਰੋਕਤ ਸਾਰੀ ਸਥਿਤੀ ਨੇ ਸਾਹਿਤਾਲੋਚਨਾ ਦੇ ਖੇਤਰ ਵਿਚ ਅਥਾਰਿਟੀ ਦੀ ਅਣਹੋਂਦ ਨੂੰ ਜਨਮ ਦਿਤਾ ਹੈ। ਸਾਹਿੱਤਾਲੋਚਨਾ ਕੋਈ ਵਿਸ਼ੇਸ਼ਗਤਾ ਵਾਲਾ ਖੇਤਰ ਨਹੀਂ ਰਿਹਾ...।" ਲਗਦਾ ਹੈ ਕਿ ਉਹਨਾਂ ਨੂੰ ਰੋਣਾ ਇਸ ਗੱਲ ਦਾ ਪੈ ਗਿਆ ਹੈ ਕਿ ਮਾਰਕਸਵਾਦੀ ਆਲੋਚਨਾ ਨੇ ਇਸ ਖੇਤਰ



ਵਿਚ ਮੁਲਖੱਈਏ ਨੂੰ ਲਿਆ ਵਾੜਿਆ ਹੈ। ਜਣਾ ਖਣਾ ਸਾਹਿਤ ਦੀ ਆਲੋਚਨਾ ਕਰਨ ਵਲ ਔਹਲਣ ਲਗ ਪਿਆ ਹੈ। ਜੇ ਇਹ ਗੱਲ ਸਹੀ ਹੈ, ਤਾਂ ਇਹ ਇਕ ਪਰਾਪਤੀ ਹੈ, ਕਮਜ਼ੋਰੀ ਨਹੀਂ। ਬੜੀ ਖ਼ੁਸ਼ੀ ਦੀ ਗੱਲ ਹੈ। ਸਾਹਿਤ ਦੀ ਆਲੋਚਨਾ ਹੈ ਕੀ? ਵਸਤੂ ਤੇ ਰੂਪ ਦੋਹਾਂ ਪੱਖਾਂ ਤੋਂ ਉਸ ਦੀ **ਬਾਤਨ ਤਕ ਸਮਝ**। ਸਾਹਿਤ ਦੀ ਵਸਤੂ ਕੀ ਹੈ? ਸਮਾਜਕ ਮਨੁਖੀ ਜ਼ਿੰਦਗੀ ਦੇ ਅਹਿਮ, ਬੁਨਿਆਦੀ ਮਸਲੇ। ਪੈਸੇ ਤੋਂ, ਜਾਇਦਾਦ ਤੋਂ, ਮਾਇਆ ਤੋਂ ਬੰਦੇ ਦੀ ਬੰਦ-ਖਲਾਸ ਦੇ ਨੁਕਤੇ ਤੋਂ, ਬੰਦੇ ਦੀ ਆਜ਼ਾਦੀ ਦੇ ਨੁਕਤੇ ਤੋਂ ਉਹਨਾਂ ਮਸਲਿਆਂ ਦੀ ਐਸੀ ਪਰੋਸਣੀ ਜਿਸ ਤੋਂ ਉਹਨਾਂ ਮਸਲਿਆਂ ਦਾ ਸਹੀ ਹੱਲ ਕਲਪਨਾ ਦੀ ਪੱਧਰ 'ਤੇ ਪਾਠਕ ਦੀ ਹੱਡਬੀਤੀ ਬਣੇ। ਸਵਾਲ ਇਹ ਨਹੀਂ ਕਿ "ਵਿਸ਼ੇਸ਼ਗ਼ਾਂ' ਦਾ ਅੱਗੇ ਵਾਲਾ ਟੌਹਰ ਰਿਹਾ ਹੈ ਕਿ ਨਹੀਂ। ਜੇ ਨਹੀਂ ਰਿਹਾ ਤਾਂ ਚੰਗਾ ਹੀ ਹੈ। ਸਵਾਲ ਇਹ ਹੈ ਕਿ ਜਣਾ ਖਣਾ ਸਾਹਿਤ ਰਾਹੀਂ ਸਮਾਜਕ ਮਨੁਖੀ ਜ਼ਿੰਦਗੀ ਦੇ ਮਸਲਿਆਂ ਨੂੰ ਸਮਝਣ ਦੀ, ਉਹਨਾਂ ਬਾਬਤ ਬਹਿਸਣ ਦੀ, ਅਤੇ ਸਾਹਿਤ ਦੀ ਸੁੰਦਰਤਾ ਨੂੰ ਮਾਨਣ ਦੀ ਅਗੇ ਨਾਲੋਂ ਵਧੇਰੇ ਦਲੇਰੀ ਕਰਨ ਲਗ ਪਿਆ ਹੈ। ਮਸਲਾ ਇਹ ਨਹੀਂ ਕਿ ਉਹ 'ਵਿਸ਼ੇਸ਼ੱਗ' ਬਣਿਆ ਹੈ ਕਿ ਨਹੀਂ। ਮਸਲਾ ਉਸ ਦੇ ਅੱਗੇ ਨਾਲੋਂ ਉਪਰ ਉਠਣ ਦਾ ਹੈ। ਜੇ ਇਹ ਲੋਕ-ਪੱਧਰ 'ਤੇ ਹੋਣ ਦੇ ਰਾਹੇ ਪੈ ਗਿਆ ਹੈ ਤਾਂ ਇਹ ਬੜੀ ਖ਼ੁਸ਼ੀ ਦੀ ਗੱਲ ਹੈ। ਹੋਰ ਚਾਹੀਦਾ ਕੀ ਹੈ? ਮਾਓ ਅਨੁਸਾਰ ਸਾਹਿਤ ਤੇ ਕਲਾ ਦੇ ਖੇਤਰ ਵਿਚ ਇਹਨਾਂ ਦੀ ਆਲੋਚਨਾ ਜਦੋ-ਜਹਿਦ ਦਾ ਇਕ ਮੁਖੀ ਤਰੀਕਾ ਹੈ, ਇਕ ਮੁਖੀ ਸੰਦ ਹੈ।[4]

ਮਾਓ ਨੇ ਪੁਰਾਣੇ ਫਿਊਡਲ ਸਮੇਂ ਦੇ ਇਕ ਨਾਵਲ **Water Margin** ਦੀ ਸਾਹਿਤਕ ਆਲੋਚਨਾ ਨੂੰ, ਉਸ ਦੀ ਵਸਤੂ ਦੇ ਵਿਸ਼ਲੇਸ਼ਨ ਨੂੰ ਵਿਚਾਰਧਾਰਕ ਜਮਾਤੀ ਜਦੋ-ਜਹਿਦ ਦਾ ਹਥਿਆਰ ਬਣਾ ਕੇ ਲਿਨ ਪਿਆਓ ਤੇ ਉਸ ਦੀ ਲਾਈਨ ਦੇ ਵਿਰੁਧ ਸਿਆਸੀ ਖੇਤਰ ਵਿਚ ਮੁਲੱਖਈਏ ਦੇ ਪੈਮਾਨੇ 'ਤੇ ਵਰਤਿਆ। ਡਾਕਟਰ ਫਰੈਂਕ ਦੇ ਬੋਗਸ ਸੰਕਲਪ ਦੀ ਅਥਾਰਿਟੀ ਨੂੰ, 'ਵਿਸ਼ੇਸ਼ਗਤਾ' ਨੂੰ ਮਾਰਕਸਵਾਦ ਜੜ੍ਹੋਂ ਲੈਂਦਾ ਹੈ। ਜੇ ਜੜ੍ਹੋਂ ਨਾ ਲਵੇ ਤਾਂ ਉਹ ਮਾਰਕਸਵਾਦ ਨਹੀਂ ਰਹਿੰਦਾ। ਇਹਨਾਂ ਦੇ ਸੰਕਲਪ ਦੀ 'ਅਥਾਰਿਟੀ' ਤੇ 'ਵਿਸ਼ੇਸ਼ਗਤਾ' ਹਨ ਕੀ? ਕੰਮ ਦੀ ਬੁਰਜੁਆ ਵੰਡ। ਕੰਮ ਦੀ ਇਹ ਵੰਡ ਹੀ ਸਮਾਜ ਵਿਚ ਆਪਸ ਵਿਚ ਵਿਰੋਧੀ ਜਮਾਤਾਂ ਦੀ ਹੋਂਦ ਦਾ ਆਧਾਰ ਹੈ। ਜੇ ਮਾਰਕਸਵਾਦ ਨੇ ਇਸ ਨੂੰ ਖਤਮ ਕਰਨ ਦੇ ਰਾਹੇ ਨਹੀਂ ਪੈਣਾ ਤਾਂ ਉਸ ਨੇ ਹੋਰ ਕਰਨਾ ਵੀ ਕੀ ਹੈ? ਉਸ ਨੇ ਸਮਾਜ ਵਿਚੋਂ ਆਪਸ ਵਿਚ ਵਿਰੋਧੀ ਜਮਾਤਾਂ, ਜਮਾਤੀ ਅੰਗ ਮੁਕਾਉਣਾ ਕਿਸ ਤਰ੍ਹਾਂ ਹੈ? ਸਮਾਜ ਦੇ ਜਮਾਤੀ ਅੰਗ ਨੇ ਖਾਸ ਕਰ ਪੈਦਾਵਾਰ ਦੇ ਬੁਰਜੁਆ ਰੂਪ ਨੇ, ਕੰਮ ਦੀ ਬੁਰਜੁਆ ਵੰਡ ਨੇ ਲੋਕਾਂ ਨੂੰ, ਮੁਲੱਖਈਏ ਨੂੰ ਹਰ ਪਾਸਿਉਂ ਕੰਗਾਲ ਤੇ ਹੱਥਲ ਕਰ ਰਖਿਆ ਹੈ। ਮੁਲੱਖਈਏ ਕੋਲੋਂ ਸਭ ਕੁਛ ਖੋਹ ਕੇ ਮਾਹਿਰਾਂ ਤੇ ਪ੍ਰਬੰਧਕਾਂ, ਹਾਕਮਾਂ ਦੀ ਝੋਲੀ ਪਾ ਦਿੱਤਾ ਹੈ। ਇਸ ਵੰਡ ਨਾਲ ਮੁਲੱਖਈਆ ਪਦਾਰਥਕ ਪੈਦਾਵਾਰ ਵਲੋਂ, ਜ਼ਿੰਦਗੀ ਦੇ ਵਸੀਲਿਆਂ ਵਲੋਂ ਹੀ ਕੰਗਾਲ ਨਹੀਂ ਹੋਇਆ, ਬਲਕਿ ਹਰ ਕਿਸਮ ਦੇ ਗਿਆਨ ਵਲੋਂ, ਕਲਚਰ ਵਲੋਂ, ਸਾਹਿਤ ਕਲਾ ਆਦਿ ਰਾਹੀਂ ਸੁੰਦਰਤਾ ਦੀ ਸਿਰਜਣਾ ਵਲੋਂ, ਇਹਨਾਂ ਦੇ ਸੱਚ ਤੇ ਸੁੰਦਰਤਾ ਨੂੰ ਮਾਨਣ ਵਲੋਂ...ਗੱਲ ਕੀ, ਜ਼ਿੰਦਗੀ ਦੀ ਹਰ ਨਿਆਮਤ ਵਲੋਂ ਕੰਗਾਲ ਹੋਇਆ ਹੈ। ਵਿਜੋਗਿਆ ਗਿਆ ਹੈ।

**ਡਾਕਟਰ ਫਰੈਂਕ** ਦੇ ਸੰਕਲਪ ਦੀ ਅਥਾਰਿਟੀ ਤੇ ਵਿਸ਼ੇਸ਼ੱਗਤਾ ਲੋਕਾਂ ਦਾ, ਮੁਲੱਖਈਏ ਦਾ ਸਾਹਿਤ ਤੇ ਕਲਾ ਦੀ ਸਮਝ ਨਾਲੋਂ, ਉਹਨਾਂ ਨੂੰ ਮਾਨਣ ਨਾਲੋਂ ਵਿਜੋਗ ਹੈ। ਮਾਹਿਰ ਤੇ ਮੁਲੱਖਈਏ ਦਾ ਪਾੜਾ ਮੇਟਣਾ, ਹਰ ਖੇਤਰ ਵਿਚੋਂ, ਭਾਵੇਂ ਉਹ ਪਦਾਰਥਕ ਪੈਦਾਵਾਰ ਦਾ ਖੇਤਰ ਹੈ, ਸਾਇੰਸ

ਟੈਕਨਾਲੋਜੀ ਦਾ ਖੇਤਰ ਹੈ, ਸਾਇੰਸ ਦੀ ਖੋਜ ਦਾ ਦਾਇਰਾ ਹੈ, ਭਾਵੇਂ ਸਿਆਸੀ ਖੇਤਰ ਹੈ ਕਲਚਰ ਦਾ, ਕਲਾ ਸਾਹਿਤ ਆਦਿ ਦਾ ਖੇਤਰ ਹੈ ਕੰਮ ਦੀ ਬੁਰਜੁਆ ਵੰਡ ਨੂੰ ਖਤਮ ਕਰਨਾ ਮਾਰਕਸਵਾਦ ਦਾ ਨਿਸ਼ਾਨਾ ਹੈ, ਉਸ ਦਾ ਅਸਲਾ ਹੈ। ਇਸ ਵਾਸਤੇ ਹੀ ਜ਼ਿੰਦਗੀ ਦੇ ਹਰ ਖੇਤਰ ਵਿਚ, ਸਮਾਜ ਦੇ ਹਰ ਮੁਹਾਜ਼ 'ਤੇ ਮਾਰਕਸਵਾਦ ਦੀ ਜਿੰਦ-ਜਾਨ ਹੈ ਲੋਕ ਲਾਈਨ। ਭਾਵੇਂ ਫਿਲਾਸਫੀ ਤੇ ਇਤਿਹਾਸ ਹੋਣ,[5] ਭਾਵੇਂ ਟੈਕਨਾਲੋਜੀ ਦੀ ਉਸਾਰੀ ਤੇ ਸਾਇੰਸ ਆਦਿ ਦੀ ਖੋਜ, ਭਾਵੇਂ ਕਲਚਰ ਦੀ ਸਿਰਜਣਾ ਹੋਵੇ, ਭਾਵੇਂ ਕਲਾ / ਸਾਹਿਤ ਦੀ ਰਚਨਾ ਤੇ ਉਹਨਾਂ ਦੀ ਆਲੋਚਨਾ...ਕੁਝ ਵੀ ਹੋਵੇ, ਕਿਸੇ ਖੇਤਰ ਨੂੰ ਵੀ, ਮਾਰਕਸਵਾਦ ਨਿਰੇ ਮਾਹਿਰਾਂ ਦੀ ਮਲਕੀਅਤ ਨਹੀਂ ਰਹਿਣ ਦੇ ਸਕਦਾ। ਮੁਲੱਖਈਏ ਦੇ ਹਰ ਪਾਸਿਉਂ ਬਾਲਗ ਹੋਣ ਵਾਸਤੇ, ਆਪਣੇ ਕੋਲੋਂ ਖੁੱਸੀ ਹਰ ਚੀਜ਼ ਨੂੰ ਮੁੜ ਵਾਪਸ ਲੈਣ ਵਾਸਤੇ, ਆਪਣੀ ਜ਼ਿੰਦਗੀ, ਆਪਣੀ ਤਕਦੀਰ ਦੇ ਆਪ ਮਾਲਕ ਹੋਣ ਵਾਸਤੇ, ਸਮਾਜ ਦੀ ਵਾਗ-ਡੋਰ ਸੰਭਾਲਣ ਦੇ ਯੋਗ ਹੋਣ ਵਾਸਤੇ ਲੋਕ-ਲਾਈਨ ਤੋਂ ਬਗੈਰ ਹੋਰ ਰਾਹ ਹੀ ਕਿਹੜਾ ਹੈ? ਨਾਲੇ ਜਿਸ ਤਰ੍ਹਾਂ ਮਾਓ ਦੀ ਟੂਕ ਤੋਂ ਪ੍ਰਤਖ ਹੈ—ਕਲਾ / ਸਾਹਿਤ ਵਾਂਗ ਉਹਨਾਂ ਦੀ ਆਲੋਚਨਾ ਵੀ ਸਮਾਜਕ ਮਨੁਖੀ ਜ਼ਿੰਦਗੀ ਦੇ ਮਸਲਿਆਂ ਦਾ ਵਿਸ਼ਲੇਸ਼ਨ ਹੀ ਨਹੀਂ, ਇਸ ਦਾ ਅਸਲਾ ਵਿਚਾਰਧਾਰਕ ਵੀ ਹੈ। ਇਸ ਨੂੰ ਵੀ ਮੁਲੱਖਈਆ ਆਪਣੇ ਹੱਥ ਕਿਉਂ ਨਾ ਲਵੇ? ਪੰਜਾਬੀ ਸਾਹਿਤ ਦੀ ਆਲੋਚਨਾ ਵਿਚ ਜੇ ਇਹ ਪਿਰਤ ਪੈਣ ਲਗ ਪਈ ਹੈ ਤਾਂ ਇਹ ਸਹੀ ਦਿਸ਼ਾ ਵਲ ਨੂੰ ਕਦਮ ਹੈ। ਰੋਣਾ ਕਾਹਦਾ? ਗਿਆਨ ਨੂੰ ਜੱਫਾ ਮਾਰ ਕੇ, ਹੋਰਨਾਂ ਨੂੰ ਦੂਰੇ ਦੂਰੇ ਕਰ ਕੇ, ਦੂਰ ਰਖ ਕੇ ਮਾਹਿਰ ਬਣਨਾ ਇਕ ਗੱਲ ਹੈ ਅਤੇ ਆਪਣੇ ਮਜ਼ਮੂਨ ਦਾ ਪੂਰੀ ਤਰ੍ਹਾਂ ਜਾਣਕਾਰ ਹੋਣਾ, ਉਸ ਵਿਚ ਪੂਰੀ ਯੋਗਤਾ ਹਾਸਲ ਕਰਨਾ, ਬਿਲਕੁਲ ਦੂਸਰੀ। ਕੀ ਡਾਕਟਰ ਫਰੈਂਕ ਦਸ ਸਕਦੇ ਹਨ ਕਿ ਨਜਮ ਹੁਸੈਨ ਸੱਯਦ ਹੋਰਾਂ ਨੂੰ ਕਵਿਤਾ ਤੇ ਸਾਹਿਤ ਦੀ ਸਮਝ ਕਿਸ 'ਵਿਸ਼ੇਸ਼ੱਗ' ਨਾਲੋਂ ਘਟ ਹੈ? ਜਿਥੋਂ ਤਕ ਅਥਾਰਿਟੀ ਦੀ ਗੱਲ ਹੈ ਵਿਚਾਰਧਾਰਕ ਜਦੋ-ਜਹਿਦ ਨਾਲ ਜੋ ਸਹੀ ਸਾਬਤ ਹੋ ਗਿਆ ਉਹ ਆਪਣੇ ਆਪ ਸਹੀ ਮੰਨਿਆ ਜਾਵੇਗਾ। ਸਹੀ ਨਾਲੋਂ ਵੱਡੀ ਅਥਾਰਿਟੀ ਹੋਰ ਕਿਹੜੀ ਹੁੰਦੀ ਹੈ?

**ਪੰਜਾਬੀ ਆਲੋਚਨਾ-ਖੇਤਰ** ਵਿਚ ਮਾਰਕਸਵਾਦੀ ਨਜ਼ਰੀਏ ਤੋਂ ਸਾਹਿਤ ਦੀ ਆਲੋਚਨਾ ਕਰਨ ਦਾ ਸਿਧਾਂਤ ਪੇਸ਼ ਹੋ ਚੁਕਾ ਹੈ। ਗੁਰਬਾਣੀ ਤੇ ਸੂਫੀ ਸਾਹਿਤ ਦਾ ਪੈਟਰਨ ਸਪਸ਼ਟ ਕੀਤਾ ਜਾ ਚੁਕਾ ਹੈ। ਉਹਨਾਂ ਦੇ ਮੂਲ ਮਜ਼ਮੂਨ—ਨਾਇਕ ਦੀ, ਰੱਬ ਦੀ—ਸਮਾਜਕ ਮਨੁਖੀ ਵਸਤੂ, ਉਸ ਦਾ ਜਮਾਤੀ ਪੈਂਤੜਾ ਸਪਸ਼ਟ ਕੀਤਾ ਜਾ ਚੁਕਾ ਹੈ। ਵਾਰਿਸ ਸ਼ਾਹ ਦੀ ਵਿਆਖਿਆ ਰਾਹੀਂ ਕਿੱਸਾ-ਸਾਹਿਤ ਦਾ ਤਾਣਾਪੇਟਾ ਵੀ ਸਪਸ਼ਟ ਕੀਤਾ ਜਾ ਚੁਕਾ ਹੈ। ਕਿੱਸਾ ਸਾਹਿਤ ਦੇ ਮੂਲ ਮਜ਼ਮੂਨ—ਇਸ਼ਕ—ਦੀ ਅਸਲੀਅਤ ਵੀ ਸਮਝੀ ਤੇ ਬਿਆਨ ਕੀਤੀ ਗਈ ਹੈ। ਸਰਮਾਏਦਾਰੀ ਦੌਰ ਦੀਆਂ ਕਾਫੀ ਸਾਹਿਤਕ ਰਚਨਾਵਾਂ ਦੀ, ਤੇ ਕਾਫ਼ੀ ਸਾਹਿਤਕਾਰਾਂ ਦੀ ਮਾਰਕਸਵਾਦੀ ਆਲੋਚਨਾ ਵੀ ਹੋ ਚੁਕੀ ਹੈ। ਹੋਰ ਹੁੰਦੀ ਜਾ ਰਹੀ ਹੈ। ਸੂਚੀ ਪੇਸ਼ ਕਰਨ ਦੀ ਲੋੜ ਨਹੀਂ। ਇਹ ਸੁੱਟ ਪਾਉਣ ਵਾਲੀ ਜਾਂ ਨਜ਼ਰ-ਅੰਦਾਜ਼ ਕਰਨ ਵਾਲੀ ਪਰਾਪਤੀ ਨਹੀਂ। ਮਾਰਕਸਵਾਦੀ ਆਲੋਚਨਾ ਨੇ ਪੰਜਾਬੀ ਸਾਹਿਤ ਦਾ ਤਰਤੀਬਵਾਰ ਇਤਿਹਾਸ ਅਜੇ ਨਹੀਂ ਲਿਖਿਆ। ਹਰ ਸਾਹਿਤਕ ਕਿਰਤ ਦੇ ਬਾਤਨ ਤਕ ਜਾਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ।[6] ਮਾਰਕਸਵਾਦੀ ਨਜ਼ਰੀਏ ਨੇ ਹਰ ਪੁੱਠੀ ਹੋਈ ਚੀਜ਼ ਨੂੰ ਮੁੜ ਸਿੱਧਿਆਂ ਕਰਨਾ ਹੈ। ('the reversed history must be set right') ਹਰ ਚੀਜ਼ ਦੀ ਕਾਇਆਂ-ਪਲਟੀ ਕਰਨੀ, ਹਰ ਪੁੱਠੀ ਬੁਣੀ ਬੁਣਤੀ ਨੂੰ ਉਧੇੜ ਕੇ ਮੁੜ ਸਿੱਧਿਆਂ ਬੁਣਨਾ ਬਾਏਂ ਹਾਥ ਦਾ ਕਰਤਬ ਨਹੀਂ। ਜੇ ਡਾਕਟਰ ਫਰੈਂਕ ਵਾਂਗ ਬਗੈਰ ਤੱਥਾਂ ਦੇ ਅਤੇ ਬਗੈਰ ਤੱਥਾਂ 'ਤੇ ਆਧਾਰਤ ਦਲੀਲਾਂ ਦੇ ਨਿਰੀ



ਜ਼ਬਾਨ ਹੀ ਵਾਹ ਦੇਣੀ ਹੋਵੇ, ਤਾਂ ਚੰਦ ਘੰਟਿਆਂ ਵਿਚ ਹੀ ਸਭ ਪੁਰਾਣੇ ਤੇ ਨਵੇਂ ਸਾਹਿਤ 'ਤੇ ਜ਼ਬਾਨ ਵਾਹੀ ਜਾ ਸਕਦੀ ਹੈ। **ਪਰ ਮਾਰਕਸਵਾਦੀ ਨਜ਼ਰੀਆ ਸਿੱਕੇਬੰਦ ਤੱਥਾਂ ਤੋਂ ਬਗੈਰ ਤੇ ਉਹਨਾਂ 'ਤੇ ਆਧਾਰਤ ਠੋਸ ਦਲੀਲਾਂ ਤੋਂ ਬਗੈਰ ਪੈਰ ਨਹੀਂ ਪੁਟਣ ਦੇਂਦਾ।**

---

1. The revolutionary opposition to feudalism was alive throughout all the Middle Ages. According to the conditions of the time, it appeared in the form of mysticism, as open heresy, or as armed insurrection. Engels : The Peasant War in Germany.

2. The universality or absoluteness of contradiction has a two-fold meaning. One is that contradiction exists in the process of development of all things, and the other is that in the process of development of each thing a movement of opposites exists from beginning to end. Mao

The interdependence of the contradictory aspects present in all things and the struggle between these aspects determine the life of all things and push their development forward. There is nothing that does not contain contradiction; without contradiction nothing would exist. Mao

The contradiction between representatives of the proletariat and of the bourgeoisie exists all along within the Communist Party, even when the proletariat and its party are not in power. Bob Avakian.

There is a contradiction within all Communists between proletarian and boourgeois ideology, and under conditions these aspects, too can be transformed into their opposites. Communists can be turned into their opposites. Bob Avakian.

Our commodities have a dual nature. In a hundred year's time commodities will still have a dual nature. Things which are not commodities have a dual nature too. Our comrades likewise have a dual nature, correct and incorrect. Don't you have a dual nature? I know I have. Mao

3....synthesis shows how, through the struggle between two opposite aspects, one prevails, defeats and eliminates the other, how an old contradiction is resolved and a new one emerges, and how an old thing is eliminated and a new thing triumphs. In plain words, synthesis means one 'eats up' the other. Mao

...with regard to the contradiction between right and wrong among the people, this is resolved by non-antagonistic means, through ideological struggle. But in this process right still 'eats up' wrong.

4. Literary and art criticism is one of the principal methods of struggle in the world of literature and art. Mao

5. 'The reversed history must be set right.'...

Facts have proved that the workers, peasants, and soldiers can use Marxism to study and learn history. Liberate history from the confines of historians' lecture rooms and text books, and turn it into a sharp weapon in the hands of the masses– this is not only absolutely necessary but entirely possible.

6. If the analysis is to be Marxist it must proceed beyond the phenomenal to reveal the essential processes at work. Philip Corrigan

---


**Bhagwan Josh**

**COMMUNIST MOVEMENT IN PUNJAB (1926-47)**

**The only book of its kind on the subject...factual, analytical...at places showing brilliant insight into what-has-been and what-could-have-been the communist movement in the Punjab and for that matter, in India.** Hardbound, pages 220, Price : Rs. 60

**Order for your copy to Anupma Publications, 80 Banarsi Dass Bldg, Gandhi Nagar, Delhi-31. or to SEDH, A-42, Defence Colony, N.Delhi-2**

---

## ਗੁਰਬਾਣੀ ਦਾ ਸੱਚ

ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਿਹ ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ਼ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ। ਸਫ਼ੇ 200, ਸੁੰਦਰ ਦਿੱਖ, ਮੁਲ : 15 ਰੁਪੈ, 1.50 ਪੌਂਡ, 2.75 ਡਾਲਰ।

---

## ਸਿੱਖ ਲਹਿਰ

ਪ੍ਰੋ. ਕਿਸ਼ਨ ਸਿੰਘ

ਸਿੱਖ-ਲਹਿਰ ਦੇ ਇਤਿਹਾਸ, ਉਸ ਦੇ ਜਮਾਤੀ ਪੈਂਤੜੇ ਅਤੇ ਅਸਲੇ ਨੂੰ ਸਮਝਣ ਲਈ ਇਕ ਅਦੁੱਤੀ ਪੁਸਤਕ। ਸਫ਼ੇ 210; ਮੁੱਲ : 10 ਰੁ:, ਪੱਕੀ ਜਿਲਦ

ਇਸ ਪੁਸਤਕ ਲਈ ਸੇਧ ਨੂੰ ਲਿਖੋ।






## ਸਾਇੰਸ-ਟੈਕਨਾਲੋਜੀ : ਮੁਨਾਫ਼ੇ ਲਈ ਜਾਂ ਮਨੁਖ ਦੀ ਆਜ਼ਾਦੀ ਲਈ ?

ਕਿਸ਼ਨ ਸਿੰਘ

[ਆਏ ਇਨਕਲਾਬ ਕੁਰਾਹੇ ਕਿਉਂ ? ਲੇਖ-ਲੜੀ ਸੇਧ ਦੇ ਅਪ੍ਰੈਲ 1979 ਅੰਕ ਤੋਂ ਸ਼ੁਰੂ ਕੀਤੀ ਗਈ ਸੀ। ਮਈ 1980 ਅੰਕ ਵਿਚ ਇਸ ਲੜੀ ਦੀ 12ਵੀਂ ਕਿਸ਼ਤ ਛਪੀ ਸੀ। ਜੂਨ ਤੋਂ ਨਵੰਬਰ ਅੰਕ ਤਕ ਇਸ ਦੀਆਂ ਛੇ ਹੋਰ ਕਿਸ਼ਤਾਂ ਛਪ ਚੁਕੀਆਂ ਹਨ। ਇਹਨਾਂ ਦੇ ਨੰਬਰ ਦੇਣੋ ਰਹਿ ਗਏ ਸਨ। ਹੁਣ ਇਸ ਹਥਲੇ ਅੰਕ ਵਿਚ ਇਸ ਲੇਖ-ਲੜੀ ਦੀ 19ਵੀਂ ਕਿਸ਼ਤ ਦਿਤੀ ਜਾ ਰਹੀ ਹੈ। ਇਸ ਵਿਸ਼ੇ ਦੀ ਮਹੱਤਤਾ ਇਸ ਗੱਲ ਤੋਂ ਪ੍ਰਗਟ ਹੈ ਕਿ ਅਜ ਦੁਨੀਆਂ ਭਰ ਦੇ ਦੇਸ਼ਾਂ ਵਿਚ, ਸੁਹਿਰਦ ਮਾਰਕਸਵਾਦੀ ਇਸ ਸਮੱਸਿਆ ਨੂੰ ਮੁਖਾਤਬ ਹੋ ਰਹੇ ਹਨ ਕਿ ਸਮਾਜਵਾਦੀ ਇਨਕਲਾਬ, ਜਿਹਨਾਂ ਦੇਸ਼ਾਂ ਵਿਚ ਵੀ ਆਏ, ਆਖਰ ਉਹ ਕਿਉਂ ਕੁਰਾਹੇ ਪੈ ਗਏ। ਜਿਵੇਂ ਕਿ ਅਸੀਂ ਸੇਧ ਦੇ ਸਫ਼ਿਆਂ ਵਿਚ ਵੀ ਵਾਰ ਵਾਰ ਲਿਖ ਚੁਕੇ ਹਾਂ ਕਿ ਇਸ ਵਿਸ਼ੇ ਦੇ ਫੋਲਣ, ਡੂੰਘਾਈ ਵਿਚ ਜਾ ਕੇ ਇਸ ਦੀ ਛਾਣਬੀਨ ਕਰਨ, ਅਤੇ ਇਸ ਦੇ ਸਮਝਣ ਸਮਝਾਉਣ ਵਿਚ ਹੀ ਮਾਰਕਸਵਾਦੀ ਲਹਿਰ ਦੇ ਅਗਾਂਹ ਪੁਲਾਘਾਂ ਪੁਟਣ ਦੀ ਆਸ ਹੈ ਅਤੇ ਇਸ ਦੀ ਜ਼ਾਮਨੀ ਵੀ।

ਇਨਕਲਾਬ ਪੋਲੇ-ਹੱਥੀਂ ਨਹੀਂ ਹੋ ਜਾਂਦੇ। ਕਾਮਿਆਂ ਕਿਸਾਨਾਂ ਦੇ ਹੱਥ ਸਟੇਟ ਦੀ ਤਾਕਤ ਆਉਂਦੀ ਹੈ ਆਪਣੀ ਜਾਨ ਦੀ ਬਾਜ਼ੀ ਲਾ ਕੇ, ਮਣਾਂ ਮੂੰਹੀਂ ਖੂਨ ਡੋਲ੍ਹ ਕੇ...ਤੇ ਅਖ਼ੀਰ ਸਟੇਟ ਦੀ ਤਾਕਤ ਚਲੀ ਜਾਂਦੀ ਹੈ ਕਾਮਿਆਂ / ਕਿਸਾਨਾਂ ਦੇ ਵਿਚੋਂ ਹੀ ਉਭਰੇ ਬੁਰਜੂਆ ਅੰਸਰਾਂ ਦੇ ਹੱਥ...ਤੇ ਉਹ ਸਮਾਜਵਾਦ ਨੂੰ ਬਣਾ ਧਰਦੇ ਹਨ ਸੁੱਧਾ ਇਕਾਨੋਮਿਜ਼ਮ। ਕਾਮਿਆਂ ਕਿਸਾਨਾਂ ਨੂੰ ਪੰਜਾਲੀ ਜੋਂਦੇ ਹਨ ਆਪਣੀ ਸਟੇਟ-ਸਰਮਾਏਦਾਰੀ ਦੀ। ਭਾਰ ਲੱਦਦੇ ਹਨ ਉਹਨਾਂ 'ਤੇ ਸਗੋਂ ਬਹੁਤਾ। ਨਾਂਅ ਦੇਂਦੇ ਹਨ ਉਸ ਨੂੰ, ਸਮਾਜਵਾਦੀ ਆਰਥਕ ਉਸਾਰੀ ਦਾ ਜਾਂ ਮਾਡਰਨਾਈਜੇਸ਼ਨ ਦਾ...ਬੰਦੇ ਦੀ ਜੂਨ ਸੁਧਾਰਨ ਦੀ ਥਾਂ ਉਸ ਨੂੰ ਬਣਾਉਂਦੇ ਹਨ ਲੱਦੇ ਦਾ ਪਸ਼ੂ...ਤੇ ਅਖੀਰ ਨਵਾਂ ਸਮਾਜਵਾਦੀ ਮਨੁਖ ਉਤਪਨ ਹੋਣ ਦੀ ਥਾਂ ਉਤਪਨ ਹੁੰਦਾ ਹੈ—ਖਾਈ ਹੰਢਾਈ ਦਾ ਪੁਤਲਾ—ਮਹਿਜ਼ ਆਰਥਕ ਮਨੁਖ। ਉਸਾਰਨਾ ਸੀ ਇਨਕਲਾਬ ਦੇ ਪਿਛੋਂ ਦੇ ਸਮਾਜਵਾਦੀ ਸਮਾਜ ਨੇ ਨਵਾਂ ਮਨੁਖ, ਸਮਾਜਵਾਦੀ ਬਣਤਰ ਵਾਲ਼ਾ ਮਨੁਖ...ਤੇ ਉਸਰਿਆ ਹੈ ਇਹਨਾਂ ਨਾਂ-ਨਿਹਾਦ ਸਮਾਜਵਾਦੀ ਦੇਸ਼ਾਂ ਵਿਚ ਨਿਹਾਇਤ ਗਿਆ ਗੁਜ਼ਰਿਆ ਜੀਵ...ਖ਼ੁਦਗਰਜ਼, ਲਾਲਚੀ, ਕਰੁਪੱਟ, ਕੈਰੀਅਰਿਸਟ, ਆਪੋਧਾਪ ਦੀ ਸੋਚ ਦਾ ਸ਼ਿਕਾਰ। ਸਾਡੇ ਬਹੁਤ ਸਾਰੇ ਮਾਰਕਸਵਾਦੀਆਂ ਦਾ ਵਾਹ ਪਿਛਲੇ 25-30 ਸਾਲਾਂ ਵਿਚ ਰੂਸੀਆਂ ਦੀ ਅਫ਼ਸਰਸ਼ਾਹੀ ਨਾਲ ਬਹੁਤ ਪਿਆਰ ਹੈ (ਚੀਨੀਆਂ ਦੀ ਨਾਲ ਮੁਕਾਬਲਤਨ ਘਟ ਪਿਆ ਹੈ) ਨਵੇਂ ਕਥਿਤ ਸਮਾਜਵਾਦੀ ਮਨੁਖ ਬਾਰੇ ਗੱਲ ਉਹਨਾਂ ਦੇ ਮੂੰਹੋਂ ਸੁਣਾਂਗੇ...ਛੇਤੀ ਹੀ ਸੇਧ ਦੇ ਅਗਲੇ ਅੰਕਾਂ ਵਿਚ...

ਪਰ ਇਦਾਂ ਕਿਉਂ ਹੋਇਆ ਹੈ ? ਇਕ ਸਮਾਜਵਾਦੀ ਦੇਸ਼, ਸਟੇਟ-ਸਰਮਾਇਆਦਾਰੀ ਕਿਉਂ ਤੇ ਕਿਵੇਂ ਬਣਦਾ ਹੈ ? ਮਾਰਕਸਵਾਦ ਨੂੰ ਇਕਾਨੋਮਿਜ਼ਮ ਵਿਚ ਕਿਹੜੀਆਂ ਸ਼ਕਤੀਆਂ ਤਬਦੀਲ ਕਰ ਦੇਂਦੀਆਂ ਹਨ ? ਇਹੀ ਸਾਰਾ ਮਸਲਾ ਹੈ ਅਤੇ ਏਸੇ ਦੇ ਘੋਖਣ ਨਾਲ ਹੀ ਅਗਾਂਹ ਵਾਸਤੇ ਧੁੰਦ ਸਾਫ਼ ਹੋ ਸਕਦੀ ਹੈ ।

ਇਸ ਮਸਲੇ 'ਤੇ ਅਤੇ ਇਸ ਮਸਲੇ ਦੇ ਸਭ ਪੱਖਾਂ 'ਤੇ ਆਖ਼ਰੀ ਗੱਲ ਕੋਈ ਇਕ ਵਿਅਕਤੀ ਨਹੀਂ ਕਹਿ ਸਕਦਾ । ਇਹ ਮਸਲਾ **ਸਾਂਝਾ ਜਤਨ** ਮੰਗਦਾ ਹੈ । ਪਰੰਤੂ ਚੁਪ ਵੱਟੀ ਬੈਠੇ ਹਨ ਸਾਡੇ ਮਾਰਕਸਵਾਦੀ ਭਾਈ ! ਕਿਸੇ ਦੇ ਨਿਜੀ / ਜ਼ਾਤੀ ਹਿੱਤ ਇਕ 'ਸਮਾਜਵਾਦੀ' ਦੇਸ਼ ਨਾਲ ਜੁੜੇ ਹੋਏ ਹਨ ਅਤੇ ਕੋਈ ਕਿਸੇ ਹੋਰ 'ਸਮਾਜਵਾਦੀ' ਦੇਸ਼ ਦੇ ਥਣਾਂ ਨੂੰ ਚਮੜਿਆ ਹੋਇਆ ਹੈ । ਕੋਈ ਇਕ ਦੇਸ਼ ਦੀ ਦਲਾਲੀ ਕਰ ਰਿਹਾ ਹੈ ਤੇ ਕੋਈ ਦੂਜੇ ਦੇਸ਼ ਦੀ...ਤੇ ਜ਼ਿਦਗੀ ਦੀ ਇਹ ਇਕ ਕਠੋਰ ਹਕੀਕਤ ਹੈ ਕਿ ਦਲਾਲੀ ਕਰਨ ਵਾਲਾ ਬੰਦਾ ਮੂੰਹੋਂ ਸੱਚ ਨਹੀਂ ਉੱਕਰ ਸਕਦਾ...

ਬਸ, ਇਹੀ ਸਾਰਾ ਦੁਖਾਂਤ ਹੈ । ਬੋਲਣਾ ਮਾਰਕਸਵਾਦੀਆਂ ਨੇ ਸੀ; ਉਹਨਾਂ ਦੇ ਮੂੰਹ ਸੀਤੇ ਪਏ ਹਨ । ਬੋਲਣਾ ਉਹਨਾਂ ਨੇ ਸੀ ਜਿਹਨਾਂ ਨੇ ਵਧਦੀ / ਚੜ੍ਹਦੀ ਮਾਰਕਸੀ ਲਹਿਰ ਨਾਲ ਜੁੜਨਾ ਸੀ... ਪਰ ਉਹ ਸਮੁੱਚੀ ਲਹਿਰ ਤੋਂ ਹੀ ਬਦਜ਼ਨ ਹੋ ਗਏ ਹਨ । ਕਥਿਤ ਮਾਰਕਸਵਾਦੀਆਂ ਦੇ ਚਾਲੇ ਵੇਖ ਵੇਖ ਕੇ ਉਹ ਮਾਰਕਸਵਾਦੀ ਸਿਧਾਂਤ ਵਲੋਂ ਹੀ ਬੇਮੁਖ ਹੋ ਗਏ ਹਨ । ਅਵਸਥਾ ਗੰਭੀਰ ਹੈ । ਸੁਹਿਰਦ ਮਾਰਕਸਵਾਦੀਆਂ ਨੂੰ, ਸਮਾਜਵਾਦ ਦੇ ਉਹਨਾਂ ਮੁਦੱਈਆਂ ਨੂੰ ਜਿਹਨਾਂ ਦੇ ਆਰਥਕ ਸੁਆਰਥ ਇਹਨਾਂ 'ਸਮਾਜਵਾਦੀ' ਦੇਸ਼ਾਂ ਨਾਲ ਨਹੀਂ ਬੱਝੇ ਹੋਏ, ਸਾਡੀ ਅਪੀਲ ਹੈ ਕਿ ਉਹ ਇਸ ਮਸਲੇ ਨੂੰ ਮੁਖ਼ਾਤਿਬ ਹੋਣ, ਇਸ ਬਾਰੇ ਖੁਲ੍ਹ ਕੇ ਬੋਲਣ, ਵਿਚਾਰ-ਵਟਾਂਦਰਾ ਕਰਨ । ਇਸ ਵਿਚਾਰ-ਵਟਾਂਦਰੇ ਵਿਚੋਂ ਹੀ ਜਮਾਤੀ ਜਦੋਜਹਿਦ ਦੀ ਸੇਧ ਨਿਕਲ ਅਤੇ ਸਮਾਜਵਾਦ ਦੇ ਭਵਿਸ਼ ਬਾਰੇ ਆਸ ਦੀ ਕੋਈ ਕਿਰਨ ਫੁਟ ਸਕਦੀ ਹੈ—ਸੰਪਾਦਕ]

ਜਿਸ ਤਰ੍ਹਾਂ ਉਸਾਰ (ਸਟੇਟ, ਰਾਜ-ਪ੍ਰਬੰਧ, ਸਿਆਸਤ, ਵਿਚਾਰਧਾਰਾ, ਕਲਚਰ, ਕਲਾ, ਵਿਦਿਆ, ਪ੍ਰੈਸ ਆਦਿ) ਤਾਕਤ ਹੈ, ਏਸੇ ਤਰ੍ਹਾਂ ਹੀ ਨੀਂਹ ਦੀ ਪੱਧਰ 'ਤੇ ਪੈਦਾਵਾਰ ਦੀਆਂ ਸ਼ਕਤੀਆਂ ਤਾਕਤ ਹਨ । ਜੇ ਪੈਦਾਵਾਰ ਦੇ ਵਸੀਲੇ ਕਾਨੂੰਨੀ ਤੌਰ 'ਤੇ ਪਰੋਲਤਾਰੀ ਦੀ ਸਟੇਟ ਦੀ ਮਲਕੀਅਤ ਹੋ ਵੀ ਜਾਣ ਤਾਂ ਵੀ ਜੇ ਟੈਕਨਾਲੋਜੀ / ਮਸ਼ੀਨ ਬੁਰਜੁਆਜ਼ੀ ਦੇ, ਬੁਰਜੁਆ ਪੈਂਤੜੇ ਦੇ ਹੱਥ ਰਹਿੰਦੀ ਹੈ ਤਾਂ ਇਸ ਦਾ ਸਿੱਧਾ ਹੀ ਮਤਲਬ ਹੈ ਕਿ ਪੈਦਾਵਾਰ ਦੇ ਕੇਂਦਰਾਂ ਵਿਚ ਕੰਮ ਦੀ ਵੰਡ ਮੂਲ ਰੂਪ ਵਿਚ ਬੁਰਜੁਆ ਹੈ । ਦੂਸਰੇ ਲਫ਼ਜ਼ਾਂ ਵਿਚ ਪੈਦਾਵਾਰ ਦੇ ਰਿਸ਼ਤਿਆਂ ਦਾ ਜੁੱਸਾ ਤਕਰੀਬਨ ਬੁਰਜੁਆ ਹੈ ।

ਅਜ ਸਾਇੰਸ ਪੈਦਾਵਾਰ ਦੀ ਸ਼ਕਤੀ ਹੈ । ਪੈਦਾਵਾਰ ਕਰਦੇ ਬੰਦੇ ਤੋਂ ਇਲਾਵਾ, ਕੁਦਰਤ ਦੇ ਪਾਸਿਉਂ ਸਾਇੰਸ ਤੇ ਉਸ ਦੀ ਪੈਦਾ ਕੀਤੀ ਟੈਕਨਾਲੋਜੀ ਹੀ ਮੂਲ ਰੂਪ ਵਿਚ ਪੈਦਾਵਾਰ ਦੀ ਸ਼ਕਤੀ ਹੈ । ਪੈਦਾਵਾਰ ਦੇ ਸਾਧਨ, ਸਾਇੰਸ ਤੇ ਟੈਕਨਾਲੋਜੀ ਬੁਰਜੁਆ ਪੈਂਤੜੇ ਦੇ ਹੱਥ ਰਹਿੰਦੀਆਂ ਹਨ ਜਾਂ ਪਰੋਲਤਾਰੀ ਦਾ ਪੈਂਤੜਾ ਉਹਨਾਂ ਨੂੰ ਆਪਣੇ ਹੱਥ ਵਿਚ ਲੈ ਲੈਂਦਾ ਹੈ, ਇਸ ਦੀ ਅਹਿਮੀਅਤ ਹੋਈ ਵਿਚਾਰ ਤੋਂ ਜ਼ਾਹਿਰ ਹੈ ।[1] ਪੈਦਾਵਾਰ ਤੇ ਅੰਤ ਹੋਣੀ ਹੈ ਕੁਦਰਤ ਦੀ ਕੁੱਖ ਵਿਚੋਂ, ਕਰਨੀ ਹੈ ਬੰਦੇ ਨੇ ਅਤੇ ਕਰਨੀ ਹੈ ਸਾਇੰਸ ਦੇ ਦਿੱਤੇ ਗਿਆਨ ਨਾਲ, ਉਸ ਦੀ ਸਿਰਜੀ ਟੈਕਨਾਲੋਜੀ ਨਾਲ । ਜਿਹੜਾ ਜਮਾਤੀ ਪੈਂਤੜਾ ਸਾਇੰਸ ਤੇ ਟੈਕਨਾਲੋਜੀ ਦਾ ਮਾਲਕ ਨਹੀਂ ਬਣਦਾ, ਉਹ ਸਮਾਜਕ ਵੇਗ ਦੀ ਸਰਦਾਰੀ ਨੂੰ ਆਪਣੇ ਹੱਥ ਵਿਚ ਭਲਾ ਕਿੰਨਾਂ ਕੁ ਚਿਰ ਰਖ ਸਕਦਾ ਹੈ ?



ਬੁਰਜੁਆਜ਼ੀ, ਸਾਇੰਸ ਤੇ ਟੈਕਨਾਲੋਜੀ ਦੀ ਅਹਿਮੀਅਤ ਨੂੰ ਖ਼ੂਬ ਸਮਝਦੀ ਹੈ । ਉਹ ਸਾਇੰਸ ਨੂੰ ਸਰਮਾਏ ਦੇ ਜ਼ੋਰ, ਉਸ ਦੀ ਦਾਸੀ ਬਣਾ ਕੇ ਰਖਦੀ ਹੈ ।[2] ਉਸ ਨੂੰ ਮੁਨਾਫ਼ੇ ਦਾ ਸੰਦ ਬਣਾ ਕੇ ਵਰਤਦੀ ਹੈ, ਤੌਰਦੀ ਹੈ । ਸਾਇੰਸ ਤੇ ਟੈਕਨਾਲੋਜੀ ਨਿਰਪੱਖ ਹੋ ਹੀ ਨਹੀਂ ਸਕਦੀਆਂ । ਜੋ ਨਿਜ਼ਾਮ ਉਹਨਾਂ ਨੂੰ ਪੈਦਾ ਕਰਦਾ ਹੈ ਉਹ ਉਸ ਦੀਆਂ ਹੀ ਹੁੰਦੀਆਂ ਹਨ ।[3] ਬੁਰਜੁਆਜ਼ੀ ਵਰਕਰਾਂ ਨੂੰ ਸਾਇੰਸ ਤੇ ਟੈਕਨਾਲੋਜੀ ਦਾ ਮੁਸ਼ਕ ਵੀ ਨਹੀਂ ਵਿਖਾਉਂਦੀ । ਸਾਇੰਸ ਤਾਂ ਕੀ, ਉਹ ਸਿਰਜੀ ਟੈਕਨਾਲੋਜੀ ਦਾ ਭੇਤ ਹੀ ਵਰਕਰਾਂ ਨੂੰ ਨਹੀਂ ਦੇਂਦੀ । ਜਿਸ ਮਸ਼ੀਨ 'ਤੇ ਵਰਕਰ ਕੰਮ ਕਰਦਾ ਹੈ ਉਹ ਉਸ ਨੂੰ ਉਸ ਮਸ਼ੀਨ ਦੇ ਢਿਡ-ਪੇਟ ਵਿਚ ਨਹੀਂ ਜਾਣ ਦੇਂਦੀ । ਬੁਰਜੁਆਜ਼ੀ ਟੈਕਨਾਲੋਜੀ ਨੂੰ ਆਪਣੇ ਹਿਤੀ ਉਸਾਰਦੀ ਹੈ । ਕੰਮ ਦੀ ਸਾਰੀ ਜਾਚ ਨੂੰ ਵਰਕਰ ਕੋਲੋਂ ਖੋਹ ਕੇ ਆਪਣੇ ਹਿਤੀ ਈਜਾਦ ਕੀਤੀ ਮਸ਼ੀਨ ਵਿਚ ਪਾਉਂਦੀ ਹੈ । ਅਤੇ ਮਸ਼ੀਨ ਨੂੰ, ਉਸ ਦੀ ਤੋਰ ਨੂੰ ਮਾਹਿਰ ਦੇ, ਟੈਕਨੀਸ਼ਨ ਦੇ ਹੱਥ ਵੱਸ ਰਖਦੀ ਹੈ; ਵਰਕਰ ਦੇ ਹੱਥ ਆਉਣ ਹੀ ਨਹੀਂ ਦੇਂਦੀ । ਚੂੰਕਿ ਮਸ਼ੀਨ ਤੇ ਕੰਮ ਦੀ ਜਾਚ ਸਾਰੀ ਮਾਹਿਰ ਜਾਂ ਟੈਕਨੀਸ਼ਨ, ਕੰਮ ਕਰਾਉਣ ਵਾਲੇ (**Taylor system**) ਕੋਲ ਹੁੰਦੀ ਹੈ, ਪੈਦਾਵਾਰ ਦੇ ਕੰਮ ਦੇ ਵੇਗ ਵਿਚੋਂ ਜੋ ਅਨੁਭਵ / ਗਿਆਨ ਪੈਦਾ ਹੁੰਦਾ ਹੈ, ਉਹ ਵਰਕਰ ਦੀ ਝੋਲੀ ਨਹੀਂ ਪੈਂਦਾ, ਮਾਹਿਰ ਦੇ, ਕੰਮ ਕਰਾਉਣ ਵਾਲੇ ਦੇ ਪੱਲੇ ਹੀ ਪੈਂਦਾ ਹੈ । ਪੈਦਾਵਾਰ ਦੇ ਵੇਗ ਵਿਚੋਂ ਉਪਜਦੇ ਗਿਆਨ ਵਲੋਂ ਹੱਥਲ ਕਰ ਕੇ, ਬੁਰਜੁਆਜ਼ੀ ਵਰਕਰ ਨੂੰ ਨਿਰਾ ਕੰਮ ਕਰਦਾ ਹੱਥ ਬਣਾ ਕੇ ਹੀ ਵਰਤਦੀ ਹੈ । ਪਰ ਇਸ ਨੁਕਤੇ ਦੇ ਵਿਸਤਾਰ ਵਿਚ ਜਾਣ ਦੀ ਲੋੜ ਨਹੀਂ । ਇਸ ਬਾਬਤ ਪਹਿਲਾਂ ਹੀ ਕਾਫ਼ੀ ਵਿਚਾਰ ਹੋ ਚੁਕੀ ਹੈ ।

ਗਿਆਨ, ਸਾਇੰਸ, ਟੈਕਨਾਲੋਜੀ ਆਪਣੇ ਆਪ ਵਿਚ ਬੰਦੇ ਦੀ ਆਜ਼ਾਦੀ ਦਾ ਸੰਦ ਹਨ[4] ਅਤੇ ਇਹਨਾਂ ਨੂੰ ਐਸਾ ਸੰਦ ਬਣਾ ਕੇ ਹੀ ਪਰੋਲਤਾਰੀ ਦਾ ਪੈਂਤੜਾ ਵਰਤਣਾ ਚਾਹੁੰਦਾ ਹੈ । ਪਰ ਇਹਨਾਂ ਦੀ ਐਸੀ ਵਰਤੋਂ ਤਾਂ ਹੀ ਹੋ ਸਕਦੀ ਹੈ ਜੇ ਇਹਨਾਂ ਨੂੰ ਬੁਰਜੁਆਜ਼ੀ ਦੇ ਫੰਧੇ ਵਿਚੋਂ ਕੱਢਿਆ ਜਾਵੇ । ਇਹਨਾਂ ਦੀ ਰਿਹਾਈ ਵਾਸਤੇ, ਇਹਨਾਂ ਨੂੰ ਆਪਣੇ ਹੱਥ ਵਿਚ ਲੈਣ ਵਾਸਤੇ ਅਤੇ ਸਮਾਜਕ ਵੇਗ ਉਤੇ ਆਪਣੀ ਸਰਦਾਰੀ ਪੱਕੀ ਕਰਨ ਵਾਸਤੇ ਪਰੋਲਤਾਰੀ ਦੇ ਪੈਂਤੜੇ ਵਾਸਤੇ ਲਾਜ਼ਮੀ ਹੈ ਕਿ ਇਨਕਲਾਬ ਦੇ ਪਿੱਛੋਂ ਜ਼ਿੰਦਗੀ ਦੇ ਹੋਰ ਪਹਿਲੂਆਂ, ਸਮਾਜਕ ਵੇਗ ਦੇ ਹੋਰ ਖੇਤਰਾਂ ਵਾਂਗ ਸਾਇੰਸ ਤੇ ਟੈਕਨਾਲੋਜੀ ਦੇ ਦਾਇਰੇ ਵਿਚ ਵੀ ਉਹ ਪਰੋਲਤਾਰੀ ਦੀ ਡਿਕਟੇਟਰਸ਼ਿਪ ਸਥਾਪਤ ਕਰੇ ।

ਕਲਾ ਤੇ ਸਾਹਿਤ ਵਾਂਗ ਸਾਇੰਸ ਤੇ ਟੈਕਨਾਲੋਜੀ ਦਾ ਦਾਇਰਾ ਵੀ ਚੋਟੀ ਦੇ ਬੁਧੀਮਾਨਾਂ ਦੇ ਕਸਬ ਦਾ ਖੇਤਰ ਹੈ । ਬੁਰਜੁਆ ਸਮਾਜ ਵਿਚ, ਤੇ ਬਾਵਜੂਦ ਆਏ ਇਨਕਲਾਬ ਦੇ, ਸਮਾਜਵਾਦ ਵਿਚ, ਇਹਨਾਂ ਬੁਧੀਮਾਨਾਂ ਵਿਚ ਮਾਰਕਸਵਾਦੀ ਨਜ਼ਰੀਏ ਵਾਲੇ ਤਾਂ ਵਧ ਤੋਂ ਵਧ ਆਟੇ ਵਿਚ ਲੂਣ ਜਿੰਨੇ ਹੀ ਹੋ ਸਕਦੇ ਹਨ । ਉਹ ਵੀ ਜੇ ਹੋਣ ਤਾਂ । ਬਾਕੀ ਇਹਨਾਂ ਦੀ ਭੌਂਨਵੀਂ ਬਹੁ-ਗਿਣਤੀ ਤਾਂ ਮਾਰਕਸਵਾਦੀ ਚੇਤਨਤਾ ਤੋਂ ਕੋਰੀ, ਬੁਰਜੁਆ ਸਮਾਜਕ ਵੇਗ, ਬੁਰਜੁਆ ਸਮਾਜਕ ਰਿਸ਼ਤਿਆਂ ਦੀ ਸਿਰਜੀ, ਬੁਰਜੁਆ ਨਜ਼ਰੀਏ, ਬੁਰਜੁਆ ਜ਼ਹਿਨੀਅਤ ਵਾਲੀ ਹੀ ਹੁੰਦੀ ਹੈ । ਬੁਰਜੁਆ ਪੈਂਤੜੇ ਵਾਲੇ ਪਰੋਲਤਾਰੀ ਦੇ ਪੈਂਤੜੇ ਦਾ ਰਾਹ ਸਾਫ਼ ਹੋਇਆ, ਚੂੰਕਿ ਜਰ ਹੀ ਨਹੀਂ ਸਕਦੇ, ਇਸ ਵਾਸਤੇ ਉਹ ਸਾਇੰਸ ਤੇ ਟੈਕਨਾਲੋਜੀ ਦੇ ਦਾਇਰੇ ਵਿਚ ਪਰੋਲਤਾਰੀ ਦੀ ਡਿਕਟੇਟਰ-ਸ਼ਿਪ ਦੀ ਸਥਾਪਤੀ ਨੂੰ ਘੱਟੇ-ਕੌਡੀਆਂ ਰਲਾਉਣ ਵਾਸਤੇ ਹੱਥ-ਫੇਰੀ ਕਰਦੇ ਹਨ । ਸਿੱਧੀ ਗਲ ਨੂੰ ਪੁੱਠੀ ਪਾ ਕੇ ਮਜ਼ਾਕ ਕਰਦੇ ਹਨ ਕਿ ਕਦੀ ਸਾਇੰਸ ਤੇ ਟੈਕਨਾਲੋਜੀ ਉਤੇ ਵੀ ਡਿਕਟੇਟਰਸ਼ਿਪ ਹੋ ਸਕਦੀ ਹੈ । ਪਰ ਸਵਾਲ ਏਥੇ ਸਾਇੰਸ ਤੇ ਟੈਕਨਾਲੋਜੀ ਉਤੇ ਡਿਕਟੇਟਰਸ਼ਿਪ ਦਾ ਨਹੀਂ ।

ਕੁਦਰਤ ਦਾ ਕਾਨੂੰਨ ਭਾਵੇਂ ਕੁਦਰਤ ਵਿਚ ਪ੍ਰਵੇਸ਼ ਕਰਦਾ ਹੋਵੇ ਤੇ ਭਾਵੇਂ ਉਸ ਦੇ ਅਧਾਰ 'ਤੇ ਸਿਰਜੀ ਹੋਈ ਟੈਕਨਾਲੋਜੀ ਦੀ ਸ਼ਕਲ ਵਿਚ ਹੋਵੇ ਉਹ ਆਪਣੇ ਰਾਹੋਂ ਟੱਸ ਤੋਂ ਮੱਸ ਨਹੀਂ ਹੁੰਦਾ। ਕੁਦਰਤ ਦੇ ਕਾਨੂੰਨ ਨੂੰ ਕੌਣ ਬਦਲ ਸਕਦਾ ਹੈ ? ਬੰਦਾ ਉਸ ਨੂੰ ਸਮਝ ਕੇ, ਉਸ ਦੇ ਅਧੀਨ ਹੋ ਕੇ ਹੀ ਉਸ 'ਤੇ ਸਵਾਰੀ ਪਾ ਸਕਦਾ ਹੈ। ਉਸ ਨੂੰ ਆਪਣੇ ਵਾਸਤੇ ਵਰਤ ਸਕਦਾ ਹੈ। ਸੋ ਸਾਇੰਸ ਤੇ ਟੈਕਨਾਲੋਜੀ ਉਤੇ ਡਿਕਟੇਟਰਸ਼ਿਪ ਦਾ ਸਵਾਲ ਹੀ ਨਹੀਂ। ਡਿਕਟੇਟਰਸ਼ਿਪ, ਜਮਾਤਾਂ ਦਾ ਆਪਸ ਵਿਚ ਰਿਸ਼ਤਾ ਹੈ; ਬੰਦੇ ਤੇ ਚੀਜ਼ਾਂ ਦੇ ਦਰਮਿਆਨ ਰਿਸ਼ਤਾ ਨਹੀਂ। ਸਵਾਲ ਸਾਇੰਸ ਤੇ ਟੈਕਨਾਲੋਜੀ ਉਤੇ ਡਿਕਟੇਟਰਸ਼ਿਪ ਦਾ ਨਹੀਂ। ਸਵਾਲ ਇਹਨਾਂ ਦੇ ਖੇਤਰ ਵਿਚ, ਇਹਨਾਂ ਦੇ ਮੁਹਾਜ਼ 'ਤੇ ਪਰੋਲਤਾਰੀ ਦੀ ਡਿਕਟੇਟਰਸ਼ਿਪ ਦਾ ਹੈ। ਜਿਸ ਤਰ੍ਹਾਂ ਬੁਰਜੂਆਜ਼ੀ ਇਹਨਾਂ ਨੂੰ ਸਰਮਾਏ ਦੇ ਵਾਧੇ ਵਾਸਤੇ, ਉਸ ਦੇ ਹਿੱਤ ਵਾਸਤੇ ਵਰਤਦੀ ਹੈ; ਹੁਣ ਸਵਾਲ ਹੈ ਪਰੋਲਤਾਰੀ ਦੇ ਪੈਂਤੜੇ ਦਾ ਇਹਨਾਂ ਨੂੰ ਬੰਦੇ ਦੀ ਆਜ਼ਾਦੀ ਵਾਸਤੇ ਵਰਤਣ ਦਾ; ਇਹਨਾਂ ਦੇ ਵੇਗ ਦੇ ਮੁਹਾਣ ਨੂੰ ਪਰੋਲਤਾਰੀ ਦੇ ਪੈਂਤੜੇ ਵਲ ਮੋੜਨ ਦਾ।

ਸਾਇੰਸ ਤੇ ਟੈਕਨਾਲੋਜੀ ਨੂੰ ਸਰਬਤ ਦੀ ਆਜ਼ਾਦੀ ਦਾ ਸੰਦ ਬਣਾਉਣ ਵਾਸਤੇ ਮੋਟੇ ਤੌਰ 'ਤੇ ਉਹ ਹੀ ਕੁਝ ਲਾਜ਼ਮੀ ਹੈ ਜੋ ਹਰ ਮੁਹਾਜ਼ ਨੂੰ ਇਸ ਰਾਹੇ ਪਾਉਣ ਵਾਸਤੇ ਜ਼ਰੂਰੀ ਹੈ। ਅਤੇ ਉਹ ਹੈ ਕਿ ਇਹਨਾਂ ਦੇ ਮੁਹਾਜ਼ਾਂ 'ਤੇ, ਸਭ ਸੰਸਥਾਵਾਂ / ਅਡੰਬਰਾਂ 'ਤੇ ਪਰੋਲਤਾਰੀ ਦੀ ਡਿਕਟੇਟਰਸ਼ਿਪ ਸਥਾਪਤ ਹੋਵੇ। ਜਿਸ ਤਰ੍ਹਾਂ ਪਿੱਛੇ ਦਸਿਆ ਗਿਆ ਹੈ, ਕਿਸੇ ਸੰਸਥਾ ਦਾ ਪ੍ਰਬੰਧ, ਅਡੰਬਰ ਦੀ ਲੀਡਰਸ਼ਿਪ ਤਾਕਤ ਹੈ ਅਤੇ ਜਿਸ ਰਾਹੇ ਕਿਸੇ ਅਡੰਬਰ ਦੀ ਲੀਡਰਸ਼ਿਪ ਉਸ ਨੂੰ ਪਾਉਂਦੀ ਹੈ, ਉਸੇ ਰਾਹੇ ਉਹ ਅਡੰਬਰ ਤੁਰਦਾ ਹੈ। ਕਿਸੇ ਸੰਸਥਾ ਦੇ ਪ੍ਰਬੰਧ ਦੀ, ਕਿਸੇ ਅਡੰਬਰ ਦੀ ਲੀਡਰ-ਸ਼ਿਪ ਦੀ ਉਸ ਦੇ ਸਮਾਜਕ ਰੋਲ ਵਿਚ ਉਹ ਹੀ ਸਥਾਨ ਤੇ ਉਹ ਹੀ ਅਹਿਮੀਅਤ ਹੈ ਜੋ ਸਾਰੇ ਸਮਾਜ ਵਿਚ ਸਟੇਟ ਦੀ ਹੈ। ਇਸ ਮੁਹਾਜ਼ ਉਤੇ ਵੀ ਇਹ ਡਿਕਟੇਟਰਸ਼ਿਪ ਇਕ ਹੋਰ ਬੁਨਿਆਦੀ ਨੁਕਤੇ ਤੋਂ ਵੀ ਜ਼ਰੂਰੀ ਹੈ। ਸਮਾਜਵਾਦ ਦੇ ਸਾਰੇ ਦੌਰ ਵਿਚ ਸਟੇਟ ਦਾ ਪਰੋਲਤਾਰੀ ਦੀ ਡਿਕਟੇਟਰਸ਼ਿਪ ਰਹਿਣ ਬਗ਼ੈਰ, ਉਸ ਦਾ ਪੱਕਿਆਂ ਪੈਰਾਂ 'ਤੇ ਹੁੰਦੇ ਜਾਣ ਬਗ਼ੈਰ, ਆਏ ਇਨਕਲਾਬ ਦਾ ਸਿੱਧੇ ਰਾਹੇ ਤੁਰੇ ਜਾਣਾ ਅਸੰਭਵ ਹੈ। ਜੇ ਡਿਕਟੇਟਰਸ਼ਿਪ ਹੀ ਪਰੋਲਤਾਰੀ ਦੀ ਨਾ ਰਹੇ, ਉਹ ਹੀ ਬੁਰਜੂਆ ਹੋ ਜਾਵੇ ਤਾਂ ਸਮਝ ਲਉ, ਸਮਾਜਵਾਦ ਦਾ ਸਭ ਤਾਣਾ ਪੇਟਾ ਹੀ ਉਧੜ ਗਿਆ।

ਸਮਾਜਵਾਦ ਦੇ ਸਾਰੇ ਦੌਰ ਵਿਚ ਹਰ ਕਦਮ ਚੁਕਦਿਆਂ, ਵੇਖਣ ਵਾਲਾ ਨੁਕਤਾ ਇਹ ਹੀ ਹੁੰਦਾ ਹੈ ਕਿ ਚੁਕੇ ਜਾ ਰਹੇ ਕਦਮ ਅਤੇ ਪਏ ਜਾ ਰਹੇ ਰਾਹ ਨਾਲ ਸਮਾਜ ਵਿਚ ਪਰੋਲਤਾਰੀ ਦੀ ਡਿਕਟੇਟਰਸ਼ਿਪ ਅੱਗੇ ਨਾਲੋਂ ਮਜ਼ਬੂਤ ਹੁੰਦੀ ਹੈ ਜਾਂ ਅੱਗੇ ਨਾਲੋਂ ਕਮਜ਼ੋਰ। ਤੇ ਇਹ ਮਜ਼ਬੂਤ ਹੁੰਦੀ ਹੈ ਸਮਾਜਕ ਵੇਗ ਦੇ ਹਰ ਪਹਿਲੂ ਵਿਚ, ਨੀਂਹ ਤੇ ਉਸਾਰ ਦੇ ਸਭ ਮੁਹਾਜ਼ਾਂ, ਸਭ ਅਡੰਬਰਾਂ, ਸਭ ਸੰਸਥਾਵਾਂ ਵਿਚ ਪਰੋਲਤਾਰੀ ਦੀ ਡਿਕਟੇਟਰਸ਼ਿਪ ਸਥਾਪਤ ਕੀਤਿਆਂ। ਸੋ ਸਾਇੰਸ ਤੇ ਟੈਕਨਾਲੋਜੀ ਦੇ ਮੁਹਾਜ਼ ਉਤੇ ਵੀ, ਪਰੋਲਤਾਰੀ ਦੇ ਪੈਂਤੜੇ ਤੋਂ ਬੁਨਿਆਦੀ ਗੱਲ ਹੈ ਉਸ ਉਤੇ ਪਰੋਲਤਾਰੀ ਦੀ ਡਿਕਟੇਟਰਸ਼ਿਪ ਦਾ ਸਥਾਪਤ ਹੋਣਾ। ਮਤਲਬ ਹੈ ਸਾਇੰਸ ਤੇ ਟੈਕਨਾਲੋਜੀ ਦੀਆਂ ਸੰਸਥਾਵਾਂ, ਅਡੰਬਰਾਂ ਦੇ ਪ੍ਰਬੰਧ ਦਾ ਪਰੋਲਤਾਰੀ ਦੇ ਪੈਂਤੜੇ ਦੇ, ਜਮਾਤੀ ਤੌਰ 'ਤੇ ਚੇਤੰਨ ਵਰਗਾਂ ਦੇ, ਮਾਰਕਸਵਾਦੀਆਂ ਦੇ ਹੱਥ ਹੋਣਾ। ਸਾਇੰਸ ਤੇ ਟੈਕਨਾਲੋਜੀ ਵਰਕਰਾਂ ਦਾ ਹਿੱਤ ਤਾਂ ਹੀ ਪਾਲ ਸਕਦੀਆਂ ਹਨ ਜੇ ਉਹ ਪਰੋਲਤਾਰੀ ਦੀ ਸਟੇਟ ਦਾ ਸੰਦ ਬਣਨ।

ਬੁਰਜੂਆ ਪੈਂਤੜੇ ਵਾਲੇ ਇਹ ਦਲੀਲ ਦੇਂਦੇ ਹਨ ਕਿ ਸਾਇੰਸ ਤੇ ਟੈਕਨਾਲੋਜੀ ਦਾ ਕੰਮ ਖ਼ਾਸ



ਹੀ ਕਿਸਮ ਦਾ ਗਿਆਨ ਹੈ, ਖਾਸ ਕਿਸਮ ਦੇ ਮਾਹਿਰਾਂ ਦਾ ਹੀ ਕਸਬ ਹੈ, ਇਸ ਵਾਸਤੇ ਇਸ ਦੀ ਲੀਡਰਸ਼ਿਪ ਇਸ ਮੁਹਾਜ਼ ਦੇ ਚੋਟੀ ਦੇ ਮਾਹਿਰਾਂ ਦੇ ਹੱਥ ਹੀ ਹੋਣੀ ਚਾਹੀਦੀ ਹੈ। ਗ਼ੈਰ-ਮਾਹਿਰ ਇਸ ਕੰਮ ਦਾ ਕੀ ਜਾਣ ਸਕਦੇ ਹਨ ! ਉਹਨਾਂ ਦੀ ਇਸ ਦਲੀਲ ਦੀ ਤੈਹ ਹੇਠ ਕੀ ਹੈ ? ਇਸ ਦਲੀਲ ਦੇ ਪਰਦੇ ਹੇਠ ਚਾਲ ਇਹ ਹੈ ਕਿ ਸਾਇੰਸ ਤੇ ਟੈਕਨਾਲੋਜੀ ਪਰੋਲਤਾਰੀ ਦੀ ਲੀਡਰਸ਼ਿਪ ਦੇ ਅਧੀਨ ਨਾ ਆ ਜਾਣ। ਇਹ ਪਾਰਟੀ ਦੀ ਲੀਡਰਸ਼ਿਪ ਤੋਂ ਬਾਹਰ ਰਹਿਣ। ਇਹ ਦਲੀਲ ਕਿੱਤਿਆਂ ਉਤੇ ਸਿਆਸਤ ਦੀ ਸਰਦਾਰੀ ਨੂੰ ਨਗੇਟ ਕਰਦੀ ਹੈ। ਏਥੇ ਹੀ ਬੱਸ ਨਹੀਂ। ਇਹ ਵੱਖ ਵੱਖ ਕਿੱਤਿਆਂ ਦੇ ਮਹਿਕਮਿਆਂ 'ਤੇ ਕੇਂਦਰੀ ਲੀਡਰਸ਼ਿਪ ਦੀ ਸੰਭਾਵਨਾ ਨੂੰ ਹੀ ਖ਼ਤਮ ਕਰਦੀ ਹੈ। ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਪੈਰ ਜੰਮਦੇ ਹੀ ਤਾਂ ਹਨ ਜੇ ਸਮਾਜਕ ਵੇਗ ਦੇ ਹਰ ਮੁਹਾਜ਼ 'ਤੇ ਪਰੋਲਤਾਰੀ ਦੇ ਪੈਂਤੜੇ ਦੀ ਸਰਦਾਰੀ ਹੋਵੇ। ਪਰ ਇਸ ਸਰਦਾਰੀ ਦਾ ਇਹ ਵੀ ਅੰਗ ਹੈ ਕਿ ਪਾਰਟੀ ਦਾ ਜੋ ਕਾਡਰ ਇਸ ਮੁਹਾਜ਼ ਦਾ ਪ੍ਰਬੰਧਕ ਹੈ ਉਹ ਸਾਇੰਸ ਤੇ ਟੈਕਨਾਲੋਜੀ ਦੇ ਗਿਆਨ ਨੂੰ ਵਾਹ ਲਗਦੀ ਹਾਸਲ ਕਰੇ। ਜਿਸ ਕੰਮ ਦੀ ਉਸ ਨੇ ਅਗਵਾਈ ਕਰਨੀ ਹੈ ਉਸ ਦਾ ਉਹ ਵੱਧ ਤੋਂ ਵੱਧ ਭੇਤੀ ਹੋਵੇ ਅਤੇ ਜੇ ਮੁਮਕਿਨ ਹੋ ਸਕੇ ਤਾਂ 'ਲਾਲ' ਹੋਣ ਦੇ ਨਾਲ ਉਹ ਮਾਹਿਰ ਵੀ ਹੋਵੇ। ਪਰ ਇਸ ਦੀ ਬਾਬਤ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਬੁਨਿਆਦੀ ਗੱਲ ਹਰ ਮੁਹਾਜ਼ ਦੀ ਲੀਡਰਸ਼ਿਪ ਦਾ 'ਲਾਲ' ਹੋਣਾ ਹੈ।

ਸਾਇੰਸ ਤੇ ਟੈਕਨਾਲੋਜੀ ਦੇ ਖੇਤਰ ਵਿਚ ਪਰੋਲਤਾਰੀ ਦੀ ਸਰਦਾਰੀ ਸਥਾਪਤ ਕਰਨ ਦਾ ਮਨੋਰਥ ਤੇ ਅਰਥ ਗਿਣ ਮਿਥ ਕੇ ਵਿੱਘੇ ਜਾਂਦਿਆਂ ਕੁਰੱਡਾਂ ਨੂੰ ਹੀ ਠੱਪਣਾ ਨਹੀਂ। ਉਲਟ-ਇਨਕਲਾਬੀ ਜੋ ਸਮਾਜਵਾਦੀ ਇਨਕਲਾਬ ਦੀ ਮੁਖ਼ਾਲਫ਼ਿਤ ਕਰਦੇ ਹਨ ਤੇ ਸਮਾਜਵਾਦ ਦੀ ਉਸਾਰੀ ਨੂੰ ਖੋਰਦੇ ਹਨ, ਉਹਨਾਂ ਨੂੰ ਥਾਂ ਲਾਉਣਾ ਤਾਂ ਪਹਿਲਾ ਕਦਮ ਹੈ ਹੀ। ਪਰ ਮਸਲਾ ਇਸ ਤੋਂ ਵਡੇਰਾ ਹੈ। ਸਵਾਲ ਹੈ, ਇਸ ਮੁਹਾਜ਼ 'ਤੇ ਪੂਰੀ ਮਜ਼ਬੂਤੀ ਨਾਲ ਪਰੋਲਤਾਰੀ ਦੀ ਲਾਈਨ ਦੇ ਬੂਟੇ ਨੂੰ ਲਾਉਣ ਦਾ ਤੇ ਇਕਾਨੋਮਿਜ਼ਮ ਦੀ ਜੜ੍ਹ ਨੂੰ ਉਖੇੜਨ ਦਾ। ਕੁਦਰਤ ਦੀ ਸਾਇੰਸ ਸਿਰਫ਼ ਤੱਥਾਂ ਦੀ ਖੋਜ ਹੀ ਨਹੀਂ ਕਰਦੀ, ਉਹ ਲੱਭੇ ਤੱਥਾਂ ਦੇ ਆਧਾਰ 'ਤੇ ਸਿਧਾਂਤ (ਥੀਉਰੀਜ਼) ਵੀ ਖੜੇ ਕਰਦੀ ਹੈ ਜਿਨ੍ਹਾਂ ਦਾ ਲਗ-ਲਬੇੜ ਫਲਾਸਫੀਕਲ ਵੀ ਹੁੰਦਾ ਹੈ। ਇਤਿਹਾਸਕ ਅਨੁਭਵ ਤੋਂ ਸਪਸ਼ਟ ਹੈ ਕਿ ਇਕਾਨੋਮਿਜ਼ਮ ਕੁਦਰਤ ਦੀ ਸਾਇੰਸ ਨੂੰ ਮਾਰਕਸਵਾਦ 'ਤੇ ਹਮਲਾ ਕਰਨ ਵਾਸਤੇ ਵਰਤਦਾ ਹੈ। ਇਹ ਤਾਂ ਸਪਸ਼ਟ ਹੀ ਹੈ ਕਿ ਵੱਖ ਵੱਖ ਮਜ਼ਮੂਨਾਂ ਦਾ ਜਿਹੜਾ ਗਿਆਨ ਕਾਬਜ਼ ਨਿਜ਼ਾਮ, ਬੁਰਜੂਆ ਨਿਜ਼ਾਮ ਉਸਾਰਦਾ ਹੈ, ਚੂੰਕਿ ਉਸਾਰਨ ਵਾਲਿਆਂ ਦੀ ਬਣਤਰ, ਉਹਨਾਂ ਦਾ ਨਜ਼ਰੀਆ ਹੀ ਨਿਜ਼ਾਮ ਦੇ ਹਿਤੀ ਹੁੰਦਾ ਹੈ, ਇਸ ਵਾਸਤੇ ਉਹਨਾਂ ਦੇ ਹੱਥੀਂ ਉੱਸਰਦੇ ਹਰ ਮਜ਼ਮੂਨ ਦੀ ਰਗ ਰਗ ਵਿਚ ਅਚੇਤ ਹੀ ਕਾਬਜ਼ ਨਿਜ਼ਾਮ ਦੀ ਵਿਚਾਰਧਾਰਾ / ਨਜ਼ਰੀਆ ਪੁੜਿਆ ਜਾਂਦਾ ਹੈ। ਬੁਰਜੂਆ ਨਜ਼ਰੀਏ ਵਾਲੇ ਬੁਧੀਮਾਨ ਆਪੋ ਆਪਣੇ ਮਜ਼ਮੂਨਾਂ ਨੂੰ ਅਚੇਤ ਹੀ, ਸੁਤੇ ਸੁਧ ਹੀ ਬੁਰਜੂਆ ਨਜ਼ਰੀਏ ਨਾਲ ਮਿੰਜ ਦੇਂਦੇ ਹਨ। ਬੁਰਜੂਆ ਨਜ਼ਰੀਏ ਵਾਲੇ ਸਾਇੰਸਦਾਨ ਜਦੋਂ ਖੋਜ ਕਰ ਕੇ ਸਾਇੰਸ ਦੀਆਂ ਥੀਉਰੀਆਂ ਖੜੀਆਂ ਕਰਦੇ ਹਨ ਤਾਂ ਅਚੇਤ, ਪਰ ਲਾਜ਼ਮੀ ਉਹਨਾਂ ਵਿਚ ਆਦਰਸ਼ਵਾਦ, ਮੈਟਾਫਿਜ਼ਿਕਸ, ਬੁਰਜੂਆ ਨਜ਼ਰੀਆ ਪੁੜ ਦੇਂਦੇ ਹਨ। ਸਾਇੰਸ ਦੀਆਂ ਇਹਨਾਂ ਥੀਉਰੀਆਂ ਦਾ ਅਸਲਾ ਵਿਚਾਰਧਾਰਕ ਹੁੰਦਾ ਹੈ।

ਕੁਦਰਤ ਦੀ ਸਾਇੰਸ ਦੀਆਂ ਦਾਰਸ਼ਨਿਕ ਜਨਰਲਾਈਜੇਸ਼ਨਾਂ ਵਿਚਾਰਧਾਰਕ ਜਮਾਤੀ ਜਦੋ-ਜਹਿਦ ਦਾ ਅਖਾੜਾ ਹਨ। ਸਮਝਣ ਵਾਲੀ ਗੱਲ ਇਹ ਹੈ ਕਿ ਸੁਮੇਤ ਕੁਦਰਤ ਦੀ ਸਾਇੰਸ ਦੇ

ਮਾਰਕਸਵਾਦ ਸਭ ਮਨੁਖੀ ਗਿਆਨ ਦਾ ਨਿਚੋੜ ਹੈ । ਕੁਦਰਤ ਦੀ ਸਾਇੰਸ ਮਾਰਕਸਵਾਦ ਦੇ ਖੇਤਰ ਤੋਂ ਬਾਹਰ ਨਹੀਂ । ਮਾਰਕਸਿਜ਼ਮ ਨੂੰ ਸਿਰਜਦਿਆਂ ਮਾਰਕਸ ਤੇ ਏਂਗਲਜ਼ ਨੇ ਸਿਰਫ਼ ਜਮਾਤੀ ਜਦੋ-ਜਹਿਦ ਦੇ ਅਨੁਭਵ ਨੂੰ ਹੀ ਜੋਖਿਆ ਪਰਖਿਆ, ਨਿਰਖਿਆ ਤੇ ਅਰਕਿਆ ਨਹੀਂ, ਬਲਕਿ ਕੁਦਰਤ ਦੀ ਸਾਇੰਸ ਦੀਆਂ ਲਭਤਾਂ ਨੂੰ ਵੀ ਜਨਰਲਾਈਜ਼ ਕੀਤਾ ਹੈ । ਮਾਰਕਸ ਨੇ ਕੁਦਰਤ ਦਾ, ਇਤਿਹਾਸ ਦਾ, ਤੇ ਪਰੋਲਤਾਰੀ ਦੇ ਇਨਕਲਾਬ ਦਾ ਮੁਤਾਲਿਆ ਕੀਤਾ ਤੇ ਡਾਇਲੈਕਟਿਕ ਪਦਾਰਥਵਾਦ, ਇਤਿਹਾਸਕ ਪਦਾਰਥਵਾਦ ਤੇ ਪਰੋਲਤਾਰੀ ਦੇ ਇਨਕਲਾਬ ਦੇ ਸਿਧਾਂਤ ਨੂੰ ਸਿਰਜਿਆ ।[5] ਮਾਰਕਸ ਨੇ **Mathematical Manuscripts** ਲਿਖੇ । ਆਪਣੀ **Dialectics of Nature** ਵਿਚ ਏਂਗਲਜ਼ ਨੇ ਕੁਦਰਤ ਦੀ ਸਾਇੰਸ ਦੇ ਕਈਆਂ ਖੇਤਰਾਂ ਦਾ ਸਿਧਾਂਤਕ ਸੰਖੇਪ (**theoretical summary**) ਬਣਾਇਆ । ਬੁਰਜੁਆਜ਼ੀ ਦੀ ਪਿਛਾਂਹ-ਖਿਚੂ ਫਿਲਾਸਫੀ ਦੀ ਆਲੋਚਨਾ ਕਰਨ ਵਾਸਤੇ, ਏਂਗਲਜ਼ ਦੀ ਮੌਤ ਮਗਰੋਂ, ਕੁਦਰਤ ਦੀ ਸਾਇੰਸ ਦੀਆਂ ਨਵੀਆਂ ਲਭਤਾਂ ਨੂੰ ਅਰਕ ਕੇ ਲੈਨਿਨ ਨੇ **Materialism and Empirio-criticism** ਲਿਖਿਆ । ਕੁਦਰਤ ਦੀ ਸਾਇੰਸ ਦੀਆਂ ਦਾਰਸ਼ਨਿਕ ਜਨਰਲਾਈਜ਼ੇਸ਼ਨਾਂ ਵਲ ਮਾਓ ਨੇ ਹਮੇਸ਼ਾਂ ਧਿਆਨ ਦਿੱਤਾ ਹੈ । **On Contradiction** ਤੇ **On Practice** ਵਿਚ ਮਾਓ ਨੇ ਕੁਦਰਤ ਦੀ ਸਾਇੰਸ ਦੀਆਂ ਪਰਾਪਤੀਆਂ ਨੂੰ ਪੂਰੀ ਗਹਿਰਾਈ ਨਾਲ ਅਰਕਿਆ ਹੈ । ਅਤੇ **On the Correct Handling of Contradictions Among the People** ਵਿਚ ਮਾਓ ਨੇ ਕੁਦਰਤ ਦੀ ਸਾਇੰਸ ਦੀ ਉਸਾਰੀ ਦੇ 'ਡਾਇਲੈਕਟਿਕ ਕਾਨੂੰਨ ਨੂੰ ਬੜੀ ਉਚੀ ਪੱਧਰ 'ਤੇ ਜਨਰਲਾਈਜ਼ ਕੀਤਾ ਹੈ । **Duhring** ਦੇ ਵਿਰੁਧ ਮਾਰਕਸ ਤੇ ਏਂਗਲਜ਼ ਦੀ ਜਦੋ-ਜਹਿਦ ਦਾ ਇਕ ਅਹਿਮ ਪਹਿਲੂ ਕੁਦਰਤ ਦੀ ਸਾਇੰਸ ਨਾਲ ਸਬੰਧਤ ਸੀ । **Anti-Duhring** ਵਿਚ ਏਂਗਲਜ਼ ਨੇ **cosmogony**, ਫਿਜ਼ਿਕਸ, ਕੈਮਿਸਟਰੀ ਤੇ ਬਾਇਓਲੋਜੀ ਵਿਚਲੇ ਮਾਰਕਸਵਾਦ-ਵਿਰੋਧੀ **Duhring** ਦੇ ਨਜ਼ਰੀਏ ਦੀ ਆਲੋਚਨਾ ਕੀਤੀ । 1905 ਦੇ ਇਨਕਲਾਬ ਦੇ ਫੇਲ੍ਹ ਹੋ ਜਾਣ ਮਗਰੋਂ ਬੋਗਦਾਨੋਵ ਦੀ ਸੋਧਵਾਦੀ ਲਾਈਨ ਦਾ ਵਿਰੋਧ ਕਰਨ ਵਾਸਤੇ ਲੈਨਿਨ ਨੇ ਕੁਦਰਤ ਦੀ ਸਾਇੰਸ ਦੀਆਂ ਨਵੀਆਂ ਲਭਤਾਂ ਤੇ 'ਫਿਜ਼ਿਕਸ ਦੇ ਸੰਕਟ' ਦੀ ਗਹਿਰੀ ਖੋਜ ਕੀਤੀ । ਮੈਕਿਜ਼ਮ ਤੇ ਉਸ ਦੇ ਰੂਸੀ ਪੈਰੋਕਾਰਾਂ ਦੀ ਧਰ ਕੇ ਆਲੋਚਨਾ ਕੀਤੀ । ਸਾਇੰਸ ਤੇ ਟੈਕਨਾਲੋਜੀ ਦੇ ਖੇਤਰ ਵਿਚ ਆਦਰਸ਼ਵਾਦੀ ਤੇ ਮੈਟਾਫਿਜ਼ੀਕਲ (**idealistic and metaphysical views**) ਰਾਵਾਂ ਦੀ ਤਰਾਸ਼ ਕੇ ਆਲੋਚਨਾ ਕੀਤੀ ਹੈ । ਉਪਰ ਦਿਤੇ ਤੱਥਾਂ ਤੋਂ ਦੋ ਗੱਲਾਂ ਭਲੀਭਾਂਤ ਜ਼ਾਹਿਰ ਹਨ । ਪਹਿਲੀ ਇਹ ਕਿ ਸਾਇੰਸ ਤੇ ਟੈਕਨਾਲੋਜੀ ਦਾ ਖੇਤਰ ਨਿਰਪੱਖ ਨਹੀਂ ਹੈ । ਨਿਰਪੱਖ ਹੋ ਹੀ ਨਹੀਂ ਸਕਦਾ । ਦੂਸਰੀ ਇਹ ਕਿ ਮਾਰਕਸਵਾਦ ਦੇ ਮੋਢੀਆਂ ਨੇ ਇਸ ਖੇਤਰ ਵਿਚ ਵੀ ਜਮਾਤੀ ਜਦੋ-ਜਹਿਦ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ । ਵਿਚਾਰਧਾਰਕ ਜਮਾਤੀ ਜਦੋ-ਜਹਿਦ ਧਰ ਕੇ ਕੀਤੀ ਹੈ ।

ਇਨਕਲਾਬ ਤੋਂ ਮਗਰੋਂ ਵੀ ਸਾਇੰਸ ਤੇ ਟੈਕਨਾਲੋਜੀ ਦੇ ਖੇਤਰ ਵਿਚ ਕੰਮ ਕਰਦੇ ਬੁਧੀਮਾਨਾਂ ਦੀ ਬਣਤਰ ਤੇ ਨਜ਼ਰੀਆ ਆਮ ਤੌਰ 'ਤੇ ਬੁਰਜੁਆ ਹੀ ਹੁੰਦੇ ਹਨ । ਇਸ ਵਾਸਤੇ ਇਸ ਖੇਤਰ ਵਿਚ ਪਰੋਲਤਾਰੀ ਦੀ ਡਿਕਟੇਟਰਸ਼ਿਪ ਵਾਸਤੇ ਹੋਰਨਾਂ ਤੋਂ ਇਲਾਵਾ ਦੋ ਕੰਮ ਕਰਨੇ ਲਾਜ਼ਮੀ ਹੁੰਦੇ ਹਨ । ਪਹਿਲਾ ਇਹ ਕਿ ਇਹ ਬੁਰਜੁਆ ਮਾਹਿਰ ਸਾਇੰਸ ਦੀਆਂ ਜੋ ਵੀ ਥਿਊਰੀਆਂ ਖੜੀਆਂ ਕਰਦੇ ਹਨ, ਉਹਨਾਂ ਵਿਚ ਪੁੜੇ ਬੁਰਜੁਆ ਨਜ਼ਰੀਏ ਨੂੰ ਨੰਗਿਆਂ ਕਰਨਾ, ਉਸ ਦੀ ਆਲੋਚਨਾ ਕਰਨੀ । ਇਸ ਨਾਲੋਂ ਵੀ ਬੁਨਿਆਦੀ ਤੇ ਲਾਜ਼ਮੀ ਹੈ ਦੂਸਰਾ ਕੰਮ । ਮੂਰਖ ਨਾ ਮਰੇ, ਮੂਰਖ ਦੀ ਮਾਂ ਮਰੇ ਜਿਹੜੀ ਹੋਰ ਨਾ ਜਣ ਧਰੇ । ਇਸ ਖੇਤਰ ਦੇ ਬੁਰਜੁਆ ਨਜ਼ਰੀਏ ਦੇ ਸੋਮੇਂ ਨੂੰ ਹੀ ਖੁਸ਼ਕ ਕਰਨਾ । ਇਸ



ਖੇਤਰ ਵਿਚੋਂ ਬੁਰਜੁਆ ਨਜ਼ਰੀਏ ਨੂੰ ਖਤਮ ਕਰ ਕੇ ਏਥੇ ਪਰੋਲਤਾਰੀ ਦੇ ਨਜ਼ਰੀਏ ਦਾ ਪ੍ਰਵੇਸ਼ ਕਰਾਉਣਾ । ਸਾਇੰਸ ਤੇ ਟੈਕਨਾਲੋਜੀ ਦੇ ਖੇਤਰ ਦੇ ਬੁਧੀਮਾਨਾਂ ਦੇ ਨਜ਼ਰੀਏ ਦੀ ਕਾਇਆਂ-ਪਲਟੀ ਕਰਾਉਣਾ । ਆਪਣੀ ਵਿਚਾਰਧਾਰਾ ਨੂੰ ਤਬਦੀਲ ਕਰਨ ਵਿਚ ਉਹਨਾਂ ਦੀ ਮਦਦ ਕਰਨਾ । ਵਿਚਾਰਧਾਰਕ ਤੌਰ 'ਤੇ ਇਹਨਾਂ ਬੁਧੀਮਾਨਾਂ ਨੂੰ ਆਪਣੇ ਸੰਗੀ ਬਣਾਉਣਾ ਤੇ ਉਹਨਾਂ ਨੂੰ ਮਾਰਕਸਵਾਦੀ ਨਜ਼ਰੀਏ ਦੀ ਸਾਨ 'ਤੇ ਚੜ੍ਹਾਉਣਾ । ਏਥੇ ਇਕ ਨੁਕਤਾ ਬਿਲਕੁਲ ਸਾਫ਼ ਹੋਣਾ ਚਾਹੀਦਾ ਹੈ । ਇਹਨਾਂ ਬੁਧੀਮਾਨਾਂ ਦੇ ਨਜ਼ਰੀਏ ਨੂੰ ਵਿਦਿਆ ਰਾਹੀਂ ਤਬਦੀਲ ਕਰਨ ਵਿਚ ਮਦਦ ਕਰਨਾ ਇਹਨਾਂ ਉਤੇ ਸਿਆਸੀ ਧੌਂਸ ਪਾਉਣਾ, ਉਸ ਦਾ ਇਹਨਾਂ ਨੂੰ ਸ਼ਿਕਾਰ ਬਣਾਉਣਾ, ਜਾਂ ਇਹਨਾਂ 'ਤੇ ਡਿਕਟੇਟਰੀ ਚਲਾਉਣਾ ਨਹੀਂ । ਸਿਰਫ਼ ਇਸ ਖੇਤਰ ਦੇ ਕੰਮ ਕਰਦਿਆਂ ਵਿਚ ਮਾਰਕਸਵਾਦ ਦੀ ਪੜ੍ਹਾਈ ਤੇ ਸਮਝ ਨੂੰ ਲੋਕ-ਲਹਿਰ ਬਣਾਉਣਾ ਤਾਕਿ ਲਗਦੀ ਵਾਹ ਸੋਚਣ ਦਾ ਬੁਰਜੁਆ ਢੰਗ ਸਾਇੰਸ ਤੇ ਟੈਕਨਾਲੋਜੀ ਦੇ ਖੇਤਰ ਦੇ ਨੇੜੇ ਫਟਕ ਨਾ ਸਕੇ ।

ਸਾਇੰਸ ਤੇ ਟੈਕਨਾਲੋਜੀ ਦੇ ਮੁਹਾਜ਼ ਉਤੇ ਪਰੋਲਤਾਰੀ ਦੀ ਡਿਕਟੇਟਰਸ਼ਿਪ ਸਥਾਪਤ ਕਰਨ ਦਾ ਇਕ ਅਹਿਮ ਪਹਿਲੂ ਇਹ ਵੀ ਹੈ ਕਿ ਸਾਇੰਸ ਦੀ ਖੋਜ ਨੂੰ ਅਗਵਾਈ ਮਾਰਕਸਵਾਦ ਦੇਵੇ । ਇਸ ਅਗਵਾਈ ਦੀ ਕਿਸਮ ਨੂੰ ਸਮਝਣ ਵਾਸਤੇ ਸਾਇੰਸ ਤੇ ਕਲਾ ਨਾਲ ਮਾਰਕਸਵਾਦ ਦੇ ਰਿਸ਼ਤੇ ਨੂੰ ਸਮਝਣਾ ਲਾਜ਼ਮੀ ਹੈ । ਅਸੀਂ ਵੇਖ ਚੁਕੇ ਹਾਂ ਕਿ ਸਮੇਤ ਕੁਦਰਤ ਦੀ ਸਾਇੰਸ ਦੇ, ਮਾਰਕਸ-ਵਾਦ ਕੁਲ ਮਨੁਖੀ ਗਿਆਨ ਦਾ ਨਿਚੋੜ ਹੈ । ਭਾਵੇਂ ਕੁਦਰਤ ਹੈ ਤੇ ਭਾਵੇਂ ਸਮਾਜਕ ਵੇਗ, ਅਸਲੀਅਤ ਦਾ ਕੋਈ ਵੀ ਗਿਆਨ ਮਾਰਕਸਵਾਦ ਦੇ ਦਾਇਰੇ ਤੋਂ ਬਾਹਰ ਨਹੀਂ । ਕੋਈ ਵੀ ਗਿਆਨ ਐਸਾ ਨਹੀਂ ਜਿਸ 'ਤੇ ਇਹ ਲਾਗੂ ਨਹੀਂ । ਇਹ ਪੁਜ਼ੀਸ਼ਨ ਦਾ ਇਕ ਪਾਸਾ ਹੈ । ਦੂਸਰੇ ਪਾਸੇ ਤੋਂ ਮਾਰਕਸਵਾਦ ਸਾਹਿਤ ਤੇ ਕਲਾ ਦੀਆਂ ਕਿਰਤਾਂ / ਰਚਨਾਵਾਂ ਵਿਚ ਯਥਾਰਥਵਾਦ ਦੀ ਥਾਂ ਨਹੀਂ ਲੈ ਸਕਦਾ । ਏਸੇ ਤਰ੍ਹਾਂ ਹੀ ਮਾਰਕਸਵਾਦ ਕੁਦਰਤ ਦੀ ਸਾਇੰਸ ਦੀ, ਜਾਂ ਉਸ ਦੀ ਕਿਸੇ ਸ਼ਾਖ ਦੀ ਥਾਂ ਨਹੀਂ ਲੈ ਸਕਦਾ ।[6] ਇਸ ਡਾਇਲੈਕਟਿਕ ਦੀ ਅਸਲੀਅਤ ਨੂੰ ਸਮਝਣ ਤੋਂ ਬਗੈਰ ਮਾਰਕਸਵਾਦ ਦੀ, ਇਕ ਪਾਸੇ ਕਲਾ, ਸਾਹਿਤ ਨੂੰ ਤੇ ਦੂਸਰੇ ਪਾਸੇ ਕੁਦਰਤ ਦੀ ਸਾਇੰਸ ਨੂੰ ਦਿਤੀ ਅਗਵਾਈ ਦੀ ਸਮਝ ਨਹੀਂ ਆ ਸਕਦੀ । ਇਕ ਪਾਸੇ ਮਾਰਕਸਵਾਦ ਨੇ ਕੁਦਰਤ ਦੀ ਸਾਇੰਸ ਨੂੰ, ਉਸ ਦੀਆਂ ਪਗਡੰਡੀਆਂ ਨੂੰ ਜਨਰਲਾਈਜ਼ ਕੀਤਾ ਹੈ ਤੇ ਡਾਇਲੈਕਟੀਕਲ ਪਦਾਰਥਵਾਦ ਦੇ ਜਿਨ੍ਹਾਂ ਕਾਨੂੰਨਾਂ ਨੂੰ ਇਹ ਪੇਸ਼ ਕਰਦਾ ਹੈ, ਉਹ ਕੁਦਰਤ ਦੀ ਸਾਇੰਸ ਦੀ ਹਰ ਸ਼ਾਖ 'ਤੇ ਲਾਗੂ ਹੁੰਦੇ ਹਨ । ਦੂਸਰੇ ਪਾਸੇ ਹਰ ਖੇਤਰ ਵਿਚ ਮਾਦੇ ਦੀ ਹਰਕਤ ਦਾ ਰੂਪ ਆਪੋ ਆਪਣਾ ਹੈ, ਨਵੇਕਲਾ ਹੈ, ਹੋਰਨਾਂ ਖੇਤਰਾਂ ਦੀ ਹਰਕਤ ਨਾਲੋਂ ਵਖਰਾ ਹੈ, ਇਸ ਵਾਸਤੇ ਹਰ ਖੇਤਰ ਵਿਚ ਵਿਰੋਧਾਂ ਦੀ ਆਪਣੀ ਨਵੇਕਲੀ ਖ਼ਾਸੀਅਤ ਹੈ । ਸੋ ਕੁਦਰਤ ਦੀ ਸਾਇੰਸ ਦੀ ਹਰ ਸ਼ਾਖ ਦਾ ਮਜ਼ਮੂਨ ਆਪੋ ਆਪਣਾ ਹੈ । ਖਾਸ ਹੈ । ਹੋਰਨਾਂ ਨਾਲੋਂ ਨਵੇਕਲਾ ਹੈ । ਕਿਉਂਕਿ ਹਰ ਖੇਤਰ ਵਿਚ ਵਿਰੋਧਾਂ ਦੀ ਆਪੋ ਆਪਣੀ ਨਵੇਕਲੀ ਖਾਸੀਅਤ ਹੈ ਇਸ ਵਾਸਤੇ ਮਾਰਕਸਵਾਦ ਕੁਦਰਤ ਦੀ ਸਾਇੰਸ ਦੀ ਜਾਂ ਉਸ ਦੀ ਕਿਸੇ ਸ਼ਾਖ ਦੀ ਥਾਂ ਨਹੀਂ ਲੈ ਸਕਦਾ, ਪਰ ਚੂੰਕਿ ਪਦਾਰਥ, ਮਾਦੇ ਦੀ ਡਾਇਲੈਕਟਿਕ ਦੇ ਆਮ ਕਾਨੂੰਨ ਹਰ ਥਾਂ ਲਾਗੂ ਹਨ, ਇਸ ਵਾਸਤੇ ਮਾਰਕਸਵਾਦ ਹਰ ਖੇਤਰ ਦੀ ਅਸਲੀਅਤ ਨੂੰ ਸਮਝਣ ਵਿਚ ਆਮ ਅਗਵਾਈ ਦੇ ਸਕਦਾ ਹੈ । ਮਾਰਕਸਵਾਦ ਦੇ ਤਰੀਕੇ ਤੋਂ ਗੱਲ ਸਪਸ਼ਟ ਹੈ । ਇਕ ਪਾਸੇ ਤੋਂ ਮਾਰਕਸਵਾਦ ਡਾਇਲੈਕਟਿਕ ਦੇ ਕਾਨੂੰਨਾਂ ਦੀ ਸਮਝ ਤੇ ਉਹਨਾਂ ਨੂੰ ਲਾਗੂ ਕਰਨ ਦੀ ਜਾਚ 'ਤੇ ਅਤਿਅੰਤ ਜ਼ੋਰ ਦੇਂਦਾ ਹੈ, ਅਤੇ ਦੂਸਰੇ ਪਾਸੇ ਖਾਸ ਖੇਤਰ

ਦੀ, ਖ਼ਾਸ ਸਥਿਤੀ ਦੀ ਵਿਲੱਖਣਤਾ ਦੀ ਠੋਸ, ਸਿਕੇਬੰਦ ਖੋਜ ਤੋਂ ਬਗੈਰ ਅੱਗੇ ਪੈਰ ਨਹੀਂ ਪੁਟਦਾ। ਦੋਹਾਂ ਨੂੰ ਕੰਨਾਂ ਘਿਚ, ਸਾਵੇਂ ਸਾਵੀਂ ਤੋਰਦਾ ਹੈ, ਦੋਹਾਂ ਵਿਚੋਂ ਕਿਸੇ ਨੂੰ ਜ਼ੋਰ ਨਹੀਂ ਹੋਣ ਦੇਂਦਾ। ਹਰ ਖੇਤਰ ਦੀ ਡਾਇਲੈਕਟਿਕ ਨਵੇਕਲੀ ਹੁੰਦੀ ਹੈ, ਵਿਲੱਖਣ ਹੁੰਦੀ ਹੈ, ਪਰ ਵਿਲੱਖਣ ਹੁੰਦੀ ਹੋਈ ਡਾਇਲੈਕਟਿਕ ਦੇ ਜਨਰਲ ਕਾਨੂੰਨ ਦੇ ਅਧੀਨ ਹੁੰਦੀ ਹੈ। ਸੋ ਮਾਰਕਸ-ਵਾਦ ਸਾਹਿਤ ਤੇ ਕਲਾ ਦੀ ਰਚਨਾ ਵਿਚ ਜ਼ਾਤੀ, ਸਿੱਕੇਬੰਦ ਅਨੁਭਵ ਦੀ ਥਾਂ ਨਹੀਂ ਲੈਂਦਾ, ਪਰ ਹੋਏ ਅਨੁਭਵ ਨੂੰ ਜਨਰਲਾਈਜ਼ ਕਰਨ ਵਿਚ ਅਗਵਾਈ ਕਰਦਾ ਹੈ। ਏਸੇ ਤਰ੍ਹਾਂ ਹੀ ਸਾਇੰਸ ਦੀ ਖੋਜ ਵਿਚ, ਜਨਰਲ ਡਾਇਲੈਕਟਿਕ ਦੀ ਸਮਝ ਵਿਚ ਅਗਵਾਈ ਕਰਦਾ ਹੈ। ਇਸ ਵਾਸਤੇ ਸਾਇੰਸ ਤੇ ਟੈਕਨਾਲੋਜੀ ਦੇ ਖੇਤਰ ਦੇ ਲੋਕਾਂ ਵਾਸਤੇ ਵੀ ਲਾਜ਼ਮੀ ਹੈ ਕਿ ਉਹ ਆਪਣੇ ਕਿੱਤੇ ਦੇ ਕੰਮ ਦੀ ਪੜ੍ਹਾਈ ਤੇ ਉਸ ਦੀ ਡਾਇਲੈਕਟਿਕ ਦਾ ਠੋਸ ਤੌਰ 'ਤੇ ਵਿਸ਼ਲੇਸ਼ਨ ਕਰਨ ਵਾਸਤੇ ਮਾਰਕਸੀ ਪੈਂਤੜੇ, ਉਸ ਦੇ ਨਜ਼ਰੀਏ ਤੇ ਤਰੀਕੇ ਨੂੰ ਲਾਗੂ ਕਰਨ ਦੀ ਜਾਚ ਪੂਰੀ ਤਰ੍ਹਾਂ ਸਿਖਣ। ਪਰ ਮਾਰਕਸਵਾਦ ਨੂੰ, ਡਾਇਲੈਕਟੀਕਲ ਪਦਾਰਥਵਾਦ ਨੂੰ ਸਾਇੰਸ ਦੀ ਖੋਜ ਦੀ ਅਗਵਾਈ ਵਾਸਤੇ ਵਰਤਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਇਸ ਨੂੰ ਸੱਚੀਂ ਮੁਚੀਂ, ਸਹੀ ਤੌਰ 'ਤੇ ਵਰਤਣ ਵਾਸਤੇ ਲੰਮੇ ਸਮੇਂ ਲਈ ਲਗਾਤਾਰ ਕੋਸ਼ਿਸ਼ ਤੇ ਜਦੋ-ਜਹਿਦ ਦੀ ਲੋੜ ਹੈ। ਸਾਇੰਸ ਤੇ ਟੈਕਨਾ-ਲੋਜੀ ਦੇ ਖੇਤਰ ਵਿਚ ਮਾਰਕਸਵਾਦ ਮੱਲ ਤਾਂ ਹੀ ਮਾਰ ਸਕਦਾ ਹੈ, ਆਪਣੀ ਸਰਦਾਰੀ ਤਾਂ ਹੀ ਸਥਾਪਤ ਕਰ ਸਕਦਾ ਹੈ ਜੇ ਇਹ ਇਸ ਖੇਤਰ ਦੇ ਕੰਮ ਵਿਚ ਸਹੀ ਤੌਰ 'ਤੇ ਲਾਗੂ ਹੋ ਰਿਹਾ ਹੋਵੇ। (ਚਲਦਾ)

---

1. The working class must exercise leadership in everything. Mao

Unite for one purpose, that is, the consolidation of the dictatorship of the proletariat. This must be fully achieved in every factory, village, office and school. Mao

2. In capitalist society, science and technology are in the hands of the capitalists who make natural science subservient to capital; they are tools serving the dictatorship of the bourgeoisie and the interests of the capitalists.

3. Only the working class can turn science from the instrument of class rule into the strength of the people and the scientists themselves from the peddlars of class prejudices,the parasites of the state chasing after fame and gain and the ally of capital into free thinkers. Marx, Selected Works of Marx and Engels, Vol. II, p.422

4. Essentially speaking, scientific knowledge is "a kind of weapon for people to win freedom." In order to be free in society, people should use social science to recognize and reform society; in order to be free in the natural world, they should use natural science to recognize and reform nature. When Engels spoke of Marx he said: 'He first looks upon science as an effective power of history and a revolutionary force of highest significance. Furthermore, he is making use of science precisely as such a force. As he sees it, here lies the use of the vast knowledge he has mastered, especially knowledge of all spheres bearing on history.' (Ibid) Vol. xix, pp.372-3

5. Marx "studied nature, history and proletarian revolution and created dialectical materialism, historical materialism and the theory of proletarian revolution." Mao

6. Marxism embraces but cannot replace realism in literary and artistic creation, just as it embraces but cannot replace the atomic and electronic theories in physics. Mao



---


*** ਸਾਹਿਤ ਦੀ ਸਮਝ**

ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ—ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ। ਇਹ ਪੁਸਤਕ ਸਾਹਿਤ-ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ। ਸਫ਼ੇ 340, ਪੱਕੀ ਜਿਲਦ, ਸਿਰਫ਼ ਲਾਇਬਰੇਰੀ ਐਡੀਸ਼ਨ;
ਮੁਲ : ਪੰਦਰਾਂ ਰੁਪੈ।


---

ਸੇਧ ਦਾ ਸਾਲਾਨਾ ਚੰਦਾ ਜਾਂ ਲਾਈਫ਼-ਮੈਂਬਰੀ ਭੇਜਣ ਲਗਿਆਂ ਆਪਣੇ ਸਰਨਾਵੇਂ ਦੇ ਨਾਲ PIN ਨੰਬਰ ਵੀ ਲਿਖੋ ਅਤੇ ਚਿੱਠੀ-ਪੱਤਰ ਕਰਦੇ ਸਮੇਂ ਆਪਣੇ ਚਿੱਟ-ਨੰਬਰ ਦਾ ਹਵਾਲਾ ਜ਼ਰੂਰ ਦਿਉ। ਬੈਂਕ-ਡਰਾਫ਼ਟ ਸਿਰਫ਼ SEDH ਦੇ ਨਾਂ ਹੀ ਹੋਣਾ ਚਾਹੀਦਾ ਹੈ। ਬੈਂਕ ਕੋਈ ਵੀ ਹੋਵੇ।

---

ਨੋਟ : ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 21.7.73 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਮੰਨਜ਼ੂਰ ਹੈ।

---


Send subscriptions & donations to :

* HARJIT DAUDHARIA
12, SPRING DALE, EARLEY
READING, BERKS,
ENGLAND
* Mr. G.S. PANNU
3362 E, 29th AVE.,
VANCOUVER-16 (B.C.)

Price : Rs. 2.00 per copy
Subscription :
Annual (India) : Rs. 20
U.K , U.S.A., Canada : Rs. 100 (By air)
(Pakistan) : Rs. 40
Life membership : Rs. 200 (India)
Rs. 1,000 (Foreign)

# ਇਕ ਖ਼ਤ ਤੇਰੇ ਨਾਂ

## ਗੁਰਵੇਲ ਪੰਨੂੰ : ਸੰਪਾਦਕ ਸੇਧ, ਨਵੀਂ ਦਿਲੀ

ਸ੍ਰੀਮਾਨ ਜੀ,

ਪਿਛਲੇ ਕੁਝ ਚਿਰ ਤੋਂ ਮਹੀਨੇ ਵਿਚ ਇਕ ਦੋ ਵਾਰ ਤੁਹਾਡੇ ਵਲੋਂ ਟੈਲੀਫ਼ੋਨ ਬਾਕਾਇਦਗੀ ਨਾਲ ਖੜਕਦਾ ਰਿਹਾ ਤੇ ਫ਼ਰਮਾਇਸ਼ ਆਉਂਦੀ ਰਹੀ ਕਿ **ਸੇਧ** ਦੇ ਕਾਲਮਾਂ ਵਿਚ ਚਲ ਰਹੇ ਸੰਰਚਨਾਵਾਦੀ ਵਿਵਾਦ ਵਿਚ ਮੈਂ ਇਕ ਧਿਰ ਬਣਾਂ। ਵਾਹ ਲਗਦਿਆਂ ਮੈਂ ਤੁਹਾਡੇ ਅਖਾੜੇ ਵਿਚ ਉਤਰਨ ਤੋਂ ਗੁਰੇਜ਼ ਕੀਤਾ ਹੈ। ਤੁਸੀਂ ਇਕ ਤੋਂ ਵਧੀਕ ਵਾਰ ਮੇਰੇ ਪ੍ਰਤੀ ਆਪਣੀ ਦੋਸਤੀ ਦਾ ਜ਼ਿਕਰ ਵੀ ਕੀਤਾ ਹੈ, ਜਿਸ ਦੇ ਉਤਰ ਵਿਚ ਮੈਂ ਸ਼ੁਕਰਾਨਾ ਪੇਸ਼ ਕਰਦਾ ਰਿਹਾ ਹਾਂ। ਜਦੋਂ ਤੋਂ ਸੇਧ ਸ਼ੁਰੂ ਹੋਇਆ ਹੈ, ਉਸ ਦੇ ਕਾਲਮਾਂ ਵਿਚ ਮੇਰਾ ਜ਼ਿਕਰ ਕਿਸੇ ਨਾ ਕਿਸੇ ਬਹਾਨੇ ਹੁੰਦਾ ਹੀ ਰਿਹਾ ਹੈ, ਮੇਰੀ ਜ਼ਾਤ ਤੋਂ ਲੈ ਕੇ ਮੇਰੀ ਜਮਾਤ ਤਕ ਸਭ ਇਸ ਦੀ ਜ਼ਦ ਵਿਚ ਆਉਂਦੇ ਰਹੇ ਹਨ। ਜਾਪਦਾ ਹੈ ਇਸ ਸਭ ਕੁਝ ਸੰਬੰਧੀ ਤੁਹਾਡਾ ਧੰਨਵਾਦ ਕਰਨਾ ਮੇਰਾ ਫ਼ਰਜ਼ ਬਣਦਾ ਹੈ ਤੇ ਮੈਂ ਧੰਨਵਾਦ ਕਰਦਾ ਵੀ ਹਾਂ। ਮੇਰੇ ਪ੍ਰਤੀ ਇਸ ਤਰ੍ਹਾਂ ਦੀ ਭਾਵਨਾ ਰਖਣ ਦੇ ਬਾਵਜੂਦ ਤੁਸੀਂ ਮੈਨੂੰ ਆਪਣੇ ਕਾਲਮਾਂ ਵਿਚ ਉਤਰਨ ਦੀ ਲਗਾਤਾਰ ਦਾਵਤ ਦਈ ਜਾ ਰਹੇ ਹੋ, ਇਸ ਨੂੰ ਤੁਹਾਡੀ ਨਵਾਜ਼ਿਸ਼ ਹੀ ਮੰਨਣਾ ਪਏਗਾ। ਇਸ ਆਧੁਨਿਕ ਕਿਸਮ ਦੀ ਫ਼ਰਾਖਦਿਲੀ ਲਈ ਤੁਹਾਡਾ ਸ਼ੁਕਰੀਆ !

ਹੁਣ, ਸਭ ਤੋਂ ਪਹਿਲਾਂ ਮੈਨੂੰ ਇਹ ਦਸਣਾ ਬਣਦਾ ਹੈ ਕਿ ਮੈਂ ਤੁਹਾਡੀ **ਸੇਧ**-ਬਿਰਾਦਰੀ ਦਾ ਅੰਗ ਬਣਨ ਤੋਂ ਸੰਕੋਚ ਕਿਉਂ ਕਰਦਾ ਹਾਂ। ਬਿਰਾਦਰੀ ਦਾ 'ਪੈਸਿਵ' ਅੰਗ ਤਾਂ ਮੈਂ ਹਾਂ ਹੀ। ਤੁਹਾਡਾ **ਸੇਧ** ਜਿਸ ਬਾਕਾਇਦਗੀ ਨਾਲ ਛਪਦਾ ਰਿਹਾ ਹੈ, ਉਸੇ ਬਾਕਾਇਦਗੀ ਨਾਲ ਮੈਂ ਇਸ ਨੂੰ ਪੜ੍ਹਦਾ ਵੀ ਰਿਹਾ ਹਾਂ। ਮੈਨੂੰ ਬਿਰਾਦਰੀ ਦੀਆਂ ਪਿਛਲੀਆਂ ਕਤਾਰਾਂ ਵਿਚ, ਪਾਠਕ ਦੇ ਤੌਰ 'ਤੇ, ਬੈਠਾ ਰਹਿਣਾ ਚੰਗਾ ਲਗਦਾ ਹੈ। ਮੇਰਾ ਸੰਕੋਚ 'ਐਕਟਿਵ' ਮੈਂਬਰਸ਼ਿਪ ਤੋਂ ਹੈ। ਤੁਹਾਡੇ ਪਰਚੇ ਵਿਚ ਲੇਖਕ ਵਜੋਂ ਰੋਲ ਨਿਭਾਉਣ ਤੋਂ ਹੀ ਮੈਨੂੰ ਸੰਕੋਚ ਹੈ। ਇਸ ਸੰਕੋਚ ਦਾ ਕਾਰਣ ਮੇਰੀ ਖ਼ੁਦਗਰਜ਼ੀ ਤੇ ਕਮਮਾਇਗੀ ਤੋਂ ਇਲਾਵਾ ਹੋਰ ਕੋਈ ਨਹੀਂ। ਮੈਨੂੰ ਡਰ ਹੈ ਕਿ ਜਿਸ ਅੰਦਾਜ਼ ਵਿਚ ਤੁਸੀਂ ਮੇਰਾ ਜ਼ਿਕਰ ਆਪਣੇ ਕਾਲਮਾਂ ਵਿਚ ਕਰਦੇ ਰਹੇ ਹੋ, ਮੇਰੇ **ਸੇਧ**-ਲੇਖਕ ਬਣਨ ਬਾਦ, ਉਹ ਜ਼ਿਕਰ ਤੇ ਉਹ ਅੰਦਾਜ਼ੇ ਬਿਆਨ ਕਿਤੇ ਮੱਠਾ ਨਾ ਪੈ ਜਾਵੇ। ਇਸ ਅੰਦਾਜ਼ ਦਾ ਆਪਣਾ ਤੇਜ਼ ਪਰਤਾਪ ਹੈ ਤੇ ਇਸ ਦੇ ਦਘਦੇ-ਮਘਦੇ ਚਾਨਣ ਘੇਰੇ ਵਿਚੋਂ ਛੇਕੇ ਜਾਣ ਦੀ ਲੋੜ ਮੈਂ ਮਹਿਸੂਸ ਨਹੀਂ ਕਰਦਾ। ਤੁਹਾਡੀ ਪ੍ਰਬਲ ਪ੍ਰਚੰਡ ਬੋਲੀ ਦਾ ਮਜ਼ਮੂਨ ਬਣੇ ਰਹਿਣ ਦਾ ਮੈਨੂੰ ਬੜਾ ਮੋਹ ਹੈ। ਤੇ ਇਸੇ ਬੋਲੀ ਕਾਰਣ ਮੈਨੂੰ ਸੰਕੋਚ ਵੀ ਹੈ। ਜ਼ਾਹਰ ਹੈ ਕਿ ਤੁਸੀਂ ਭਾਜੀ ਜਿਸ ਅੰਦਾਜ਼ ਵਿਚ ਚਾੜ੍ਹਦੇ ਹੋ ਮੈਂ ਉਸ ਅੰਦਾਜ਼ ਵਿਚ ਮੋੜ ਨਹੀਂ ਸਕਦਾ। ਯਕੀਨਨ ਮੈਂ ਤੁਹਾਡੇ ਅਤੇ ਤੁਹਾਡੇ ਲੇਖਕਾਂ ਨਾਲ, ਤੁਹਾਡੇ ਮਖ਼ਸੂਸ ਅੰਦਾਜ਼ੇ ਬਿਆਨ ਦੇ ਇਲਾਕੇ ਵਿਚ, ਬਰ ਨਹੀਂ ਮੇਚ ਸਕਦਾ। ਇਹੋ ਮੇਰੀ ਕਮਮਾਇਗੀ ਹੈ।

ਅਜ ਤੁਹਾਡੇ ਨਾਲ ਗੱਲ ਛੇੜੀ ਤਾਂ ਉਸ ਦਾ ਮੁੱਢ ਤੁਹਾਡੀ ਬੋਲੀ ਤੋਂ ਹੀ ਬਝ ਗਿਐ। ਬੋਲੀ ਯਕੀਨਨ ਹਥਿਆਰ ਹੈ। ਦੂਜੇ ਪਾਸਿਓਂ ਆ ਰਹੀ ਬੋਲੀ ਦੀ ਹਮਲਾਵਰੀ ਨੁਹਾਰ ਅਸੀਂ ਪਛਾਣਦੇ ਹਾਂ, ਸਾਨੂੰ ਪਛਾਣਨੀ ਪੈਂਦੀ ਹੈ। ਇਸ ਨੂੰ ਤੁਹਾਡੇ ਚਿੱਤ ਦੀ ਇਕਾਗਰਤਾ ਕਹਾਂ ਕਿ ਤੁਸੀਂ ਚੜ੍ਹਦੇ ਲਹਿੰਦੇ ਇਕੋ ਤਰ੍ਹਾਂ ਦੀ ਬੋਲੀ ਵਰਤਦੇ ਹੋ। ਤੁਸੀਂ ਸਹੀ ਪੈਂਤਰੇ ਤੋਂ ਗੱਲ ਕਰੋ ਜਾਂ ਗ਼ਲਤ ਪੈਂਤਰੇ



ਤੋਂ ਤੁਹਾਡੀ ਬੋਲੀ ਦੀ ਜ਼ਹਿਰ-ਮੋਹਰਾ ਆਬ ਤਾਬ ਵਿਚ ਕੋਈ ਫ਼ਰਕ ਨਹੀਂ ਪੈਂਦਾ, ਤੁਸੀਂ ਆਪਣੀ ਇਲਮੀਅਤ ਦੇ ਜ਼ੋਰ ਵੀ ਦੂਜੇ ਨੂੰ ਗਾਲ੍ਹ ਕਢਦੇ ਹੋ ਤੇ ਆਪਣੀ ਲਾਇਲਮੀ ਦੇ ਜ਼ੋਰ ਵੀ ਇਹੋ ਕਰਾਮਾਤ ਕਰਦੇ ਹੋ। ਤੁਹਾਡੀ ਇਸ ਦੁਪਾਸੀ ਚਾਤਰੀ ਤੇ ਹੈਰਤ ਹੁੰਦੀ ਹੈ। ਸੰਰਚਨਾਵਾਦੀ ਵਿਵਾਦ ਵਿਚ ਤੁਸੀਂ ਹਦਵਾਣੇ ਵਾਂਗ ਛੁਰੀ ਤੇ ਡਿੱਗੇ ਹੋ ਪਰ ਵੱਢੀ ਵਿਚਾਰੀ ਛੁਰੀ ਹੀ ਜਾ ਰਹੀ ਹੈ। ਤੁਸੀਂ ਸੰਰਚਨਾਵਾਦੀਆਂ ਨੂੰ ਹੀ ਨਹੀਂ ਸਾਰੀ ਦੁਨੀਆਂ ਨੂੰ ਕਹਿੰਦੇ ਜਾਪਦੇ ਹੋ : "ਵਿਦਵਾਨ ਹੋਣਾ **ਸੇਧ** ਦਾ ਫ਼ਰਜ਼ ਅਤੇ ਹੱਕ ਹੈ। ਜਦੋਂ **ਸੇਧ** ਨੂੰ ਹੀ ਸੰਰਚਨਾਵਾਦ ਦੀ ਸਮਝ ਨਹੀਂ ਆ ਰਹੀ, ਤੁਸੀਂ ਸਾਰੇ ਮੂਰਖ ਹੋ।"

ਤੁਹਾਡੀ ਇਸ ਕਾਰਗੁਜ਼ਾਰੀ 'ਤੇ ਤੁਹਾਨੂੰ ਸ਼ਾਬਾਸ਼। ਪਰ ਤੁਹਾਨੂੰ ਇਕ ਸੁਆਲ ਪੁਛਦਾ ਹਾਂ ਕਿ ਜਮਾਤੀ ਜੰਗ ਦੇ ਮਾਹਿਰ ਤੁਸੀਂ ਬੋਲੀ ਦੇ ਇਹ ਹਥਿਆਰ ਕਿਹੜੇ ਪਾਸਿਓਂ ਚਲਾ ਰਹੇ ਹੋ। ਤੁਹਾਡੇ ਹਥਿਆਰ ਲੁਟ-ਚੁੰਘ ਕਰਨ ਵਾਲੀ ਜਮਾਤ ਦੀ ਈਜਾਦ ਹਨ। ਜ਼ਾਹਰ ਹੈ ਧੱਕਾਮਾਰ ਬੋਲੀ ਉਹ ਲੁਟ-ਚੁੰਘ ਦੇ ਹਥਿਆਰਾਂ ਵਜੋਂ ਵਰਤਦੇ ਸਨ। ਆਪਣੀਆਂ ਇਸਤਲਾਹਾਂ ਦੀ ਵਰਤੋਂ ਉਹ ਆਪਣੀ ਪਰਜਾ ਨੂੰ ਚੁਪ ਕਰਾਉਣ ਲਈ ਕਰਦੇ ਸਨ। ਇਹ ਉਹਨਾਂ ਦੀਆਂ ਸਮਾਪਤੀ ਜੁਗਤਾਂ ਹਨ। ਇਹਨਾਂ ਦੀ ਵਰਤੋਂ ਬਾਦ ਕੋਈ ਬਹਿਸ ਅਗਾਂਹ ਨਹੀਂ ਤੁਰ ਸਕਦੀ। ਇਹਨਾਂ ਨੂੰ ਸੁਣਨ ਵਾਲਾ ਜਾਂ ਤਾਂ ਇਸੇ ਸਿੱਕੇ ਵਿਚ ਭਾਜੀ ਮੋੜੇ ਜਾਂ ਚੁਪ ਕਰ ਜਾਵੇ। ਇਸ ਨੂੰ ਮੈਂ ਤੁਹਾਡੀ ਸਾਦਗੀ ਕਹਾਂ ਕਿ ਤੁਸੀਂ ਇਕ ਵਿਗਿਆਨਕ ਬਹਿਸ ਸ਼ੁਰੂ ਕਰਨਾ ਚਾਹੁੰਦੇ ਹੋ ਤੇ ਪੈਂਦੀ ਸੱਟੇ ਸਮਾਪਤੀ ਜੁਗਤਾਂ ਵਰਤਣ ਲਗ ਪਏ ਹੋ। ਇਸ ਨੂੰ ਤੁਹਾਡੀ ਸ਼ਕਤੀ ਮੰਨਾਂ ਕਿ ਤੁਸੀਂ ਸੰਰਚਨਾਵਾਦ ਦੇ ਵਿਰੋਧ ਵਿਚ ਸੰਕਲਪੀ ਜੁਗਤਾਂ ਵਰਤਣ ਦੀ ਬਜਾਏ ਭਾਵੁਕ ਇਸਤਿਆਰੇ ਵਰਤਣ ਲਗ ਪਏ ਹੋ। ਕਿਤੇ ਅੰਦਰਖਾਨੇ ਡਰੇ ਹੋਏ ਤਾਂ ਨਹੀਂ ਕਿ ਸੰਕਲਪਾਂ ਦੇ ਇਸ ਸਫ਼ਰ ਵਿਚ ਮੈਥੋਂ ਚਾਰ ਕਦਮ ਤੁਰ ਨਹੀਂ ਹੋਣਾ ਇਸ ਲਈ ਆਪਣੇ ਭਾਵੁਕ ਅਸਤਰ-ਸ਼ਸਤਰ ਨਾਲ ਦੂਜੇ ਨੂੰ ਪਹਿਲਾਂ ਹੀ ਚੁਪ ਕਰਾ ਦਿਆਂ। **ਸੇਧ** ਸੰਪਾਦਕ ਜੀ, ਤੁਸੀਂ ਲੋਟੂ ਫਿਊਡਲ ਵਾਂਗ ਬੋਲਦੇ ਹੋ ਤੇ ਲੁਟੇ-ਚੁੰਘੇ ਜਾ ਰਿਹਾਂ ਦਾ ਪੱਖ ਪੂਰਨ ਦਾ ਦਾਵਾ ਕਰਦੇ ਹੋ। ਕਿੰਨੇ ਮਾਸੂਮ ਹੋ ਕਿ ਤੁਹਾਨੂੰ ਆਪਣੇ ਦੰਭ ਦਾ ਪਤਾ ਨਹੀਂ ਲਗ ਰਿਹਾ ਵਰਨਾ ਮੈਨੂੰ ਕਹਿਣ ਦਾ ਮੌਕਾ ਮਿਲਦਾ : 'ਹਮ ਸਮਝੇ ਹੁਏ ਉਸ ਕੋ ਹੈਂ ਜਿਸ ਭੇਸ ਮੇਂ ਆਏ।' ਤੁਹਾਡੀ ਬੋਲੀਬਾਜ਼ੀ ਦੇ ਜਵਾਬ ਵਿਚ ਚੁਪ ਰਹਿਣਾ ਹੀ ਵਾਜਬ ਹੈ। ਮੈਂ ਤਾਂ ਹਾਰੇ ਦਾ ਨਿਆਂ ਮੰਨ ਕੇ ਚੁਪ ਸਾਂ, ਪਰ ਜ਼ੋਰਾਵਰਾਂ ਦਾ ਸੱਤੀ ਵੀਹੀਂ ਸੌ ! ਚੁਪ ਕਰਾਉਣ ਦੇ ਹਥਿਆਰ ਵਰਤਦੇ ਹੋ ਤੇ ਚੁਪ ਰਹਿਣ ਵੀ ਨਹੀਂ ਦੇਂਦੇ। ਮੈਂ ਗਾਲੀਲੀਉ ਨਹੀਂ, ਪਰ ਤੁਸੀਂ ਮਧਜੁਗੀ ਪੋਪ ਵਾਂਗ ਮੇਰੇ ਆਲੇ ਦੁਆਲੇ ਰੱਸੇ-ਪੈੜੇ ਕਸ ਚੁੱਕੇ ਹੋ। ਆਪਣੀ ਸੇਧ-ਕਚਹਿਰੀ ਵਿਚ ਤੁਸੀਂ ਆਪਣਿਆਂ ਤੋਂ ਇਲਜ਼ਾਮ ਲੁਆ ਚੁੱਕੇ, ਯਕਤਰਫ਼ਾ ਬਹਿਸ ਕਰਵਾ ਚੁੱਕੇ, ਨਾਸ਼ਨਾਸੀ ਦਾ ਫ਼ਤਵਾ ਵੀ ਸਾਦਰ ਕਰ ਚੁੱਕੇ ਕਿ ਮੈਂ ਤੁਹਾਡੀ **ਸੇਧ** ਨੂੰ ਮਾਰਕਸਵਾਦ ਨਹੀਂ ਮੰਨਦਾ। ਤੇ ਹੁਣ ਦੋਸਤੀ ਦੇ ਨਾਮ ਤੇ ਕਰਮ ਫਰਮਾ ਰਹੇ ਹੋ ਕਿ ਬਦਨਸੀਬ, ਕੁਝ ਤਾਂ ਬੋਲ, ਰਹਿਮ ਦੀ ਦਰਖ਼ਾਸਤ ਹੀ ਕਰ ਲੈ। ਸਾਡੇ ਦਰਬਾਰ ਵਿਚ ਅੰਧੇਰ ਹੈ, ਪਰ ਦੇਰ ਨਹੀਂ।

ਇਸ ਕਰਮਫਰਮਾਈ ਦੇ ਸਦਕੇ। ਆਪਣਾ ਬਿਆਨ ਸ਼ੁਰੂ ਕਰਨ ਤੋਂ ਪਹਿਲਾਂ ਇਕ ਜ਼ੈਨ-ਕਹਾਣੀ ਯਾਦ ਕਰਨ ਦੀ ਇਜਾਜ਼ਤ ਚਾਹੁੰਦਾ ਹਾਂ। ਜ਼ੈਨ-ਗੁਰੂ ਆਪਣੇ ਸ਼ਿਸ਼ ਦੇ ਸਿਰ ਤੇ ਸੋਟਾ ਰਖ ਕੇ ਕਹਿੰਦਾ ਹੈ : ਦਸ ਤੇਰੇ ਸਿਰ ਤੇ ਕੀ ਹੈ। ਜੇ ਤੂੰ ਕਹੇਂ ਕਿ ਸੋਟਾ ਹੈ ਤਾਂ ਮੈਂ ਤੈਨੂੰ ਕੁਟਾਂਗਾ

ਕਿਉਂਕਿ ਸੋਟਾ ਕੁੱਟਣ ਲਈ ਹੈ। ਜੇ ਤੂੰ ਕਹੇਂ ਕਿ ਕੁਝ ਨਹੀਂ ਤਾਂ ਮੈਂ ਤੈਨੂੰ ਕੁਟਾਂਗਾ ਕਿਉਂਕਿ ਤੂੰ ਝੂਠ ਬੋਲਦਾ ਹੈਂ। ਜੇ ਤੂੰ ਚੁਪ ਕਰ ਰਹੇ ਤਾਂ ਕੁੱਟਾਂਗਾ ਕਿਉਂ ਤੂੰ ਬੇਅਦਬ ਹੈਂ, ਗੁਰੂ ਦੇ ਕਹੇ ਦਾ ਉਤਰ ਨਹੀਂ ਦੇਂਦਾ। ਸ਼ਿਸ਼ ਨੇ ਸਹਿਜੇ ਹੀ ਗੁਰੂ ਦਾ ਸੋਟਾ ਹਥ ਨਾਲ ਇਕ ਪਾਸੇ ਕਰ ਦਿਤਾ। ਸੇਧ-ਸੰਪਾਦਕ ਜੀ, ਜਵਾਬ ਦੇਣ ਲਈ ਜੋ ਸੁਆਲਨੁਮਾ ਲੇਖ ਤੁਸੀਂ ਮੇਰੇ ਸਿਰ ਤੇ ਰੱਖੇ ਹਨ, ਮੈਂ ਉਹਨਾਂ ਨੂੰ ਇਕ ਪਾਸੇ ਕਰਦਾ ਹਾਂ। ਉਹਨਾਂ ਵਿਚੋਂ ਕੋਈ ਐਸਾ ਨਹੀਂ ਕਿ ਉਸ ਨੂੰ ਪਛਾਣਨ ਦਾ ਮਾਣ ਜਾਂ ਨਾ-ਪਛਾਣਨ ਦਾ ਅਪਮਾਨ ਦਿਤਾ ਜਾਏ। ਉਹਨਾਂ ਵਿਚੋਂ ਕਿਸੇ ਨਾਲ ਸੰਰਚਨਾਵਾਦ ਦੀ ਹੇਠੀ ਨਹੀਂ ਹੁੰਦੀ, ਨਾ ਮਾਰਕਸਵਾਦ ਦਾ ਮਾਣ ਵਧਦਾ ਹੈ। ਸੰਰਚਨਾਵਾਦ ਨੂੰ ਇਹੋ ਜੇਹੇ ਮੁਖਾਲਫ਼ਾਂ ਤੋਂ ਕੋਈ ਡਰ ਨਹੀਂ, ਮਾਰਕਸਵਾਦ ਇਹੋ ਜੇਹੇ ਹਿਮਾਇਤੀਆਂ ਬਾਰੇ ਏਨਾ ਕੁ ਕਹਿ ਕੇ ਮੁਸਕਰਾ ਸਕਦਾ ਹੈ : ਹਮਾਰੇ ਭੀ ਹੈਂ ਮਿਹਰਬਾਂ ਕੈਸੇ ਕੈਸੇ !

ਹੁਣ ਬਿਆਨ ਅਰੰਭ ਹੁੰਦਾ ਹੈ। ਮੈਂ ਸੰਰਚਨਾਵਾਦੀ ਨਹੀਂ, ਸੰਰਚਨਾਵਾਦ ਦਾ ਵਿਦਿਆਰਥੀ ਹਾਂ। ਬਿਲਕੁਲ ਇਵੇਂ ਜਿਵੇਂ ਮੈਂ ਮਾਰਕਸਵਾਦੀ ਨਹੀਂ, ਮਾਰਕਸਵਾਦ ਦਾ ਵਿਦਿਆਰਥੀ ਹਾਂ। ਇਹਨਾਂ ਦੋਹਾਂ ਵਿਦਿਆਵਾਂ ਵਿਚ ਮੈਂ ਆਪਣੇ ਆਪ ਨੂੰ ਬਹੁਤੇ ਨੰਬਰ ਨਹੀਂ ਦੇਂਦਾ, ਪਰ ਦੋਹਾਂ ਨੂੰ ਪੜ੍ਹੀ ਜਾ ਰਿਹਾ ਹਾਂ। ਅਜੇ ਪ੍ਰਾਇਮਰੀ ਵਿਚ ਹਾਂ, ਉਂਞ ਉਮਰ ਦੇ ਆਖ਼ਰੀ ਸਾਹ ਤਕ ਵਿਦਿਆਰਥੀ ਬਣੇ ਰਹਿਣ ਦੀ ਪ੍ਰਤਿਗਿਆ ਹੈ। ਸੰਰਚਨਾਵਾਦ ਕੋਈ ਫਿਲਾਸਫ਼ੀ ਨਹੀਂ, ਕ੍ਰਿਆ ਹੈ। ਇਹ ਮਨੁਖਵਾਦੀ ਵਿਗਿਆਨ ਹੈ। ਇਸ ਦੀ ਮੂਲ ਸਥਾਪਨਾ ਹੈ ਕਿ ਮਨੁਖ ਜੋ ਕੁਝ ਵੀ ਰਚਦਾ ਹੈ ਉਹ ਸੰਰਚਨਾ ਹੈ। ਮਨੁਖ ਤੋਂ ਬਾਹਰਵਾਰ ਵੀ ਬਹੁਤ ਕੁਝ ਰਚਿਆ ਪਿਆ ਹੈ, ਉਹ ਵਾਸਤਵਿਕਤਾ ਹੈ। ਮਨੁਖ ਉਸ ਨੂੰ ਆਪਣਾ ਬਣਾਉਣ ਲਈ ਕੁਝ ਰਚਨਾਵਾਂ ਰਚਦਾ ਹੈ। ਉਹ ਸੰਰਚਨਾਵਾਂ ਹਨ। ਸੰਰਚਨਾ ਦਾ ਮੂਲ ਗੁਣ ਇਹ ਹੈ ਕਿ ਉਹਦਾ ਅਰਥ ਹੈ ਤੇ ਉਹਦਾ ਸੰਚਾਰ ਹੁੰਦਾ ਹੈ, ਮਤਲਬ ਇਹ ਕਿ ਮਨੁੱਖ ਦੀ ਬਣਾਈ ਹਰ ਸ਼ੈ ਸਮਾਜ ਦੇ ਜੀਆਂ ਦੁਆਰਾ ਸਮਝੀ ਜਾਂਦੀ ਹੈ ਕਿਉਂਕਿ ਉਸ ਦਾ ਮਤਲਬ ਹੈ। ਵੀਰ ਪੰਨੂੰ, ਤੂੰ ਸੰਰਚਨਾਵਾਦੀ ਨਾ ਹੋਣ ਦਾ ਭਾਵੇਂ ਲਖ ਦਾਵਾ ਪਿਆ ਕਰੇਂ, ਤੂੰ ਸੰਰਚਨਾਵਾਂ ਦਾ ਸਿਰਜਣ ਕੀਤੇ ਬਿਨਾਂ ਰਹਿ ਨਹੀਂ ਸਕਦਾ ਕਿਉਂਕਿ ਤੂੰ ਇਹਨਾਂ ਤੋਂ ਬਗ਼ੈਰ ਸਮਾਜ ਵਿਚ ਸਮਝਿਆ ਨਹੀਂ ਜਾ ਸਕਦਾ। ਤੇਰੀ ਪਤਰਕਾ **ਸੇਧ** ਵੀ ਇਕ ਸੰਰਚਨਾ ਹੈ। ਇਹਦੀ ਆਪਣੀ ਤਰਤੀਬ ਹੈ, ਨੇਮ ਹਨ, ਇਸ ਦੇ ਹੋਣ ਦਾ ਅਰਥ ਹੈ, ਇਹਦਾ ਸੰਚਾਰ ਹੁੰਦਾ ਹੈ। ਸਾਂਝੇ ਨੇਮਾਂ ਦੇ ਆਧਾਰ ਤੇ ਤੇਰਾ ਕਹਿਣਾ ਦੂਜੇ ਦਾ ਸੁਣਨਾ ਤੇ ਸਮਝਣਾ ਬਣ ਜਾਂਦਾ ਹੈ। ਸੰਖੇਪ ਵਿਚ, ਇਹੋ ਸੰਰਚਨਾਤਮਕ ਕ੍ਰਿਆ ਹੈ।

ਸੰਰਚਨਾਵਾਂ ਬਣਾਉਣ ਕਾਰਣ ਜੇ ਤੈਨੂੰ ਸੰਰਚਨਾਵਾਦੀ ਕਹਾਂ ਤਾਂ ਗੁੱਸਾ ਨਾ ਕਰੀਂ। ਮੈਂ ਅਤੇ ਤੂੰ ਭਾਵੇਂ ਇਕ ਦੂਜੇ ਨਾਲ ਲਖ ਮਤਭੇਦ ਰਖੀਏ, ਸਾਡੀ ਬੋਲੀ ਵਿਚ ਠੇਠ ਤੇ ਸੰਸਕ੍ਰਿਤਿ-ਆਈ ਦੇ ਭਾਵੇਂ ਲਖ ਪਾੜੇ ਹੋਣ, ਅਸੀਂ ਦੋਵੇਂ ਇਕ ਦੂਜੇ ਨਾਲ ਪੰਜਾਬੀ ਬੋਲੀ-ਸੰਰਚਨਾ ਰਾਹੀਂ ਹੀ ਗੱਲ ਬਾਤ ਕਰਦੇ ਹਾਂ। ਸਾਡੇ ਵਾਕਾਂ ਦਾ ਕਰਤਾ-ਕਰਮ-ਕ੍ਰਿਆ ਪ੍ਰਬੰਧ, ਸਾਡੇ ਸ਼ਬਦਾਂ ਦੇ ਲਿੰਗ-ਬਚਨ-ਪ੍ਰਬੰਧ ਇਕੋ ਜਹੇ ਹਨ। ਇਹਨਾਂ ਦੇ ਆਧਾਰ ਤੇ ਹੀ ਅਸੀਂ ਇਕ ਦੂਜੇ ਨੂੰ ਸਮਝਦੇ ਹਾਂ। ਤੂੰ ਕਹੇਂਗਾ ਕਿ ਤੂੰ ਕੀ ਬਚਗਾਨਾ ਗੱਲਾਂ ਕਰਨ ਲਗ ਪਿਆ ਹੈ, ਇਹ ਸਭ ਕੁਝ ਤਾਂ ਮੈਂ ਸਮਝਦਾ ਹਾਂ। ਬਸ, ਇਹੋ ਤਾਂ ਦੁਖ ਹੈ ਕਿ ਅਸੀਂ ਇਕ ਦੂਜੇ ਨੂੰ ਸਮਝਦੇ ਹੋਏ ਵੀ ਪਾੜੇ ਮਿਥੀ ਬੈਠੇ ਹਾਂ। ਮਨੁੱਖ ਜੋ ਕੁਝ ਵੀ ਰਚਦਾ ਹੈ ਉਹ ਨੇਮਾਂ ਦੀ ਸਾਂਝ ਕਾਰਣ, ਦੂਜੇ ਮਨੁਖਾਂ ਤਕ ਪਹੁੰਚ ਜਾਂਦਾ ਹੈ। ਦੁਨੀਆਂ ਵਿਚ ਕੋਈ ਵੀ ਸੰਰਚਨਾ ਨਿਰੋਲ ਕਿਸੇ ਇਕ ਦੀ ਨਹੀਂ। ਜੇ ਕੋਈ ਮਨੁਖ ਬਿਲਕੁਲ



ਇਕਲਾ ਰਹਿਣ ਦਾ ਫ਼ੈਸਲਾ ਕਰ ਲਏ ਤਾਂ ਉਸ ਦੀ ਵੀ ਦੂਜਿਆਂ ਨੂੰ ਸਮਝ ਆ ਜਾਂਦੀ ਹੈ, ਇਕੱਲਤਾ ਦਾ ਸੰਚਾਰ ਹੋ ਜਾਂਦਾ ਹੈ। ਖ਼ੁਦ ਕਿਸੇ ਇਕ ਦੀ ਇਕੱਲਤਾ ਸਮਾਜਕ ਸੰਰਚਨਾ ਬਣ ਜਾਂਦੀ ਹੈ।

ਸੰਰਚਨਾਵਾਦ ਕਿਸੇ ਵਾਦ ਜਾਂ ਮਤ ਦਾ ਵਿਰੋਧੀ ਨਹੀਂ ਹੋ ਸਕਦਾ ਕਿਉਂਕਿ ਸਾਰੇ ਵਾਦ / ਮਤ ਮਨੁੱਖ ਦੇ ਬਣਾਏ ਹਨ, ਉਹਨਾਂ ਦੇ ਨੇਮ-ਪ੍ਰਬੰਧ ਹਨ ਜੋ ਸਭਨਾਂ ਲਈ ਇਕੋ ਜੇਹੇ ਹਨ, ਉਹਨਾਂ ਦੇ ਅਰਥ ਹਨ ਤੇ ਉਹਨਾਂ ਦਾ ਸੰਚਾਰ ਹੁੰਦਾ ਹੈ, ਸੰਰਚਨਾਵਾਦ ਨੂੰ ਮਾਰਕਸਵਾਦ ਦਾ ਵਿਰੋਧੀ ਸਮਝਣਾ ਗ਼ਲਤ ਹੈ ਕਿਉਂਕਿ ਮਾਰਕਸਵਾਦ ਆਪ ਇਕ ਸੰਰਚਨਾ-ਪ੍ਰਬੰਧ ਹੈ। ਅਸਲ ਵਿਚ ਮਨੁਖ ਦੀ ਬਣਾਈ ਹਰ ਵਿਦਿਆ ਸੰਰਚਨਾਤਮਕ ਕ੍ਰਿਆ ਦਾ ਨਤੀਜਾ ਹੈ। ਧਰਤੀ, ਦਰਿਆ, ਪਹਾੜ ਤਾਂ ਵਾਸਤਵਿਕਤਾਵਾਂ ਹਨ, ਪਰ ਭੂਗੋਲ ਸੰਰਚਨਾ ਹੈ, ਧਰਤੀ-ਦਰਿਆ ਆਦਿ ਨੂੰ ਨੇਮ-ਪ੍ਰਬੰਧ ਦੇ ਆਧਾਰ ਤੇ ਸਮਝੀ, ਸੋਚੀ ਤੇ ਸੰਚਾਰੀ ਗਈ ਕ੍ਰਿਆ। ਇਤਿਹਾਸ ਖ਼ੁਦ ਇਕ ਸੰਰਚਨਾ ਹੈ। ਮਨੁਖੀ ਜੀਵਨ ਵਿਚ ਜੋ ਕੁਛ ਵਾਪਰ ਚੁਕਾ ਹੈ ਜੇ ਉਸ ਨੂੰ ਕਾਲਕ੍ਰਮ ਵਿਚ ਬੰਨ੍ਹ ਕੇ ਇਤਿਹਾਸ ਸਿਰਜਿਆ ਗਿਆ ਹੈ ਤਾਂ ਅਸਲ ਵਿਚ ਨੇਮ ਦੇ ਆਧਾਰ ਤੇ ਸੰਰਚਨਾ ਹੀ ਸਿਰਜੀ ਗਈ ਹੈ। ਇਸ ਸੰਰਚਨਾ ਤੋਂ ਅਗਾਂਹ ਹੋਰ ਨੇਮਾਂ ਦੀ ਦਰਯਾਫ਼ਤ ਰਾਹੀਂ ਮਾਰਕਸਵਾਦ ਹੋਂਦ ਵਿਚ ਆਇਆ। ਤੁਸੀਂ ਮੈਨੂੰ ਪਏ ਗ਼ੈਰ ਮਾਰਕਸਵਾਦੀ ਕਹੋ ਮੈਂ ਮਾਰਕਸਵਾਦ ਨੂੰ ਸੰਰਚਨਾਵਾਦ ਮੰਨਣ ਤੋਂ ਕਿਵੇਂ ਇਨਕਾਰੀ ਹੋ ਸਕਦਾ ਹਾਂ ? ਇਹ ਗੱਲ ਮੈਂ ਤੁਹਾਡੇ ਨਾਲ ਸਮਝੌਤਾ ਕਰਨ ਲਈ, ਦੋਸਤੀ ਦਾ ਹੱਥ ਵਧਾਉਣ ਲਈ ਜਾਂ ਨਿਗੁਣੀ ਟਿੱਚਰ ਕਰਨ ਲਈ ਨਹੀਂ ਕਹਿੰਦਾ . ਇਹ ਤਾਂ ਮੇਰੀ ਬੁਨਿਆਦੀ ਸਥਾਪਨਾ ਹੈ। ਮਾਰਕਸਵਾਦ ਮਨੁਖ-ਸਿਰਜਿਤ ਹੈ, ਇਹਦੇ ਨੇਮ ਸਭਨਾਂ ਲਈ ਸਾਂਝੇ ਹਨ, ਇਹ ਅਰਥਵਾਨ ਹੋਣ ਕਾਰਨ ਸਮਝਿਆ ਤੇ ਸੰਚਾਰਿਆ ਜਾਂਦਾ ਹੈ। ਇਹ ਅਸਲੋਂ ਨਿਰਭਾਵ ਬਿਆਨ ਹੈ।

ਇਸ ਤੋਂ ਅਗਲੀ ਗੱਲ ਭਾਸ਼ਾ ਸੰਬੰਧੀ ਹੈ। ਮੈਂ ਭਾਸ਼ਾ-ਵਿਗਿਆਨੀ ਨਹੀਂ। ਭਾਸ਼ਾ-ਵਿਗਿਆਨ ਦਾ ਪ੍ਰਾਇਮਰੀ ਵਿਦਿਆਰਥੀ ਹਾਂ। ਸਵਾਲ ਹੈ : ਭਾਸ਼ਾ ਕੀ ਹੈ ? ਵੀਰ ਪੰਨੂੰ, ਤੂੰ ਕਹੇਂਗਾ ਭਾਸ਼ਾ ਆਪਣੇ ਵਿਚਾਰਾਂ ਆਦਿ ਨੂੰ ਦੂਜਿਆਂ ਤਕ ਪਹੁੰਚਾਉਣ ਦਾ ਵਸੀਲਾ ਹੈ। ਪਰ ਸੁਆਲ ਹੈ ਭਾਸ਼ਾ ਰਾਹੀਂ ਸੰਚਾਰੇ ਗਏ ਵਿਚਾਰਾਂ ਦੀ ਸਮਝ ਦੂਜਿਆਂ ਨੂੰ ਕਿਵੇਂ ਆ ਜਾਂਦੀ ਹੈ। ਤੈਨੂੰ ਤਾਂ ਆਪਣੀ ਪੰਜਾਬੀ ਤੇ ਮੇਰੀ ਪੰਜਾਬੀ ਵਿਚ ਪਾੜਾ ਮਿਥਣ ਦਾ ਸ਼ੌਕ ਹੈ। ਪਰ ਤੇਰੀ ਠੇਠ ਪੰਜਾਬੀ ਵਿਚ ਸੰਚਾਰੀ ਗੱਲ ਮੈਨੂੰ ਕਿਵੇਂ ਅੱਪੜ ਜਾਂਦੀ ਹੈ। ਮੇਰੀ ਸੰਸਕ੍ਰਿਤਿਆਈ ਪੰਜਾਬੀ ਲੱਖ ਅੱਡੀ ਖੋੜੇ ਪਈ ਖਾਏ, ਪਰ ਉਹਦੇ ਹੱਥ ਭੇਜੀ ਗੱਲ ਤੇਰੇ ਤਕ ਕਿਵੇਂ ਅੱਪੜ ਹੀ ਜਾਂਦੀ ਹੈ। ਹੁਣ ਪੰਜਾਬੀ ਕਿਹੜੀ ਹੋਈ : ਠੇਠ ਜਾਂ ਸੰਸਕ੍ਰਿਤਿਆਈ ? ਤੇਰੀ ਜਾਂ ਮੇਰੀ ? ਇਹੋ ਜਿਹੇ ਸੁਆਲਾਂ ਨਾਲ ਪਿਛਲੇ ਕਈ ਸਾਲਾਂ ਤੋਂ ਬੇਲੋੜਾ ਵਿਵਾਦ ਵਿੱਢਿਆ ਗਿਆ ਹੈ। ਵੀਰ ਜੋ ਕੁਝ ਤੂੰ ਜਾਂ ਮੈਂ ਬੋਲਦੇ ਹਾਂ ਉਹ ਭਾਸ਼ਾ ਨਹੀਂ, ਭਾਸ਼ਾ ਦੇ ਉਚਾਰ ਹਨ। ਭਾਸ਼ਾ ਤਾਂ ਉਹ ਅਦਿੱਸ ਨੇਮ ਹਨ ਜਿਨ੍ਹਾਂ ਦੇ ਆਸਰੇ ਸ਼ਬਦ ਵਾਕਾਂ ਵਿਚ ਬੀੜੇ ਜਾਂਦੇ ਹਨ, ਸ਼ਬਦ ਦੇ ਲਿੰਗ ਪੁਲਿੰਗ, ਕਿਰਿਆਵਾਂ ਦੇ ਕਾਲ ਆਦਿ ਦਾ ਨਿਰਣਾ ਹੁੰਦਾ ਹੈ। ਇਹ ਅਦਿੱਸ ਠੇਠ ਅਤੇ ਸੰਸਕ੍ਰਿਤਿਆਏ ਦੋਹਾਂ ਤਰ੍ਹਾਂ ਦੇ ਉਚਾਰਾਂ ਲਈ ਸਾਂਝੇ ਹਨ। ਪਾੜੇ ਉਚਾਰਾਂ ਵਿਚ ਹਨ, ਸਾਂਝ ਭਾਸ਼ਾ ਵਿਚ ਹੈ। ਜੇ ਭਾਸ਼ਾ ਦੀ ਸਾਂਝ ਨਾ ਹੋਵੇ ਤਾਂ ਕਿਸੇ ਇਕ ਦਾ ਉਚਾਰ ਦੂਜੇ ਤਕ ਪਹੁੰਚ ਨਾ ਸਕੇ।

ਸ਼ਾਇਦ, ਮੈਂ ਤੈਨੂੰ ਬੋਰ ਕਰ ਰਿਹਾ ਹਾਂ। ਮੇਰਾ ਅਜੇਹਾ ਕੋਈ ਇਰਾਦਾ ਨਹੀਂ। ਉਪਰੋਕਤ ਚਰਚਾ ਤੋਂ ਪ੍ਰਾਪਤ ਮੈਂ ਸਿਰਫ਼ ਦੋ ਸਿੱਟਿਆਂ ਵਲ ਸੰਕੇਤ ਕਰਨਾ ਚਾਹੁੰਦਾ ਹਾਂ। ਪਹਿਲਾ ਮਨੁਖ ਦੀ ਬਣਾਈ ਹਰ ਸ਼ੈ ਕਿਉਂਕਿ ਸਾਂਝੇ ਨੇਮਾਂ ਕਾਰਣ ਸੰਚਾਰਿਤ ਹੁੰਦੀ ਹੈ ਅਤੇ ਸੰਚਾਰ ਕਿਉਂਕਿ, ਆਮ

ਸੋਚ ਅਨੁਸਾਰ, ਭਾਸ਼ਾ ਦਾ ਕਾਰਜ ਹੈ, ਇਸ ਲਈ ਮਨੁਖ ਦੀ ਬਣਾਈ ਹਰ ਸ਼ੈ, ਬੁਨਿਆਦੀ ਤੌਰ ਤੇ, ਭਾਸ਼ਾ ਹੈ। ਪ੍ਰਾਚੀਨ ਕਬੀਲਿਆਂ ਤੋਂ ਲੈ ਕੇ ਆਧੁਨਿਕ ਸਨਅਤੀ ਸਮਾਜ ਤਕ ਮਨੁੱਖ ਭਾਸ਼ਾ ਵਿਚ, ਭਾਸ਼ਾ ਵਾਂਗ, ਭਾਸ਼ਾ-ਸਿਰਜਦਾ ਜੀਵਿਆ ਹੈ। ਉਸ ਦਾ ਹਰ ਕਾਰਜ ਉਚਾਰ ਹੈ ਜੋ ਸੁਚੇਤ ਜਾਂ ਅਚੇਤ ਕਿਸੇ ਨੇਮ-ਪ੍ਰਬੰਧ ਨਾਲ ਬੱਝਾ ਹੋਇਆ ਹੈ। ਮਨੁਖ ਦੀ ਹਰ ਰਚਨਾ ਭਾਸ਼ਾਮੂਲਕ ਨੇਮਾਂ ਰਾਹੀਂ ਸਮਝੀ ਜਾ ਸਕਦੀ ਹੈ। ਇਹ ਕਥਨ ਭਾਸ਼ਾ ਪ੍ਰਤੀ ਕਿਸੇ ਉਲਾਰ ਜਾਂ ਉਲੇਲ ਦਾ ਸਿੱਟਾ ਨਹੀਂ। ਇਹ ਭਾਸ਼ਾ ਦੇ ਅਰਥ ਵਿਚ ਆਪ-ਹੁਦਰਾ ਵਿਸਤਾਰ ਵੀ ਨਹੀਂ। ਸੰਚਾਰ ਸੰਬੰਧੀ ਉਚਾਰ ਤੇ ਭਾਸ਼ਾ ਦੋ ਪੱਖਾਂ ਦੀ ਪਛਾਣ ਤੋਂ ਬਾਦ, ਇਹ ਅੰਤਰ-ਦ੍ਰਿਸ਼ਟੀ ਆਪਣੇ ਆਪ ਮਨੁਖੀ ਸਿਰਜਣ ਦੇ ਹਰ ਖੇਤਰ ਉਪਰ ਲਾਗੂ ਹੋ ਗਈ ਹੈ। ਫ਼ਰਜ਼ ਕਰੋ ਕਿ ਮੈਂ ਤੇਰੇ ਅਤੇ ਆਪਣੇ ਦੋਹਾਂ ਪਰਿਵਾਰਾਂ ਨੂੰ ਭਾਸ਼ਾ ਕਹਿੰਦਾ ਹਾਂ ਤੇ ਇਹ ਸੋਚ ਕੇ ਕਹਿੰਦਾ ਹਾਂ ਕਿ ਸਾਡੇ ਪਰਿਵਾਰ ਤੇਰੀ ਠੇਠ ਤੇ ਮੇਰੀ ਸੰਸਕ੍ਰਿਤਿਆਈ ਬੋਲੀ ਵਾਂਗ ਇਕ ਦੂਜੇ ਤੋਂ ਵੱਖਰੇ ਪਛਾਣੇ ਜਾ ਸਕਦੇ ਹਨ, ਪਰ ਦੋਹਾਂ ਵਿਚ ਮਾਂ-ਬਾਪ-ਪਤੀ-ਪਤਨੀ-ਪੁਤਰ-ਪੁਤਰੀ ਸੰਬੰਧੀ ਨੇਮ ਉਵੇਂ ਹੀ ਸਾਂਝੇ ਹਨ ਜਿਵੇਂ ਤੇਰੇ ਮੇਰੇ ਉਚਾਰਾਂ ਦੇ ਭਾਸ਼ਕ ਨੇਮ ਸਾਂਝੇ ਹਨ। ਸੋਚਣ ਦਾ ਇਹ ਪੈਟਰਨ ਮੈਂ ਮਨੁਖੀ ਕਾਰ-ਵਿਹਾਰ ਦੇ ਕਿਸੇ ਖੇਤਰ ਉਪਰ ਵੀ ਲਾਗੂ ਕਰ ਸਕਦਾ ਹਾਂ। ਜਦੋਂ ਕੋਈ ਜਣਾ ਭਾਸ਼ਾ ਸੰਬੰਧੀ ਏਸ ਸੋਚ ਦਾ ਮਜ਼ਾਕ ਉਡਾਉਂਦਾ ਹੈ ਤਾਂ ਮੈਂ ਉਸ ਦੀ ਪਿਠ ਪਿੱਛੇ ਵੀ ਉਹਨੂੰ ਆਪਣੇ ਮਜ਼ਾਕ ਜਾਂ ਤਰਸ ਦਾ ਪਾਤਰ ਨਹੀਂ ਸਮਝਦਾ। ਮੈਂ ਮਨ ਹੀ ਮਨ ਅਰਦਾਸ ਕਰਦਾ ਹਾਂ : ਰੱਬਾ, ਇਹਨੂੰ ਮਾਫ਼ ਕਰਦੇ, ਇਹਨੂੰ ਪਤਾ ਨਹੀਂ, ਇਹ ਕੀ ਕਹਿ ਰਿਹਾ ਹੈ।

ਉਚਾਰ ਅਤੇ ਭਾਸ਼ਾ ਸੰਬੰਧ ਇਹ ਸਿੱਧ-ਪਧਰੀ ਜੇਹੀ ਅੰਤਰ-ਦ੍ਰਿਸ਼ਟੀ ਨੇ ਮੈਨੂੰ ਸਿਖਿਆ-ਖੇਤਰ ਵਿਚ ਬਹੁਤ ਕੰਮ ਦਿੱਤਾ। ਅਸਲ ਵਿਚ ਮੈਂ ਸੰਰਚਨਾਵਾਦ ਪ੍ਰਤੀ ਰੁਚਿਤ ਆਪਣੇ ਸਿਖਿਆ-ਸੰਬੰਧੀ ਜ਼ਿੰਮੇਵਾਰੀ ਨੂੰ ਨਿਭਾਉਣ ਕਾਰਣ ਹੀ ਹੋਇਆ ਹਾਂ। ਮੈਂ ਸਾਹਿਤ ਦਾ ਅਧਿਆਪਕ ਹਾਂ ਤੇ ਬਦਕਿਸਮਤੀ ਨਾਲ ਜਾਣਦਾ ਹਾਂ ਕਿ ਸਾਡੀ ਬੋਲੀ ਦਾ ਸਾਹਿਤ ਪੜ੍ਹਾਉਣ ਵਾਲੇ ਨੱਬੇ ਤੋਂ ਵਧੇਰੇ ਫ਼ੀਸਦੀ ਅਧਿਆਪਕਾਂ ਨੂੰ ਆਪਣੇ ਵਿਸ਼ੇ ਦਾ ਨਾਂ ਤਕ ਪਤਾ ਨਹੀਂ। ਇਹ ਗੱਲ ਮੈਂ ਆਪਣੇ ਕਿੱਤੇ ਦੇ ਸਹਿਯੋਗੀਆਂ ਦੀ ਨਿਖੇਧੀ ਵਜੋਂ ਨਹੀਂ ਕਹਿ ਰਿਹਾ, ਸਗੋਂ ਨਿਰਭਾਵ ਹੋ ਕੇ ਇਕ ਤੱਥ ਵਜੋਂ ਕਹਿ ਰਿਹਾ ਹਾਂ। ਇਹ ਸੂਰਤੇ ਹਾਲ ਪੰਜਾਬੀ ਅਧਿਆਪਕਾਂ ਦੀ ਹੀ ਨਹੀਂ। ਹਿਦੀ ਉਰਦੂ ਸਗੋਂ ਅੰਗਰੇਜ਼ੀ ਦੇ ਅਧਿਆਪਕ ਵੀ ਇਸ ਹਮਾਮ ਵਿਚ ਨੰਗੇ ਹਨ। ਪਾਠ ਪੁਸਤਕਾਂ ਮੁਕਰਰ ਹੁੰਦੀਆਂ ਹਨ, ਜੋ ਸਾਖਰਤਾ (literacy) ਦੀ ਪੱਧਰ ਤੇ ਪੜ੍ਹਾ ਦਿਤੀਆਂ ਜਾਂਦੀਆਂ ਹਨ। ਭਾਸ਼ਾ-ਵਿਗਿਆਨੀ ਭਾਸ਼ਾ ਦੇ ਵਾਕ ਨਹੀਂ ਪੜ੍ਹਾਉਂਦਾ, ਭਾਸ਼ਾ ਦਾ ਵਿਗਿਆਨ ਪੜ੍ਹਾਉਂਦਾ ਹੈ, ਲੜਾਈਆਂ ਪੜ੍ਹਾਉਣ ਵਾਲੇ ਨੂੰ ਵੀ ਪਤਾ ਹੈ ਮੈਂ ਇਤਿਹਾਸ ਪੜ੍ਹਾਉਂਦਾ ਹਾਂ, ਇਵੇਂ ਸਾਹਿਤ ਪੜ੍ਹਾਉਣ ਵਾਲਾ ਅਧਿਆਪਕ ਅਜੇ ਪੂਰੀ ਤਰ੍ਹਾਂ ਸੁਚੇਤ ਨਹੀਂ ਹੋਇਆ ਕਿ ਮੇਰਾ ਕੰਮ ਸਾਹਿਤ ਪੜ੍ਹਾਉਣਾ ਨਹੀਂ ਸਾਹਿਤ ਦਾ ਵਿਗਿਆਨ, ਸਾਹਿਤ ਦੀ ਗਰਾਮਰ ਜਾਂ ਸਾਹਿਤਿਕਤਾ ਪੜ੍ਹਾਉਣਾ ਹੈ। ਅਸੀਂ ਉਚਾਰ ਪੜ੍ਹਾਉਂਦੇ ਹਾਂ, ਭਾਸ਼ਾ ਪੜ੍ਹਾਉਣ ਦੀ ਚੇਤਨਾ ਸਾਡੇ ਵਿਚ ਨਹੀਂ ਜਾਗੀ। ਉਹ ਸਾਹਿਤ-ਉਚਾਰ ਨੂੰ ਹੀ ਸਾਹਿਤਿਕਤਾ ਮੰਨ ਕੇ ਪੜ੍ਹਾਈ ਜਾਂਦੇ ਹਨ ਬਿਲਕੁਲ ਇਵੇਂ ਜਿਵੇਂ ਤੁਸੀਂ ਆਪਣੀ ਪਸੰਦ ਦੇ ਬੋਲੀ-ਉਚਾਰਾਂ ਨੂੰ ਹੀ ਪੰਜਾਬੀ ਭਾਸ਼ਾ ਮੰਨ ਕੇ ਬਾਕੀਆਂ ਦੀ ਲਾਹ-ਪਾਹ ਕਰੀ ਜਾਂਦੇ ਹੋ ਤੇ ਇਸ ਤਰ੍ਹਾਂ ਪੰਜਾਬੀ ਦੀ ਸੇਵਾ ਕਰਨ ਦਾ ਭਰਮ ਪਾਲੀ ਜਾ ਰਹੇ ਹੋ। ਸਿਖਿਆ ਦਾ ਕੰਮ ਉਚਾਰ ਦੁਹਰਾਉਣਾ ਨਹੀਂ, ਉਚਾਰਾਂ ਹੇਠ ਕੰਮ ਕਰ ਰਹੇ ਨੇਮਾਂ ਨੂੰ ਉਜਾਗਰ ਕਰਨਾ ਹੈ। ਇਸ ਚੇਤਨਾ ਤੋਂ ਬਗ਼ੈਰ ਸਿਖਿਆ ਦੇ ਨਾਂ ਤੇ ਇਕ ਛਲ ਪ੍ਰਸਾਰਿਆ ਜਾਂਦਾ ਹੈ। ਜੋ ਕੁਝ ਵੀ ਅਸੀਂ ਰਚਦੇ ਜਾਂ ਜਾਣਦੇ ਹਾਂ, ਉਸ ਦੇ ਵਿਗਿਆਨ ਦਾ ਗਿਆਨ



ਦੇਣਾ ਸਿਖਿਆ ਹੈ। ਤੁਸੀਂ ਚਾਹੋ ਤਾਂ ਇਹ ਸੰਰਚਨਾਵਾਦ ਦੀ ਸਿਖਿਆ ਸੰਬੰਧੀ ਸਥਾਪਨਾ ਹੈ, ਮਾਰਕਸਵਾਦ ਦੀ ਵੀ ਸਿਖਿਆ ਬਾਰੇ ਇਸੇ ਤਰ੍ਹਾਂ ਦੀ ਸਥਾਪਨਾ ਹੈ। ਜ਼ੋਰ ਵਿਚ ਅੰਤਰ ਹੈ। ਮੈਨੂੰ ਮਾਰਕਸਵਾਦੀ ਫਿਲਾਸਫਰ ਦਸਦਾ ਹੈ ਕਿ ਪਰੋਲਤਾਰੀਆਂ ਪਾਸ ਜਮਾਤੀ 'ਇੰਸਟਿੰਕਟ' ਤਾਂ ਹੁੰਦੀ ਹੈ ਪਰ 'ਜਮਾਤੀ ਪੋਜ਼ੀਸ਼ਨ' ਉਹਨਾਂ ਨੂੰ ਤਾਲੀਮ ਰਾਹੀਂ ਪ੍ਰਾਪਤ ਹੁੰਦੀ ਹੈ। ਜਮਾਤੀ 'ਇੰਸਟਿੰਕਟ' ਆਮੁਹਾਰ ਹੁੰਦੀ ਹੈ, ਵਿਅਕਤੀਮੂਲਕ ਹੁੰਦੀ ਹੈ ਪਰ ਜਮਾਤੀ 'ਪੋਜ਼ੀਸ਼ਨ' ਵਿਸ਼ੇ ਮੂਲਕ ਵੀ ਹੁੰਦੀ ਹੈ ਤੇ ਬੌਧਿਕ ਨੇਮਾਂ ਦੇ ਅਨੁਸਾਰੀ ਹੁੰਦੀ ਹੈ। ਏਥੋਂ ਤਕ ਪਹੁੰਚਣ ਲਈ 'ਸਿਧਾਂਤਕ' ਤਾਲੀਮ ਦੀ ਲੋੜ ਹੈ। ਕ੍ਰਾਂਤੀਕਾਰੀ 'ਸਿਧਾਂਤ' ਤੋਂ ਬਿਨਾਂ ਕ੍ਰਾਂਤੀ ਸੰਭਵ ਨਹੀਂ। ਇੰਸਟਿੰਕਟ—ਤਾਲੀਮ—ਪੋਜ਼ੀਸ਼ਨ ਦਾ ਇਹ ਸਫ਼ਰ ਉਚਾਰ—ਸੰਰਚਨਾਵਾਦੀ ਸੂਝ—ਭਾਸ਼ਾ ਦਾ ਹੀ ਸਫ਼ਰ ਹੈ। ਇਹ ਗੱਲ ਮੈਂ ਆਪਹੁਦਰਾ ਮੇਲ ਮਿਲਾਉਣ ਵਾਸਤੇ ਨਹੀਂ ਕਹਿ ਰਿਹਾ। ਪਿਛਲੇ ਦੋ ਦਹਾਕਿਆਂ ਵਿਚ ਭਾਸ਼ਾ-ਸਾਹਿਤ-ਵਿਵਾਦਾਂ ਦੇ ਗਾੜ੍ਹ-ਮਾੜ੍ਹ ਵਿਚ ਪੈ ਕੇ ਹੀ ਮੈਨੂੰ ਇਹ ਅੰਤਰ-ਦ੍ਰਿਸ਼ਟੀ ਪ੍ਰਾਪਤ ਹੋਈ ਹੈ। ਵੀਰ ਪੰਨੂੰ, ਤੂੰ ਤੇ ਤੇਰੇ ਸਹਿਯਾਤ੍ਰੀ ਜਿਸ 'ਠੇਠਤਾ' ਦਾ ਨਾਹਰਾ ਮਾਰਦੇ ਹਨ ਉਹ 'ਇੰਸਟਿੰਕਟ' ਦਾ ਹੀ ਦੂਜਾ ਨਾਂ ਹੈ, ਤਾਲੀਮ ਤੋਂ ਤੁਸੀਂ ਕਤਰਾਉਂਦੇ ਹੋ ਤੇ 'ਪੋਜ਼ੀਸ਼ਨ' ਤਕ ਜਾਂ 'ਭਾਸ਼ਾ' ਤਕ ਪਹੁੰਚਣ ਦੀ ਚੇਤਨਾ ਤੋਂ ਘਬਰਾਉਂਦੇ ਹੋ। ਪ੍ਰਮਾਣਿਕ ਮਾਰਕਸਵਾਦ ਬੋਲੀ ਦੀ ਕਰੜਾਈ (rigour) ਤੇ ਜ਼ੋਰ ਦੇਂਦਾ ਹੈ, ਪਰ ਤੁਸੀਂ ਅਟਾ-ਸਟਾ ਪੇਸ਼ ਕਰਨ ਵਾਲੀ, ਝਟ-ਟਪਾਊ ਅਤੀ ਸਰਲੀਕ੍ਰਿਤ ਮੁਹਾਵਰਬਾਜ਼ੀ ਨਾਲ ਬੁੱਤਾ ਸਾਰਨ ਵਿਚ ਹੀ ਸੂਰਮਗਤੀ ਸਮਝਦੇ ਹੋ। ਕ੍ਰਾਂਤੀਕਾਰੀ 'ਸਿਧਾਂਤ' ਜਾਂ ਸੰਰਚਨਾਵਾਦੀ 'ਲੈਂਗ' ਨੂੰ ਤੁਸੀਂ ਆਪਣੇ ਨੇੜੇ ਨਹੀਂ ਢੁਕਣ ਦੇਂਦੇ। 'ਇੰਸਟਿੰਕਟ' ਦੀ ਬੋਲੀ ਨਾਲ 'ਸਿਧਾਂਤ' ਦਾ ਜਾਂ 'ਉਚਾਰਾਂ' ਦੇ ਚਟਖਾਰੇ ਨਾਲ 'ਭਾਸ਼ਾ' (=ਵਿਗਿਆਨ) ਦਾ ਮੌਜੂ ਉਡਾਉਂਦੇ ਹੋ। ਇਸੇ ਵਿਰੁਧ ਬੜੀ ਨਿਮਰਤਾ ਪਰ ਬੜੀ ਦ੍ਰਿੜ੍ਹਤਾ ਸਹਿਤ ਮੇਰੀ ਕਲਮੁਕੱਲੀ ਆਵਾਜ਼ ਹੈ। ਮੈਂ ਜਾਣਦਾ ਹਾਂ ਕਿ ਤੁਸੀਂ ਜਿਸ ਨੂੰ ਮਾਰਕਸਵਾਦੀ-ਸੰਰਚਨਾਵਾਦੀ ਵਿਰੋਧ ਕਹਿ ਕੇ ਭੰਡਦੇ ਹੋ ਉਹ ਅਸਲ ਵਿਚ ਉਹ ਆਮੁਹਾਰ ਅਤੀਸਰਲਤਾ ਅਤੇ ਸੋਧੀ-ਪ੍ਰਬੋਧੀ ਵਿਗਿਆਨਕਤਾ ਵਿਚਕਾਰ ਭੇੜ ਦਾ ਇਕ ਰੂਪ ਹੈ।

ਜਦੋਂ ਤੁਸੀਂ ਭਾਸ਼ਾ ਸੰਬੰਧੀ ਉਪਰੋਕਤ ਸੰਰਚਨਾਵਾਦੀ ਸਥਾਪਨਾ ਨੂੰ ਸਮਝਣ ਦੇ ਰਉਂ ਵਿਚ ਹੋਵੋਗੇ, ਉਦੋਂ ਤੁਹਾਨੂੰ ਇਹ ਮੰਨਦਿਆਂ ਦੇਰ ਨਹੀਂ ਲੱਗੇਗੀ ਕਿ ਸੰਰਚਨਾਵਾਦੀ ਚਿੰਤਨ ਦੇ ਪੈਰ ਪੱਕੀ ਤਰ੍ਹਾਂ ਪਦਾਰਥਵਾਦੀ ਜ਼ਮੀਨ ਉਪਰ ਟਿਕੇ ਹਨ। ਸੰਰਚਨਾਵਾਦ ਵਿਚ ਅਧਿਆਤਮਵਾਦ ਜਾਂ ਆਦਰਸ਼ਵਾਦ ਦਾ ਮਾਸਾ ਜਿੰਨਾ ਵੀ ਰਲਾ ਨਹੀਂ। ਇਹ ਮਨੁਖ ਦੀ ਕਿਸੇ ਕਿਰਤ ਨੂੰ ਵੀ ਰੱਬੀ ਰਚਨਾ ਨਹੀਂ ਮੰਨਦੀ। ਇਸ ਦੇ ਅਨੁਸਾਰ ਮਨੁਖ ਦਾ ਸਾਰਾ ਸਭਿਆਚਾਰ ਮਨੁਖ-ਸਿਰਜਿਤ ਹੈ। ਖ਼ੁਦ ਮਨੁਖ-ਸਿਰਜਣਾ ਵੀ ਅਚਨ-ਅਚੇਤੀ ਜਾਂ ਆਪਹੁਦਰੀ ਨਹੀਂ, ਸਭ ਕੁਝ ਨੇਮਾਂ ਦੇ ਅਧੀਨ ਹੈ। ਕਦੀ ਕਦੀ ਸਾਨੂੰ ਮਨੁਖ-ਸਿਰਜਣਾ ਵਿਚ ਬਹੁਤ ਕੁਝ ਆਪਹੁਦਰਾ ਜਾਪਦਾ ਹੈ। ਆਪਹੁਦਰਾ ਉਹ ਓਦੋਂ ਤਕ ਹੀ ਹੈ ਜਦੋਂ ਤਕ ਅਸੀਂ ਉਹਦੇ ਹੇਠ ਕੰਮ ਕਰ ਰਹੇ ਨੇਮਾਂ ਨੂੰ ਜਾਣ ਨਹੀਂ ਲਿਆ। ਨੇਮ ਜਾਣ ਲੈਣ ਬਾਦ ਆਪਹੁਦਰੇ ਸੰਬੰਧੀ ਧਾਰਨਾ ਆਪਣੇ ਆਪ ਖ਼ਤਮ ਹੋ ਜਾਏਗੀ। ਜ਼ਾਹਰ ਹੈ ਸੰਰਚਨਾਵਾਦ ਹਰ ਪ੍ਰਕਾਰ ਦੇ ਮਿਥਵਾਦ ਦਾ ਵਿਰੋਧੀ ਹੈ ਕਿਉਂਕਿ ਉਹ ਮਿਥਾਂ ਦਾ ਵੀ ਵਿਗਿਆਨ ਉਸਾਰਣ ਵਲ ਰੁਚਿਤ ਹੈ। ਉਹਦੇ ਅਨੁਸਾਰ ਮਨੁੱਖ ਆਪ ਇਕ ਭਾਸ਼ਾ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ। ਜਿਵੇਂ ਮਾਰਕਸਵਾਦ ਮਨੁਖੀ ਚੇਤਨਾ ਨੂੰ ਸਮਾਜ ਤੋਂ ਸਿਰਜਿਤ ਮੰਨਦਾ ਹੈ, ਇਵੇਂ ਹੀ ਸੰਰਚਨਾਵਾਦੀ ਸਥਾਪਨਾ ਹੈ—ਮਨੁਖ ਭਾਸ਼ਾ ਦੀ ਸਿਰਜਣਾ ਹੈ। ਇਨ੍ਹਾਂ ਦੋਹਾਂ ਪੋਜ਼ੀਸ਼ਨਾਂ ਵਿਚ ਉਦੋਂ ਕੋਈ ਵਿਰੋਧ ਨਜ਼ਰ ਨਹੀਂ ਆਉਂਦਾ ਜਦੋਂ ਜਾਣ ਲਿਆ ਜਾਂਦਾ ਹੈ ਕਿ ਸੰਰਚਨਾਵਾਦ ਅਨੁਸਾਰ

ਸਮਾਜ ਆਪ ਇਕ ਭਾਸ਼ਾ ਹੈ।

ਇਸ ਅੰਤਰ ਦ੍ਰਿਸ਼ਟੀ ਦੇ ਦੋ ਸਿੱਟੇ ਬੜੇ ਅਹਿਮ ਹਨ। ਇਸ ਨੇ ਮਨੁਖਵਾਦ ਨਾਲ ਸੰਬੰਧਿਤ ਹਰ ਤਰ੍ਹਾਂ ਦੀਆਂ ਆਦਰਸ਼ਵਾਦੀ ਸਥਾਪਨਾਵਾਂ ਦਾ ਖੰਡਣ ਕਰ ਦਿੱਤਾ ਹੈ। ਮਨੁੱਖ ਭਾਸ਼ਾ ਵਿਚ (ਸਮਾਜ ਵਿਚ) ਜੰਮਣ ਕਾਰਣ, ਉਸ ਵਿਚ ਵਿਗਸਣ ਕਾਰਣ ਹੀ ਕੁਝ ਬਣਦਾ ਹੈ, ਇਸ ਲਈ ਕੋਈ ਵੀ ਵਿਅਕਤੀ ਨਿਰੋਲ ਆਪਣੇ ਆਪੇ ਤਕ ਸੀਮਿਤ ਨਹੀਂ। ਵਿਅਕਤੀ ਦੀ ਹਉਂ ਵੀ ਉਸ ਪਦਾਰਥਕਤਾ ਦੀ, ਉਸ ਭਾਸ਼ਾ ਦੀ, ਸਿਰਜੀ ਜਾਂਦੀ ਹੈ ਜੋ ਉਸ ਦੇ ਸੰਸਾਰ ਵਿਚ ਆਉਣ ਤੋਂ ਪਹਿਲਾਂ ਵੀ ਮੌਜੂਦ ਹੁੰਦਾ ਹੈ ਅਤੇ ਜੀਵਨ ਭਰ ਉਸ ਦੇ ਆਲੇ-ਦੁਆਲੇ ਪਸਰਿਆ ਰਹਿੰਦਾ ਹੈ। ਮਨੁਖ ਜਿੰਨਾ 'ਮੈਂ' ਹੈ ਉਸ ਤੋਂ ਕਿਤੇ ਵਧੀਕ 'ਉਹ' ਹੈ, ਤੇ ਉਹਦਾ ਉਹ ਵੀ ਜਿੰਨਾ 'he' ਹੈ ਜਾਂ 'she' ਹੈ ਉਸ ਤੋਂ ਕਿਤੇ ਵਧੀਕ 'it' ਹੈ। ਇਹ ਸਥਾਪਨਾ ਪਦਾਰਥਵਾਦੀ ਦਰਸ਼ਨ ਦੇ ਬੁਨਿਆਦੀ ਸਿਧਾਂਤ 'ਹਰ ਥਾਂ ਅਨੰਤ ਪਦਾਰਥ ਗਤੀਮਾਨ' ਦਾ ਹੀ ਸੋਧਿਆ ਰੂਪ ਹੈ। ਇਸ ਅਨੁਸਾਰ ਪਹਿਲੀ ਵਾਰ 'ਮਾਨਵ' ਸੰਕਲਪ ਦਾ ਵਿਗਿਆਨਕ ਵਿਸ਼ਲੇਸ਼ਣ ਸੰਭਵ ਹੋ ਸਕਿਆ ਹੈ। ਮਨੁਖ ਸਮਾਜ-ਸੰਰਚਿਤ ਪ੍ਰਕਿਰਿਆ ਹੈ ਜੋ ਸਮਾਜ ਵਿਚ ਪਦਾਰਥਕ ਰੋਲ ਨਿਭਾਉਂਦਾ ਹੈ।

ਇਸ ਮਨੁਖ-ਕੇਂਦਰਿਤ ਵਿਗਿਆਨ ਦੀ ਸਮਾਜਮੁਖਤਾ ਤਾਂ ਇਸ ਦੇ ਭਾਸ਼ਕ ਆਧਾਰ ਤੋਂ ਹੀ ਸਪਸ਼ਟ ਹੈ। ਪਰ ਭਾਸ਼ਾ ਸੰਬੰਧੀ ਇਸ ਦੇ ਉਚਾਰ-ਭਾਸ਼ਾ-ਨਿਖੇੜੇ ਨੇ ਇਸ ਦੀ ਸਮਾਜਮੁਖਤਾ ਨੂੰ ਵਧੇਰੇ ਸਪਸ਼ਟ ਕਰ ਦਿੱਤਾ ਹੈ। ਨੇਮ-ਪ੍ਰਬੰਧ ਉਪਰ ਜ਼ੋਰ ਦੇਣ ਵਾਲੇ ਦਾ ਧਿਆਨ ਭਾਸ਼ਾ ਉਪਰ ਫੋਕਸ ਹੈ, ਉਚਾਰ ਉਪਰ ਨਹੀਂ। ਉਹਦੇ ਅਨੁਸਾਰ ਅਧਿਐਨ ਹੋ ਹੀ ਭਾਸ਼ਾ ਦਾ ਸਕਦਾ ਹੈ, ਵਖੱ ਵੱਖਰੇ ਉਚਾਰਾਂ ਦਾ ਨਹੀਂ। ਉਚਾਰ ਵਿਅਕਤੀਗਤ ਹਨ ਤੇ ਭਾਸ਼ਾ ਸਮਾਜਗਤ। ਭਾਸ਼ਾ ਪੂਰੀ ਤਰ੍ਹਾਂ ਗੁਮਨਾਮ ਹੈ, ਇਹ ਕਿਸੇ ਵਿਅਕਤੀ ਵਿਸ਼ੇਸ਼ ਦੀ ਰਚਿਤ ਨਹੀਂ। ਮੈਂ ਕਈ ਵਾਰ ਕਹਿ ਚੁਕਾ ਹਾਂ ਕਿ ਸੰਰਚਨਾਵਾਦ ਇਕ ਗੁਮਨਾਮ ਵਿਗਿਆਨ ਦ੍ਰਿਸ਼ਟੀ ਹੈ। ਏਨਾ ਹੀ ਨਹੀਂ ਇਸ ਦੇ ਸਮੁਚੇ ਚਿੰਤਨ ਵਿਚ ਗੁਮਨਾਮ ਨੇਮ ਪ੍ਰਬੰਧ ਤੇ ਜ਼ੋਰ ਹੈ। ਇਸ ਵਿਚ ਵਿਅਕਤੀਵਾਦਤਾ ਲਈ ਕੋਈ ਥਾਂ ਨਹੀਂ। ਇਹ ਕਿਸੇ ਵਿਅਕਤੀਗਤ ਰਚਨਾ ਦਾ ਅਧਿਐਨ ਕਰਦਾ ਹੋਇਆ ਵੀ ਉਸ ਦੇ ਸਿਸਟਮ ਤੇ ਜ਼ੋਰ ਦੇਂਦਾ ਹੈ ਜੋ ਅਨਾਮ ਹੈ, ਅਮੂਰਤ ਹੈ, ਆਪਣੇ ਆਪ ਵਿਚ ਸਤਿ ਹੈ। 'ਸਿਸਟਮ' ਤੇ 'ਸੰਟਚਨਾ', ਆਧਾਰ ਤੇ ਉਸਾਰ ਵਾਂਗ ਹੀ ਇਕ ਦੂਜੇ ਨਾਲ ਸਦਾ ਗਤੀਮਾਨ ਰਿਸ਼ਤੇ ਵਿਚ ਕਾਰਜ ਕਰਦੇ ਰਹਿੰਦੇ ਹਨ। ਸਿਸਟਮ ਆਮ ਤੌਰ ਤੇ ਬੇਬਦਲ ਬਣਿਆ ਰਹਿੰਦਾ ਹੈ, ਪਰ ਇਸ ਵਿਚ ਜੋ ਤਬਦੀਲੀ ਵਾਪਰਦੀ ਹੈ, ਸੰਰਚਨਾਵਾਂ / ਉਚਾਰਾਂ ਰਾਹੀਂ ਹੀ ਵਾਪਰਦੀ ਹੈ। ਇਸੇ ਤੋਂ ਪਤਾ ਲਗਦਾ ਹੈ ਕਿ 'ਸਿਸਟਮ' ਤੇ 'ਸੰਰਚਨਾ' ਦੇ ਰਿਸ਼ਤੇ ਵਿਚ ਦਵੰਦਾਤਮਕਾ ਦੀ ਹੋਂਦ ਬੀਜ ਰੂਪ ਵਿਚ ਲੁਕੀ ਪਈ ਹੈ।

ਸੰਰਚਨਾਵਾਦੀ ਚਿੰਤਨ ਵਿਚੋਂ ਵਿਅਕਤੀ ਨੂੰ ਖ਼ਾਰਜ ਕਰਨ ਨਾਲ ਇਸ ਵਿਚੋਂ ਭਾਵੁਕਤਾ ਆਪਣੇ ਆਪ ਖਾਰਜ ਹੋ ਜਾਂਦੀ ਹੈ। ਇਹ ਗੱਲ ਮੈਂ ਕਈ ਵਾਰ ਪਹਿਲਾਂ, ਅਤੇ ਹਥਲੇ ਬਿਆਨ ਵਿਚ ਵੀ, ਸਪਸ਼ਟ ਕਰ ਚੁੱਕਾ ਹਾਂ ਕਿ ਗੁਮਨਾਮ ਸੰਰਚਨਾਵਾਦ ਦਾ ਗਿਆਨ ਹੋਣਾ ਨਾ ਕਿਸੇ ਲਈ ਮਾਣ ਵਾਲੀ ਗੱਲ ਹੈ ਨਾ ਮਿਹਣੇ ਵਾਲੀ। ਕੋਈ ਵੀ ਵਿਅਕਤੀ ਜਿਹਨਾਂ ਨੇਮਾਂ ਅਨੁਸਾਰ ਕਾਰਜਸ਼ੀਲ ਹੰਦਾ ਹੈ ਉਹ ਸਭਨਾਂ ਲਈ ਸਾਂਝੇ ਹਨ। ਉਨ੍ਹਾਂ ਉਪਰ ਕਿਸੇ ਵਿਅਕਤੀ ਦਾ ਕੋਈ ਵਿਸ਼ੇਸ਼ ਅਧਿਕਾਰ ਨਹੀਂ। ਇਹਨਾਂ ਸੰਬੰਧੀ ਮਾਨ ਜਾਂ ਅਪਮਾਨ ਦੀ ਭਾਵਨਾ ਰਖਣੀ ਬੇਮਤਲਬ ਹੈ। ਇਸੇ ਲਈ ਤੁਹਾਡੇ ਛਾਪੇ ਹੋਏ ਸੰਰਚਨਾਵਾਦ ਵਿਰੋਧੀ ਲੇਖ ਮੈਨੂੰ ਪੋਂਹਦੇ ਨਹੀਂ। ਮੈਂ ਜਾਣਦਾ ਹਾਂ ਕਿਸੇ ਜਜ਼ਬਾਤੀ ਮਜਬੂਰੀ ਵਸ ਤੁਸੀਂ ਭਾਸ਼ਾ ਦੀ ਨਿਮਨਤਮ ਵਰਤੋਂ ਰਾਹੀਂ ਵਾਹਵਾਹ ਖੱਟਣਾ



ਚਾਹੁੰਦੇ ਹੋ। ਇਹ ਵਾਹ ਵਾਹ ਤੁਹਾਨੂੰ ਉਹਨਾਂ ਤੋਂ ਨਹੀਂ ਮਿਲ ਸਕਦੀ ਜੋ ਨਿਰਭਾਵ ਪੱਧਰ ਤੇ ਸੰਰਚਨਾਵਾਦ ਨੂੰ ਜਾਂ ਇਸ ਦੀਆਂ ਤਰੁਟੀਆਂ ਨੂੰ ਜਾਣਦੇ ਹਨ। ਸੰਰਚਨਾਵਾਦੀ ਦ੍ਰਿਸ਼ਟੀ ਵਿਅਕਤੀ-ਗਤ ਮਾਨ-ਅਪਮਾਨ ਤੋਂ ਨਿਰਲਿਪਤ ਹੈ। ਸੰਰਚਨਾਵਾਦ ਕਿਸੇ ਵੀ ਕਿਰਤ ਦਾ ਇਸ ਤਰ੍ਹਾਂ ਅਧਿਐਨ ਪੇਸ਼ ਕਰਦਾ ਹੈ ਕਿ ਉਸ ਵਿਚ ਕੰਮ ਕਰ ਰਹੇ ਸਿਸਟਮੀ ਨੇਮ ਉਜਾਗਰ ਹੋ ਜਾਣ। ਆਪਣੀ ਵਲੋਂ ਇਹ ਕੁਝ ਵੀ ਸਿੱਧ ਨਹੀਂ ਕਰਨਾ ਚਾਹੁੰਦਾ। ਸੰਰਚਨਾਵਾਦੀ ਨੂੰ ਗਾਲ੍ਹ ਕਿਸੇ ਵਿਸ਼ੇਸ਼ ਵਿਅਕਤੀ ਨੂੰ ਗਾਲ੍ਹ ਨਹੀਂ ਤੇ ਹਰ ਕਿਸੇ ਨੂੰ ਗਾਲ੍ਹ ਹੈ। ਪੰਜਾਬੀ ਭਾਸ਼ਾ ਦੀ ਵਿਆਕਰਣ ਨੂੰ ਗਾਲ੍ਹ ਭਲਾ ਕਿਸ ਵਿਸ਼ੇਸ਼ ਪੰਜਾਬੀ ਨੂੰ ਗਾਲ੍ਹ ਹੈ। ਜੋ ਕਹਿੰਦਾ ਹੈ ਪੰਜਾਬੀ ਭਾਸ਼ਾ, ਕਿਸੇ ਵੀ ਹੋਰਸ ਭਾਸ਼ਾ ਵਾਂਗ, ਵਿਆਕਰਣਕ ਨੇਮਾਂ ਅਨੁਸਾਰ ਕੰਮ ਕਰਦੀ ਹੈ ਉਹ ਭਲਾ ਕਿਹੜਾ ਬੱਜਰ ਅਪਰਾਧ ਕਰ ਰਿਹਾ ਹੈ ਕਿ ਉਸ ਨੂੰ ਫਾਂਸੀ ਤੇ ਲਟਕਾਉਣ ਦਾ ਫੈਸਲਾ ਸਹੀ ਕਰਾਰ ਦਿੱਤਾ ਜਾ ਸਕੇਗਾ। ਮੁਸੀਬਤ ਤਾਂ ਇਹ ਹੈ ਕਿ ਸੰਰਚਨਾਵਾਦੀ ਫਾਂਸੀ ਤੇ ਝੂਲ ਕੇ ਆਪਣੇ ਆਪ ਨੂੰ ਸੱਚਾ ਸਿੱਧ ਕਰ ਜਾਏਗਾ ਕਿਉਂਕਿ ਫ਼ਾਂਸੀ ਵੀ ਉਸ ਦੀ ਜਾਨ ਕਿਸੇ ਨੇਮ ਮੁਤਾਬਿਕ ਹੀ ਕੱਢੇਗੀ। ਮੁੱਲਾ ਨਸਰੁੱਦੀਨ ਦੀ ਇਕ ਕਹਾਣੀ ਯਾਦ ਆ ਗਈ। ਬਾਦਸ਼ਾਹ ਨੇ ਆਪਣੇ ਮੁਲਕ ਦੇ ਸਭਨਾਂ 'ਝੂਠਿਆਂ' ਨੂੰ ਮਾਰ ਮੁਕਾਉਣ ਲਈ ਫਾਂਸੀ ਗਡ ਦਿੱਤੀ। ਮੁੱਲਾ ਸਾਹਿਬ ਉਧਰੋਂ ਲੰਘੇ। ਜੱਲਾਦ ਨੇ ਪੁਛਿਆ : ਮੁੱਲਾ ਸਾਹਿਬ ਕਿੱਧਰ ਆਏ ਜੇ ? ਜਵਾਬ ਵਿਚ ਮੁੱਲਾ ਸਾਹਿਬ ਨੇ ਕਿਹਾ : ਫਾਂਸੀ ਚੜ੍ਹਣ ਆਇਆ ਹਾਂ। ਜੱਲਾਦ ਨੇ ਕਿਹਾ : ਕਾਹਨੂੰ ਝੂਠ ਪਏ ਬੋਲਦੇ ਜੇ। ਮੁੱਲਾ ਸਾਹਿਬ ਨੇ ਕਿਹਾ : ਜੇ ਮੈਂ ਝੂਠਾ ਹਾਂ ਤਾਂ ਮੈਨੂੰ ਫਾਹੇ ਲਾਓ। ਮੈਨੂੰ ਫਾਹੇ ਲਾਉਗੇ ਤਾਂ ਮੈਂ ਆਪੇ ਸੱਚਾ ਸਿੱਧ ਹੋ ਜਾਵਾਂਗਾ। ਫਿਰ ਸੱਚੇ ਨੂੰ ਫ਼ਾਂਸੀ ਲਾਉਣ ਦੇ ਜੁਰਮ ਵਿਚ ਕਿਸ ਲਈ ਕਿਹੜੀ ਸਜ਼ਾ ਤਜਵੀਜ਼ ਕਰੋਗੇ ? ਆਦਰਜੋਗ ਸੰਪਾਦਕ ਸੇਧ, ਅੱਜ ਉਸ ਜਲਾਦ ਦਾ ਚਿਹਨ-ਵਿਗਿਆਨੀ ਰੂਪ ਤੁਸੀਂ ਬਿਰਾਜਮਾਨ ਹੋ। ਉਕਤ ਸੁਆਲ ਦਾ ਜਵਾਬ ਦੇਣ ਦੀ ਜ਼ਿੰਮੇਵਾਰੀ ਤੁਹਾਡੇ ਤੇ ਹੈ। ਸੰਰਚਨਾ ਦੇ ਮਰਨ ਬਾਦ ਵੀ ਸਿਸਟਮ ਕਾਇਮ ਰਹਿੰਦਾ ਹੈ ਤੇ ਉਸ ਵਿਚੋਂ ਨਿਤ ਨਵੀਆਂ ਸੰਰਚਨਾਵਾਂ ਪੈਦਾ ਹੁੰਦੀਆਂ ਰਹਿੰਦੀਆਂ ਹਨ। ਸਿਸਟਮ ਨੂੰ ਕਿਹੜੀ ਸੂਲੀ ਟੰਗੋਗੇ ਤੇ ਜੇ ਸਿਸਟਮ ਕਾਇਮ ਰਿਹਾ ਤਾਂ ਸੰਰਚਨਾ ਜਾਂ ਸੰਰਚਨਾਵਾਦੀ ਮਨੁੱਖ ਦਾ ਬੀਜ ਨਾਸ ਕਰਨ ਦੇ ਉਸ ਫ਼ੈਸਲੇ ਦਾ ਕੀ ਬਣੇਗਾ ਜੋ ਤੁਸਾਂ ਸੁਚੇਤ ਜਾਂ ਅਚੇਤ ਤੌਰ ਤੇ ਕੀਤਾ ਜਾਪਦਾ ਹੈ ?

ਇਕ ਗੱਲ ਹੋਰ ਤੇ ਮੈਂ ਆਪਣਾ ਬਿਆਨ ਸਮੇਟ ਲਵਾਂਗਾ। ਮੇਰੇ ਬਿਆਨ ਦਾ ਆਖ਼ਰੀ ਹਿੱਸਾ ਚਿਹਨ-ਵਿਗਿਆਨ ਨਾਲ ਸੰਬੰਧਿਤ ਹੈ। ਚਿਹਨ-ਵਿਗਿਆਨ ਦਾ ਉਦੇ ਸੰਰਚਨਾਵਾਦ ਦੇ ਨਾਲ ਹੀ ਹੋਇਆ। ਸੰਰਚਨਾਵਾਦੀ ਭਾਸ਼ਾ-ਵਿਗਿਆਨ ਦੀ ਗੱਲ ਕਰਦਿਆਂ ਉਸ ਦੇ ਮੋਢੀ ਵਿਦਵਾਨ ਨੇ ਕਿਹਾ ਸੀ ਕਿ ਕਿਸੇ ਸਮਾਜ ਵਿਚਕਾਰ ਚਿਹਨਾਂ ਦੇ ਜੀਵਨ ਦਾ ਅਧਿਐਨ ਕਰਨ ਵਾਲਾ ਵਿਗਿਆਨ ਹੋਂਦ ਵਿਚ ਆ ਸਕਣਾ ਸੰਭਵ ਹੈ। ਜਦੋਂ ਇਹ ਵਿਗਿਆਨ ਹੋਂਦ ਵਿਚ ਆਵੇਗਾ ਆਪ ਭਾਸ਼ਾ-ਵਿਗਿਆਨ ਉਸੇ ਦਾ ਅੰਗ ਹੋਵੇਗਾ। ਇਸ ਬਿਆਨ ਵਿਚ ਮੈਂ ਥਾਂ-ਪਰ-ਥਾਂ ਮਨੁਖ ਦੀ ਹਰ ਰਚਨਾ ਨੂੰ ਭਾਸ਼ਾ ਕਿਹਾ ਹੈ। ਅਜੇਹੇ ਕਥਨ ਚਿਹਨ-ਵਿਗਿਆਨ ਦੇ ਘੇਰੇ ਵਿਚ ਹੀ ਹਨ। ਆਪਣੀ ਗਲ ਮੈਂ ਪ੍ਰਾਇਮਰੀ ਪੱਧਰ ਤੋਂ ਹੀ ਸ਼ੁਰੂ ਕਰਨ ਅਤੇ ਉਸ ਨੂੰ ਮਾਰਕਸਵਾਦ ਨਾਲ ਸੰਬੰਧਿਤ ਕਰਨ ਦੀ ਆਗਿਆ ਮੰਗਦਾ ਹਾਂ। ਚਿਹਨ ਉਹ ਹੈ ਜੋ ਆਪਣੇ ਹੋਣ ਤੋਂ ਇਲਾਵਾ ਕਿਸੇ ਹੋਰ ਹੋਣ ਵਲ ਵੀ ਸੰਕੇਤ ਕਰਦਾ ਹੈ। ਭਾਸ਼ਾ ਦਾ ਹਰ ਸ਼ਬਦ ਚਿਹਨ ਹੈ ਕਿਉਂਕਿ ਉਹ ਆਪਣੇ ਆਪ ਵਿਚ ਆਵਾਜ਼ ਹੈ, ਪਰ ਆਵਾਜ਼ ਕਿਸੇ ਹੋਰ ਵਸਤੂ ਜਾਂ ਕਾਰਜ ਵਲ ਸੰਕੇਤ ਕਰਦੀ

ਹੈ। ਇਹੋ ਹਾਲ ਮਨੁਖ ਦੀਆਂ 'ਭਾਸ਼ਾਵਾਂ' ਦਾ ਹੈ। ਜੋ ਕੁਝ ਵੀ ਮਨੁਖ ਰਚਦਾ ਹੈ ਉਹ ਆਪਣੀ ਵਾਸਤਵਿਕਤਾ ਤੋਂ ਇਲਾਵਾ ਕਿਸੇ ਮਾਨਸਿਕਤਾ ਵਲ ਸੰਕੇਤ ਕਰਦਾ ਹੈ। ਇਸ ਜਾਣੀ-ਬੁਝੀ ਗੱਲ ਦਾ ਜ਼ਿਕਰ ਮੈਂ ਇਸ ਲਈ ਕਰ ਰਿਹਾ ਹਾਂ ਕਿ ਇਸ ਦਾ ਸੰਬੰਧ ਮਾਰਕਸਵਾਦੀ ਲਿਖਤਾਂ ਵਿਚ ਬਹੁਚਰਚਿਤ ਸੰਕਲਪ 'ਵਿਚਾਰਧਾਰਾ' ਨਾਲ ਹੈ। ਮਨੁਖ ਨੂੰ ਵਿਚਾਰਧਾਰਾ ਦੀ ਪ੍ਰਾਪਤੀ ਚਿਹਨਾਂ ਰਾਹੀਂ ਹੀ ਸੰਭਵ ਹੈ। ਜੋ ਕੁਝ ਵਿਚਾਰਧਾਰਕ ਹੈ ਉਹ ਲਾਜ਼ਮੀ ਤੌਰ ਤੇ ਚਿਹਨਵਿਗਿਆਨਕ ਹੈ ਅਤੇ ਜੋ ਕੁਝ ਚਿਹਨਵਿਗਿਆਨਕ ਹੈ ਉਹ ਲਾਜ਼ਮੀ ਤੌਰ ਤੇ ਵਿਚਾਰਧਾਰਕ ਹੈ। ਸੰਰਚਨਾਵਾਦ ਦੀ ਮੂਲ ਸਥਾਪਨਾ ਹੈ ਕਿ ਚਿਹਨ ਦਾ ਇਕ ਪਖ ਵਾਸਤਵਿਕ ਹੈ ਤੇ ਦੂਜਾ ਪੱਖ ਵਿਚਾਰਕ, ਵਿਚਾਰਧਾਰਕ ਅਤੇ ਮਾਨਸਿਕ ਹੈ। ਅੱਜ ਏਨਾ ਵਕਤ ਨਹੀਂ ਕਿ ਮੈਂ ਇਸ ਗੱਲ ਦੀ ਬਹੁਤ ਵਿਸਥਾਰ ਨਾਲ ਚਰਚਾ ਕਰਾਂ। ਏਨਾ ਕੁ ਜ਼ਿਕਰ ਵੀ ਸਿਰਫ਼ ਇਸ ਲਈ ਕਰ ਰਿਹਾ ਹਾਂ ਕਿ ਤੁਸੀਂ ਚਿਹਨਵਿਗਿਆਨ ਤੋਂ ਐਵੇਂ ਨਾ ਪਏ ਤ੍ਰਭਕੋ। ਇਹ ਤੁਹਾਡੇ ਚਿੰਤਨ ਦੇ ਪਰਵਾਨ ਸਿੱਕੇ ਵਿਚਾਰ-ਧਾਰਾ ਦਾ ਹੀ ਸੰਗੀ-ਸਾਥੀ ਹੈ ਅਤੇ ਉਸੇ ਨੂੰ ਵਿਗਿਆਨਕ ਪੱਧਰ ਤੇ ਸਮਝਾਉਣ ਦਾ ਜਤਨ ਕਰਦਾ ਹੈ।

ਸੇਧ-ਸੰਪਾਦਕ ਜੀ, ਮੈਂ ਆਪਣਾ ਬਿਆਨ ਮੁਕਾ ਲਿਆ ਹੈ, ਇਸ ਬਿਆਨ ਤੇ ਅਗਾਂਹ ਜਾਣ ਦੀ ਵੀ ਲੋੜ ਬਾਕੀ ਹੈ। ਤੁਸੀਂ ਆਪਣੇ ਲਈ ਮਾਰਕਸਵਾਦੀ ਵਿਚਾਰਾਂ ਨੂੰ ਪ੍ਰਸਾਰਨ ਦਾ ਟੀਚਾ ਮਿਥਿਆ ਹੋਇਆ ਹੈ; ਮੈਂ ਉਸ ਹਦ ਤਕ ਸੰਰਚਨਾਵਾਦ ਦਾ ਪ੍ਰਸਾਰਕ ਜਾਂ ਪ੍ਰਚਾਰਕ ਨਹੀਂ। ਮੈਂ ਉਸ ਦਾ ਵਿਦਿਆਰਥੀ ਹਾਂ, ਬਸ। ਪਰ ਆਪਣੇ ਦ੍ਰਿਸ਼ਟੀ-ਭੇਦ ਦਾ ਜ਼ਿਕਰ ਉਚਿਤ ਸਮਝਦਾ ਹਾਂ। ਮੈਂ ਤੁਹਾਡੇ ਮਾਰਕਸਵਾਦ ਨੂੰ ਹਮੇਸ਼ਾਂ ਕਾਟੇ-ਹੇਠ ਰਖਿਆ ਹੈ। ਮਤਲਬ ਇਹ ਕਿ ਤੁਹਾਡੇ ਵਿਚਾਰਾਂ ਦਾ ਜ਼ਿਕਰ ਤੁਹਾਡੇ ਕਹੇ ਮੁਤਾਬਿਕ, ਮਾਰਕਸਵਾਦੀ ਵਿਸ਼ੇਸ਼ਣ ਨਾਲ ਹੀ ਕਰਦਾ ਹਾਂ, ਪਰ ਉਹਨਾ ਨੂੰ ਮਾਰਕਸਵਾਦੀ ਮੰਨਦਾ ਨਹੀਂ। ਮੈਂ ਤਾਂ ਆਪਣੇ ਵਿਚਾਰਾਂ ਲਈ ਸੰਰਚਨਾਵਾਦੀ ਵਿਸ਼ੇਸ਼ਣ ਨੂੰ ਵੀ ਕਾਟੇ-ਹੇਠ ਰਖਣ ਲਈ ਤਿਆਰ ਹਾਂ, ਕਿਉਂਕਿ ਪੰਜਾਬੀ ਬੋਲੀ ਲਈ, ਤੇ ਮੇਰੇ ਲਈ ਵੀ, ਇਹ ਵਿਦਿਆ ਅਜੇ ਨਵੀਂ ਹੈ ਅਤੇ ਇਹਦੀ ਪ੍ਰਮਾਣਿਕ ਨੁਹਾਰ ਅਜੇ ਉਜਾਗਰ ਹੋਣੀ ਹੈ। ਸੰਰਚਨਾਵਾਦ ਸੰਬੰਧੀ ਤੁਹਾਡਾ ਵਿਵਾਦ ਮੈਨੂੰ ਦੋ ਅਪ੍ਰਮਾਣਕਾਂ ਵਿਚਕਾਰ ਵਿਵਾਦ ਲਗਦਾ ਹੈ ਜਿਸ ਨਾਲ ਦੋਹਾਂ ਧਿਰਾਂ ਦਾ ਬਚਗਾਨਾਪਨ ਹੀ ਉਜਾਗਰ ਹੁੰਦਾ ਹੈ।

ਤੁਸੀਂ ਦੋਸਤੀ ਦਾ ਦਬਾਉ ਪਾ ਕੇ ਮੈਨੂੰ ਆਪਣੇ ਕਟਹਿਰੇ ਵਿਚ ਲਿਆ ਹੀ ਖਲ੍ਹਾਰਿਆ। ਮੈਂ ਆਪਣੀ ਸੀਮਿਤ ਜਾਣਕਾਰੀ ਮੁਤਾਬਿਕ ਬਿਆਨ ਹਾਜ਼ਰ ਕਰ ਦਿੱਤਾ ਹੈ। ਤੁਸੀਂ ਕੋਈ ਆਖ਼ਰੀ ਫ਼ੈਸਲਾ ਕਰ ਸਕੋਗੇ, ਮੈਨੂੰ ਅਜੇਹਾ ਵਿਸ਼ਵਾਸ ਨਹੀਂ। ਸੰਰਚਨਾਵਾਦੀ ਸਥਾਪਨਾ ਇਹੋ ਹੈ: ਚਿਹਨ ਚਿਹਨਾਂ ਵਲ ਸੰਕੇਤ ਕਰਦੇ ਜਾਂਦੇ ਹਨ ਜਿਵੇਂ ਦਰਿਆ ਅਗਾਂਹ ਤੋਂ ਅਗਾਂਹ ਵਧੀ ਜਾਂਦਾ ਹੈ। ਆਖ਼ਰੀ ਅਗਾਂਹ ਕੋਈ ਨਹੀਂ। ਨਿਰੰਤਰ ਗਤੀ ਦੀ ਏਸ ਯਾਤ੍ਰਾ ਵਿਚ ਕਿਤੇ ਠਹਿਰਾਉ ਨਹੀਂ। ਇਹ ਮਨੁਖੀ ਸੰਰਚਨਾ ਦੀ ਹੋਣੀ ਹੈ।

| | |
|---|---|
| ਦਿੱਲੀ, | ਤੁਹਾਡਾ ਪਾਠਕ |
| ਗੁਰ ਨਾਨਕ ਗੁਰਪੁਰਬ ਦਿਵਸ, 1980 | ਤੇ ਅਜ ਦੀ ਅਜ ਤੁਹਾਡਾ ਲੇਖਕ |
| | ਹਰਿਭਜਨ ਸਿੰਘ |



## ਪੰਜਾਬੀ ਆਲੋਚਨਾ ਅਤੇ ਪਛਮੀ ਆਲੋਚਨਾ-ਪ੍ਰਣਾਲੀਆਂ—6

# ਅਮਰੀਕਾ ਦਾ 'ਨਵੀਨ ਆਲੋਚਨਾ' ਸਕੂਲ

ਡਾ: ਰਵਿੰਦਰ ਸਿੰਘ ਰਵੀ

(ਲੜੀ ਜੋੜਣ ਲਈ 'ਸੇਧ', ਅਗਸਤ, 1980 ਅੰਕ, ਸਫੇ 23-33)

ਅਮਰੀਕਾ ਦੀ 'ਨਵੀਨ ਆਲੋਚਨਾ' ਦੇ ਸਕੂਲ ਦਾ ਅਗਲਾ ਮਹੱਤਵਪੂਰਣ ਆਲੋਚਕ ਐਲਨ ਟੇਟ ਹੈ। ਆਪਣੇ ਲੇਖ **'Tension In Poetry'** ਵਿਚ ਉਹ 'ਤਣਾਉ' ਨੂੰ ਕਾਵਿ ਦੀ ਨਿਵੇਕਲੀ ਅਤੇ ਸੁਤੰਤਰ ਹੋਂਦ-ਵਿਧੀ ਦੇ ਮੂਲ ਲਛਣ ਵਜੋਂ ਸਥਾਪਤ ਕਰਨ ਦਾ ਯਤਨ ਕਰਦਾ ਹੈ। ਉਸ ਦਾ ਮਤ ਹੈ ਕਿ ਪਾਠਕ ਨੂੰ ਮਾਨਸਿਕ ਤੌਰ 'ਤੇ ਪ੍ਰਭਾਵਿਤ ਕਰਨਾ ਕਾਵਿ ਦਾ ਮੂਲ ਕਾਰਜ ਨਹੀਂ। ਇਸੇ ਲਈ ਉਹ ਰੋਮਾਂਟਕ ਕਾਵਿ-ਸਿਧਾਂਤ ਦੀ ਇਸ ਧਾਰਣਾ ਨੂੰ ਅਸਵੀਕਾਰ ਕਰਦਾ ਹੈ ਕਿ ਕਾਵਿ ਕਵੀ ਦੇ ਵਿਚਾਰਾਂ ਜਾਂ ਭਾਵਾਂ ਦੇ ਪ੍ਰਗਟਾ ਦਾ ਉਹ ਮਾਧਿਅਮ ਹੈ ਜਿਹੜਾ ਪਾਠਕ ਨੂੰ ਮਾਨਸਕ ਤੌਰ 'ਤੇ ਪ੍ਰਭਾਵਿਤ ਕਰਦਾ ਹੈ। 19ਵੀਂ ਸਦੀ ਦਾ ਅੰਗਰੇਜ਼ੀ ਕਾਵਿ ਮੁੱਖ ਤੌਰ 'ਤੇ ਅਜਿਹਾ ਕਾਵਿ ਹੀ ਸੀ, ਜਿਸ ਵਿਚ ਸ਼ਬਦਾਂ ਦੇ ਬੌਧਿਕ ਅਰਥਾਂ ਦੀ ਅਢੁਕਵੀਂ ਵਰਤੋਂ ਕਾਰਨ ਯਥਾਰਥ ਦੀ ਧੁੰਦਲੀ ਜਿਹੀ ਪਕੜ ਹੈ। ਐਲਨ ਟੇਟ ਅਨੁਸਾਰ ਕਾਵਿ ਦੇ ਕੁਝ ਨਾ ਕੁਝ ਬੁਨਿਆਦੀ ਲੱਛਣ ਹਨ, ਜਿਨ੍ਹਾਂ ਦੇ ਆਧਾਰ 'ਤੇ ਅਸੀਂ ਕਾਵਿ ਦੀ ਹੋਂਦ-ਵਿਧੀ ਦੇ ਕੇਵਲ ਇਕੋ ਮੂਲ ਗੁਣ ਨੂੰ ਮਿਥ ਸਕਦੇ ਹਾਂ। ਇਹ ਗੁਣ 'ਤਣਾਉ' (Tension) ਹੈ। ਭਾਵੇਂ ਇਸ ਦਾ ਇਹ ਅਰਥ ਵੀ ਨਹੀਂ ਕਿ ਹੋਰ ਸਾਰੇ ਲੱਛਣ ਅਖੋਂ ਉਹਲੇ ਕਰ ਦਿਤੇ ਜਾਣ। 'ਤਣਾਉ' ਦੇ ਸੰਕਲਪ ਨੂੰ ਸਮਝਣ ਤੋਂ ਪਹਿਲਾਂ ਦੋ ਹੋਰ ਸ਼ਬਦਾਂ **Intention** ਅਤੇ **Extension** ਨੂੰ ਸਮਝਣਾ ਜ਼ਰੂਰੀ ਹੈ। ਇਨ੍ਹਾਂ ਸ਼ਬਦਾਂ ਦਾ ਸਾਧਾਰਨ ਕੋਸ਼ਗਤ ਅਰਥ ਕ੍ਰਮਵਾਰ 'ਉਦੇਸ਼' ਅਤੇ 'ਵਿਸਤਾਰ' ਹੈ। ਪਰ ਐਲਨ ਟੇਟ ਰਾਹੀਂ ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਵਿਸ਼ੇਸ਼ ਤਕਨੀਕੀ ਅਰਥਾਂ ਵਿਚ ਕੀਤਾ ਗਿਆ ਹੈ। ਤਰਕ-ਸ਼ਾਸਤ੍ਰ ਅਨੁਸਾਰ **Extension** ਵਸਤੂਆਂ ਦੇ ਇਕ ਉਸ ਪੂਰੇ ਵਰਗ ਦਾ ਬੋਧ ਕਰਾਉਂਦਾ ਹੈ ਜਿਸ ਲਈ ਉਸ ਸ਼ਬਦ ਦੀ ਵਰਤੋਂ ਕੀਤੀ ਗਈ ਹੁੰਦੀ ਹੈ। ਅਤੇ **Intention** ਦਾ ਅਰਥ ਕਿਸੇ ਵਸਤੂ ਦੇ ਉਨ੍ਹਾਂ ਗੁਣਾਂ ਤੋਂ ਹੈ ਜਿਸ ਲਈ ਸ਼ਬਦ ਦੀ ਢੁਕਵੀਂ ਵਰਤੋਂ ਕੀਤੀ ਗਈ ਹੁੰਦੀ ਹੈ। ਪਹਿਲੇ ਵਿਚ ਜ਼ੋਰ ਵਸਤੂਆਂ ਦੇ ਵਸਤੂਪੁਣੇ ਉਤੇ ਹੈ ਅਤੇ ਦੂਸਰੇ ਵਿਚ ਵਸਤੂਆਂ ਦੇ ਗੁਣ ਉਤੇ। ਦੂਸਰੇ ਸ਼ਬਦਾਂ ਵਿਚ ਇਨ੍ਹਾਂ ਨੂੰ ਕ੍ਰਮਵਾਰ ਕੋਸ਼ਗਤ ਅਰਥ ਅਤੇ ਰੂਪਕੀ ਅਰਥ ਦਾ ਨਾਂ ਦਿਤਾ ਜਾ ਸਕਦਾ ਹੈ। ਇਸ ਲਈ ਇਨ੍ਹਾਂ ਦੋਵਾਂ ਸ਼ਬਦਾਂ ਦਾ ਢੁਕਵਾਂ ਅਤੇ ਸਹੀ ਅਨੁਵਾਦ 'ਬੋਧਕ' ਅਤੇ 'ਭਾਵ-ਬੋਧਕ' ਦੇ

ਅਰਥਾਂ ਵਿਚ ਕੀਤਾ ਜਾ ਸਕਦਾ ਹੈ। ਐਲਨ ਟੇਟ ਦਾ ਵਿਚਾਰ ਹੈ ਕਿ ਬਹੁਤਾ ਕਾਵਿ ਜਾਂ ਤਾਂ ਸ਼ਬਦਾਂ ਦੇ ਬੋਧਕ ਪੱਖ ਵਲ ਨੂੰ ਰੁਚਿਤ ਹੁੰਦਾ ਹੈ ਅਤੇ ਜਾਂ ਭਾਵ-ਬੋਧਕ ਪੱਖ ਵਲ ਨੂੰ। ਜਿਵੇਂ ਕਿ ਮੈਟਾਫਿਜ਼ੀਕਲ ਕਾਵਿ ਤਾਂ ਸ਼ਬਦਾਂ ਦੇ ਬੋਧਕ ਪੱਖ ਦੇ ਇਕ ਸਿਰੇ ਤਕ ਸੀਮਿਤ ਹੈ ਅਤੇ ਦੂਸਰੇ ਸਿਰੇ 'ਤੇ ਰੋਮਾਂਸਵਾਦੀ ਜਾਂ ਪ੍ਰਤੀਕਵਾਦੀ ਕਾਵਿ ਸ਼ਬਦਾਂ ਦੇ ਭਾਵ-ਬੋਧਕ ਪੱਖ 'ਤੇ ਹੀ ਆਪਣੀ ਸਾਰੀ ਟੇਕ ਰਖਦਾ ਹੈ। ਪਰੰਤੂ ਚੰਗੀ ਅਤੇ ਸਫਲ ਕਵਿਤਾ ਸ਼ਬਦਾਂ ਦੇ ਬੋਧਕ ਅਤੇ ਭਾਵ-ਬੋਧਕ ਦੋਵਾਂ ਅਰਥਾਂ ਦੀ ਆਖਰੀ ਸੀਮਾਂ ਦਾ ਸੁਚੱਜਾ ਸੁਮੇਲ ਹੁੰਦੀ ਹੈ। ਇਸ ਲਈ ਕਵਿਤਾ ਦੀ ਮੂਲ ਹੋਂਦ-ਵਿਧੀ **Extension** ਜਾਂ **Intention** ਦੀ ਥਾਂ ਇਨ੍ਹਾਂ ਵਿਚਲੇ 'ਤਣਾਉ' ਵਿਚ ਹੁੰਦੀ ਹੈ। ਇਹ 'ਤਣਾਉ' ਕੋਸ਼ਗਤ ਜਾਂ ਬੋਧਕ ਅਰਥਾਂ ਅਤੇ ਰੂਪਕੀ ਜਾਂ ਭਾਵ-ਬੋਧਕ ਅਰਥਾਂ ਵਿਚ ਸਹੀ ਸੰਤੁਲਨ ਸਥਾਪਤ ਕਰਨ ਨਾਲ ਪ੍ਰਾਪਤ ਹੁੰਦਾ ਹੈ। ਇਉਂ ਇਹ 'ਤਣਾਉ' ਕਵਿਤਾ ਵਿਚੋਂ ਪ੍ਰਾਪਤ ਹੋਣ ਵਾਲੇ ਇਨ੍ਹਾਂ ਦੋਨਾਂ ਤਰ੍ਹਾਂ ਦੇ ਅਰਥਾਂ ਦੀ ਸੰਗਠਿਤ ਇਕਾਈ ਦਾ ਨਾਂ ਹੀ ਹੈ। ਜੇ ਇਸੇ ਵਿਚਾਰ ਨੂੰ ਗੈਰ-ਤਕਨੀਕੀ ਸ਼ਬਦਾਂ ਵਿਚ ਸਪਸ਼ਟ ਕਰਨਾ ਹੋਵੇ ਤਾਂ ਐਲਨ ਟੇਟ ਦਾ ਮੰਤਵ ਸਿਰਫ ਇੰਨਾ ਹੀ ਹੈ ਕਿ ਕਾਵਿ ਵਿਚ ਸ਼ਬਦਾਂ ਦੇ ਕੇਵਲ ਕੋਸ਼ਗਤ ਅਰਥ, ਜਿਸ ਨੂੰ ਸੰਸਕ੍ਰਿਤ ਕਾਵਿ-ਸ਼ਾਸਤ੍ਰ ਵਿਚ 'ਅਭਿਧਾ' ਸ਼ਕਤੀ ਕਿਹਾ ਗਿਆ ਹੈ ਅਤੇ ਜਾਂ ਸ਼ਬਦਾਂ ਦੇ ਰੂਪਕੀ (**Metaphorical**) ਜਿਸ ਨੂੰ ਸੰਸਕ੍ਰਿਤ ਵਿਚ ਕਾਵਿ-ਸ਼ਾਸਤ੍ਰ ਵਿਚ 'ਲਕਸ਼ਣਾ' ਸ਼ਕਤੀ ਕਿਹਾ ਗਿਆ ਹੈ, ਜਾਂ ਅਲੰਕਾਰਕ ਪ੍ਰਯੋਗ ਕਾਵਿ ਦੀ ਹੋਂਦ-ਵਿਧੀ ਜਾਂ ਉਸ ਦੀ ਨਿਵੇਕਲੀ ਬਣਤਰ ਦਾ ਆਧਾਰ ਹੋ ਸਕਦਾ ਹੈ। ਸਗੋਂ ਕਵੀ ਅਤੇ ਸਫਲ ਕਵਿਤਾ ਇਨ੍ਹਾਂ ਦੋ ਕਿਸਮਾਂ ਦੇ ਅਰਥਾਂ ਵਿਚ ਵੱਧ ਤੋਂ ਵੱਧ ਤਣਾਉ ਸਿਰਜਨ ਵਲ ਰੁਚਿਤ ਹੁੰਦੇ ਹਨ ਅਤੇ ਨਤੀਜੇ ਵਜੋਂ ਇਹੋ 'ਤਣਾਉ' ਕਾਵਿ ਦੀ ਸੁਤੰਤਰ ਅਤੇ ਨਿਵਕਲੀ ਹੋਂਦ-ਵਿਧੀ ਦਾ ਆਧਾਰ ਹੈ।

ਐਲਨ ਟੇਟ ਦੇ ਵਿਚਾਰਾਂ ਦਾ ਦੂਸਰਾ ਮਹੱਤਵਪੂਰਣ ਨੁਕਤਾ ਵਿਗਿਆਨ ਅਤੇ ਸਾਹਿਤ ਦੇ ਅੰਤਰ ਦਾ ਪ੍ਰਸ਼ਨ ਹੈ ਜਿਸ ਦੀ ਸਾਰਥਕਤਾ ਆਧੁਨਿਕ ਯਗ ਦੇ ਪ੍ਰਸੰਗ ਵਿਚ ਵਖਰੀ ਕਿਸਮ ਦੀ ਹੈ। ਉਸ ਦਾ ਵਿਚਾਰ ਹੈ ਕਿ ਮਨੁੱਖ ਆਪਣੇ ਸਮੁਚੇ ਸਾਰ ਦੀ ਖੋਜ ਕੇਵਲ ਵਿਵੇਕ ਜਾਂ ਵਿਗਿਆਨ ਰਾਹੀਂ ਕਰਨ ਵਿਚ ਰੁੱਝਾ ਹੋਇਆ ਹੈ। ਇਹ ਆਧੁਨਿਕ ਮਨੁਖੀ ਮਨ ਦਾ ਇਕ ਡੂੰਘਾ ਰੋਗ ਹੈ। ਪਰੰਤੂ ਇਹ ਵਿਧੀ ਸਮੁੱਚਤਾ ਦੀਆਂ ਉਨ੍ਹਾਂ ਉੱਚ-ਪੱਧਰੀ ਸੰਭਾਵਨਾਵਾਂ ਨੂੰ ਖੰਡਿਤ ਕਰ ਦੇਂਦੀ ਹੈ ਜਿਹੜੀ ਮਨੁੱਖ ਦੇ ਮਨੁੱਖੀ ਸੁਭਾਅ ਦਾ ਆਧਾਰ ਹੁੰਦੀਆਂ ਹਨ। ਵਿਗਿਆਨ ਜਾਂ ਵਿਗਿਆਨਕ ਵਿਧੀ ਤਾਂ ਨਿਰਪੇਖ ਸੱਚ ਦੀ ਝਲਕ ਮਾਤਰ ਦਿੰਦੀ ਹੈ। ਇਹ ਨਿਰਪੇਖ ਸੱਚ ਦੀ ਸੰਪੂਰਣਤਾ ਤਕ ਪਹੁੰਚਣ ਤੋਂ ਹੀ ਅਸਮਰਥ ਹੈ। ਕਿਉਂਕਿ ਵਿਗਿਆਨ ਇਸ ਸੱਚ ਜਾਂ ਜੀਵਨ ਨੂੰ ਉਸ ਦੀ ਸਮੁੱਚਤਾ ਵਿਚ ਪਕੜਨ ਦੀ ਥਾਂ ਖੰਡਿਤ ਜਾਂ ਟੋਟੇ ਟੋਟੇ ਕਰ ਕੇ ਗ੍ਰਹਿਣ ਕਰਦਾ ਹੈ। ਅਨੁਭਵ ਨੂੰ ਕੇਵਲ ਵਿਗਿਆਨਕ ਵਿਧੀ ਰਾਹੀਂ ਤਰਤੀਬਬੱਧ ਕਰਨ ਨਾਲ ਮਨੁੱਖੀ ਅਨੁਭਵ ਦਾ ਇਕ ਵੱਡਾ ਭਾਗ ਬਾਹਰ ਰਹਿ ਜਾਂਦਾ ਹੈ। ਮਹਾਨ ਸਾਹਿਤਕ ਕਿਰਤਾਂ ਹੀ ਸਾਡੇ ਵਿਕੋਲਿੱਤਰ ਅਨੁਭਵਾਂ ਦਾ ਸੰਪੂਰਣ ਅਤੇ ਸਾਰਥਕ ਰੂਪ ਪੇਸ਼ ਕਰਦੀਆਂ ਹਨ। ਇਸੇ ਕਰਕੇ ਉਹ ਆਪਣੇ ਲੇਖ **Literature as Knowledge** ਵਿਚੋਂ ਸਾਹਿਤ ਨੂੰ ਇਕ 'ਵਿਸ਼ੇਸ਼ ਗਿਆਨ' ਮੰਨਦਾ ਹੈ ਜਿਹੜਾ ਵਿਗਿਆਨ ਜਾਂ ਕਿਸੇ ਹੋਰ ਮਾਧਿਅਮ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। ਸਾਹਿਤ ਦਾ ਮਹੱਤਵ ਅਤੇ ਉਸ ਦੀ ਸਾਰਥਕਤਾ ਯਥਾਰਥ ਦੇ ਅਜਿਹੇ ਗਿਆਨ ਦੇਣ ਵਿਚ ਹੈ ਜਿਹੜਾ ਕਿਸੇ ਵਸਤੂ ਦਾ ਸਮੁੱਚਾ ਅਤੇ ਸੰਪੂਰਨ ਗਿਆਨ ਹੁੰਦਾ ਹੈ ਜਦੋਂ ਕਿ ਵਿਗਿਆਨ ਇਸ ਦੇ ਉਲਟ ਖੰਡਿਤ ਜਾਂ ਆਂਸ਼ਕ ਗਿਆਨ



ਹੀ ਦੇਂਦਾ ਹੈ। ਸਾਹਿਤ, ਇਉਂ, ਮਨੁਖੀ ਅਨੁਭਵ ਦਾ ਉਹ ਸਮੁੱਚਾ ਅਤੇ ਸੰਪੂਰਨ ਗਿਆਨ ਹੈ ਜਿਹੜਾ ਸੰਸਾਰ ਦੀ ਅਦੁੱਤੀ ਅਤੇ ਸਥੂਲ ਸੂਝ ਦਾ ਨਾਂ ਹੈ। ਇਸ ਨੂੰ ਪ੍ਰਾਪਤ ਕਰਨ ਦੀ ਸਮਰਥਾ ਕੇਵਲ ਮਨੁੱਖ ਕੋਲ ਹੀ ਹੈ।

ਸਾਹਿਤ-ਆਲੋਚਨਾ ਦੇ ਕਰਤੱਵ ਸਬੰਧੀ ਉਸ ਦਾ ਦ੍ਰਿਸ਼ਟੀਕੋਣ ਅਗਲਾ ਵਿਚਾਰਨਯੋਗ ਨੁਕਤਾ ਹੈ। ਇਸ ਤੋਂ ਪਹਿਲਾਂ ਸਾਹਿਤ ਜਾਂ ਕਾਵਿ ਦੇ ਪ੍ਰਯੋਜਨ ਬਾਰੇ ਟੇਟ ਦੇ ਮਤ ਨੂੰ ਸੰਖੇਪ ਵਿਚ ਜਾਣਨਾ ਜ਼ਰੂਰੀ ਹੈ। ਇਸ ਪਹਿਲੂ 'ਤੇ ਟੇਟ ਦੇ ਵਿਚਾਰਾਂ ਵਿਚ ਵਿਰੋਧ ਹੈ। ਇਕ ਪਾਸੇ ਉਸ ਦੀ ਧਾਰਨਾ ਹੈ ਕਿ ਅਮਰੀਕਨ ਸਮਾਜ, ਜਿਹੜਾ ਪਹਿਲਾਂ ਧਾਰਮਕ ਰਹਿ ਚੁਕਾ ਹੈ, ਧਰਮ-ਨਿਰਪੇਖਤਾ ਨੂੰ ਰੂਹਾਨੀ ਮੌਤ ਦੇ ਖਤਰੇ ਤੋਂ ਬਿਨਾਂ ਨਹੀਂ ਅਪਣਾ ਸਕਦਾ। ਇਸ ਲਈ ਅਮਰੀਕਨ ਰੂਹਾਨੀਅਤ ਦੇ ਬਚਾਉ ਲਈ ਸੇਂਟ-ਜੋਨ ਜੀਵਨ-ਦ੍ਰਿਸ਼ਟੀ ਅਤੇ ਈਸਾਈ ਜੀਵਨ-ਵਿਧੀ ਅਤਿਅੰਤ ਜ਼ਰੂਰੀ ਹਨ। ਕਿਸੇ ਨਾ ਕਿਸੇ ਕੇਂਦਰੀ ਵਿਸ਼ਵਾਸ ਤੋਂ ਬਿਨਾਂ ਹਰ ਤਰ੍ਹਾਂ ਦੀ ਕਲਾ ਨੇ ਅਨੁਭਵ ਦੇ ਇਕ ਸਾਂਝੇ ਕੇਂਦਰ ਨੂੰ ਗੁਆ ਲਿਆ ਹੈ। ਇਸ ਤਰ੍ਹਾਂ ਦੇ ਕਿਸੇ ਸਾਂਝੇ ਸਜਿੰਦ ਕੇਂਦਰ ਦੀ ਲੋੜ ਧਾਰਮਿਕ ਵਿਸ਼ਵਾਸ ਦੀ ਲੋੜ ਵਰਗੀ ਹੀ ਹੈ, ਜਿਸ ਦੀ ਅਣਹੋਂਦ ਕਾਰਨ ਕਲਾਕਾਰ ਕੋਲ ਕਿਸੇ ਮਹਾਨ ਉਦੇਸ਼ ਦੀ ਥਾਂ ਕੇਵਲ ਸਾਧਨ (ਕਲਾ) ਹੀ ਰਹਿ ਜਾਂਦਾ ਹੈ ਜਿਹੜੀ ਟੇਟ ਅਨੁਸਾਰ ਅਮਰੀਕਨ ਵਿੱਦਵਤਾ ਦੀ ਮਾਰੂ ਘਾਟ ਹੈ। ਇਸੇ ਨੁਕਤੇ ਦੀ ਰੋਸ਼ਨੀ ਵਿਚ ਟੇਟ ਪਰੰਪਰਾ ਦੇ ਮਹੱਤਵ ਨੂੰ ਸਥਾਪਤ ਕਰਦਾ ਹੈ। ਕਵੀ ਮੂਲੋਂ ਨਵੀਨ ਜਾਂ ਕ੍ਰਾਂਤੀਕਾਰੀ ਨਹੀਂ ਹੁੰਦਾ। ਉਸ ਦਾ ਸਮੁੱਚਾ ਪਿਛੋਕੜ ਉਸ ਦੀ ਕਲਾ-ਕ੍ਰਿਤ ਲਈ ਬੁਨਿਆਦੀ ਹੁੰਦਾ ਹੈ। ਜਦੋਂ ਇਹੋ ਪਿਛੋਕੜ ਕਲਾਕਾਰ ਲਈ ਸਾਰਥਕ ਜਾਂ ਢੁਕਵਾਂ ਨਹੀਂ ਰਹਿੰਦਾ ਤਾਂ ਉਹ ਆਪਣੇ ਅਨੁਭਵ ਦੇ ਆਧਾਰ 'ਤੇ ਇਸ ਨੂੰ ਨਵਾਂ ਰੂਪ ਅਤੇ ਸਾਰ ਬਖਸ਼ਦਾ ਹੈ। ਉਹ ਪਰੰਪਰਾ ਅੱਗੇ ਸਮਰਪਣ ਨਹੀਂ ਕਰਦਾ ਸਗੋਂ ਉਸ ਦਾ ਰੂਪਾਂਤਰਣ ਕਰਦਾ ਹੈ। ਟੇਟ ਇਹ ਤਾਂ ਸਵੀਕਾਰ ਕਰਦਾ ਹੈ ਕਿ ਸਮੁੱਚੇ ਸਾਹਿਤ ਦਾ ਸਮਾਜਕ-ਨੈਤਿਕ ਮੰਤਵ ਹੁੰਦਾ ਹੈ ਜਿਹੜਾ ਹਰ ਮਹਾਨ ਲੇਖਕ ਕਲਾਤਮਕ ਪ੍ਰਗਟਾ ਦੇ ਨਾਲ ਨਾਲ ਸਿਰਜਦਾ ਹੈ। ਪਰੰਤੂ ਉਸ ਅਨੁਸਾਰ ਇਹ ਗੱਲ ਵੀ ਸਮਝ ਲੈਣੀ ਚਾਹੀਦੀ ਹੈ ਕਿ ਕਾਵਿ ਮਨੁੱਖ ਨੂੰ ਸੰਪੂਰਨ ਨਹੀਂ ਬਣਾ ਸਕਦਾ। ਅਤੇ ਨਾ ਹੀ ਕੋਈ ਵੀ ਉੱਚੇ ਤੋਂ ਉੱਚਾ ਜਾਂ ਸੁੱਚੇ ਤੋਂ ਸੁੱਚਾ ਉਦੇਸ਼ ਕਾਵਿ-ਗੁਣਾਂ ਉੱਤੇ ਭ ਰੂ ਹੋਣਾ ਚਾਹੀਦਾ ਹੈ। ਉਸ ਅਨੁਸਾਰ ਕਾਵਿ ਨਾ ਤਾਂ ਧਰਮ ਹੈ ਅਤੇ ਨਾ ਹੀ ਸਮਾਜਕ ਇੰਜੀਨੀਅਰਿੰਗ। ਇਸੇ ਲਈ ਕਾਵਿ ਮਨੁੱਖਤਾ ਨੂੰ ਵਿਨਾਸ਼ ਤੋਂ ਬਚਾਉਣ ਦਾ ਸਾਧਨ ਨਹੀਂ ਬਣ ਸਕਦਾ। ਵਿਗਿਆਨਕ ਕਥਨ ਦੇ ਮੁਕਾਬਲੇ 'ਤੇ ਕਾਵਿਕ ਕਥਨ ਗਲਤ ਅਤੇ ਵਿਅਰਥ ਹੁੰਦਾ ਹੈ। ਸਾਹਿਤ ਜਾਂ ਕਲਾ-ਕ੍ਰਿਤ ਕੁਝ ਵੀ ਸਿੱਧ ਨਹੀਂ ਕਰਦੀ। ਇਹ ਤਾਂ ਕੇਵਲ ਅਨੁਭਵ ਵਿਚਲੀ ਗੁਣਾਤਮਕਤਾ ਦੀ ਸਮੁੱਚਤਾ ਨੂੰ ਸਿਰਜਦੀ ਹੈ। ਸਾਧਾਰਨ ਮਨੁੱਖੀ-ਕਾਰਜਾਂ ਨਾਲ ਇਸ ਦਾ ਕੋਈ ਲਾਹੇਵੰਦਾ ਸਬੰਧ ਨਹੀਂ ਹੁੰਦਾ ਅਤੇ ਇਹੋ ਕਾਵਿ ਦੀ ਸੀਮਾਂ ਹੈ। ਕਾਵਿ ਜਾਂ ਕਲਾ ਸਬੰਧੀ ਟੇਟ ਦੇ ਇਹ ਵਿਚਾਰ ਆਪਾ-ਵਿਰੋਧ ਦੇ ਸ਼ਿਕਾਰ ਹੋਣ ਤੋਂ ਛੁੱਟ ਬੁਨਿਆਦੀ ਤੌਰ 'ਤੇ ਅਸਪਸ਼ਟ ਅਤੇ ਅਵਿਗਿਆਨਕ ਹਨ।

ਸਾਹਿਤਕ ਆਲੋਚਨਾ ਸਬੰਧੀ ਟੇਟ ਦੀ ਧਾਰਨਾ ਹੈ ਕਿ ਕਵਿਤਾ ਨੂੰ ਇਕ ਸੁਤੰਤਰ ਵਸਤੂ ਵਾਂਗ ਵੇਖਣਾ ਜ਼ਰੂਰੀ ਹੈ। ਕਵਿਤਾ ਦੇ ਸਮੁੱਚੇ ਸੱਚ ਨੂੰ ਪ੍ਰਾਪਤ ਕਰਨ ਲਈ ਆਲੋਚਨਾ ਨੂੰ ਕਵਿਤਾ ਉੱਤੇ ਹੀ ਕੇਂਦ੍ਰਿਤ ਹੋਣਾ ਚਾਹੀਦਾ ਹੈ। ਸਰਲ ਅਰਥ ਕਵਿਤਾ ਦੇ ਸੰਪੂਰਨ ਅਰਥ ਨੂੰ ਗ੍ਰਹਿਨਯੋਗ ਨਹੀਂ ਬਣਾ ਸਕਦਾ, ਜਦੋਂ ਕਿ ਕਾਵਿ ਸਾਨੂੰ ਸਾਡੇ ਅਨੁਭਵਾਂ ਦੇ ਵਖ ਵਖ ਰੂਪਾਂ ਬਾਰੇ ਇਕ ਵਿਸ਼ੇਸ਼ ਸੰਪੂਰਨ ਗਿਆਨ ਦੇਂਦਾ ਹੈ। ਟੇਟ ਅਨੁਸਾਰ ਕਾਵਿ ਜਾਂ ਸਾਹਿਤ ਨੂੰ ਕਿਸੇ ਇਕ ਪ੍ਰਚਲਤ ਭਾਰੂ

ਵਿਗਿਆਨ (ਮਨੋਵਿਗਿਆਨ, ਸਮਾਜ-ਸ਼ਾਸਤ੍ਰ ਆਦਿ) ਨਾਲ ਢੁਕਾ ਕੇ ਜਾਂ ਉਸ ਦੇ ਪ੍ਰਸੰਗ ਵਿਚ ਅਧਿਐਨ ਕਰਨ ਦਾ ਅਜੋਕਾ ਫੈਸ਼ਨ ਆਧੁਨਿਕ ਯੁਗ ਵਿਚ ਆਲੋਚਨਾ ਦਾ ਪ੍ਰਮੁੱਖ ਰੋਗ ਹੈ। ਕਾਵਿ ਦੇ ਰੂਹਾਨੀ ਸੰਸਾਰ ਲਈ ਵਿਗਿਆਨ ਦੀ ਅਜਿਹੀ ਸ਼ਬਦਾਵਲੀ ਦਾ ਪ੍ਰਯੋਗ ਇਕ ਤਰ੍ਹਾਂ ਨਾਲ ਅਧਿਆਤਮਿਕ ਵਿਗਠਨ ਦਾ ਹੀ ਪ੍ਰਗਟਾ ਹੈ। ਇਸ ਤਰ੍ਹਾਂ ਕਰਨ ਨਾਲ ਸਾਹਿਤ ਕਿਸੇ ਵਿਗਿਆਨ ਜਿਵੇਂ ਇਤਿਹਾਸ ਆਦਿ ਦੇ ਅਧੀਨ ਹੋ ਕੇ ਰਹਿ ਜਾਂਦਾ ਹੈ। ਇਤਿਹਾਸਵਾਦੀ ਜਾਂ ਸਮਾਜ-ਸ਼ਾਸਤ੍ਰੀ ਆਲੋਚਕ ਕਾਵਿ ਵਿਚ ਇਕ ਦੌਰ ਦੀ ਆਤਮਾ ਨੂੰ ਭਾਲਣ ਲਈ ਤਾਂ ਪ੍ਰਤਿਬੱਧ ਹੁੰਦਾ ਹੈ, ਪਰੰਤੂ ਉਹ ਇਸ ਵਿਚੋਂ ਮਨੁੱਖੀ ਆਤਮਾ ਦੀ ਖੋਜ ਕਰਨ ਤੋਂ ਅਸਮਰਥ ਰਹਿੰਦਾ ਹੈ, ਜਿਹੜੀ ਅਸਲ ਵਿਚ ਸਾਹਿਤ ਦਾ ਮੂਲ ਸਾਰ ਹੁੰਦੀ ਹੈ। ਇਸੇ ਲਈ ਟੇਟ ਹਰ ਉਸ ਆਲੋਚਨਾ-ਦ੍ਰਿਸ਼ਟੀ ਨੂੰ ਅਸਵੀਕਾਰ ਕਰਦਾ ਹੈ ਜਿਹੜੀ ਕਾਵਿ ਦਾ ਸਬੰਧ ਇਤਿਹਾਸ ਜਾਂ ਸਮਾਜ-ਸ਼ਾਸਤ੍ਰ ਨਾਲ ਜੋੜਦੀ ਹੈ ਅਤੇ ਜਾਂ ਕਾਵਿ ਨੂੰ ਪ੍ਰਚਾਰ ਦੇ ਸਾਧਨ ਵਜੋਂ ਵਰਤਦੀ ਹੈ। ਸਾਹਿਤਕ ਆਲੋਚਨਾ ਬਾਰੇ ਟੇਟ ਦੇ ਕੇਂਦਰੀ ਵਿਚਾਰ ਮੁੱਖ ਤੌਰ 'ਤੇ ਉਸ ਦੇ ਲੇਖ **The Present Function of Criticism** ਵਿਚ ਪ੍ਰਾਪਤ ਹੁੰਦੇ ਹਨ। ਸਾਹਿਤਕ ਆਲੋਚਨਾ ਵਿਚ, ਭਾਵੇਂ ਉਹ ਸਮਾਜ-ਸ਼ਾਸਤ੍ਰੀ ਆਲੋਚਕ ਜਾਂ ਇਤਿਹਾਸਕਵਾਦੀ ਆਲੋਚਕ ਹੋਵੇ, ਟੇਟ ਅਨੁਸਾਰ ਸਾਰੇ ਅਸਿੱਧੇ ਤੌਰ 'ਤੇ ਇਕੋ ਆਲੋਚਨਾ-ਸਿਧਾਂਤ ਨੂੰ ਅਪਣਾ ਰਹੇ ਹੁੰਦੇ ਹਨ, ਜਿਸ ਨੂੰ ਉਹ 'ਪ੍ਰਸੰਗ ਦੇ ਸਿਧਾਂਤ' (Theory of Relevance) ਦਾ ਨਾਂ ਦੇਂਦਾ ਹੈ। ਅਰਥਾਤ, ਸਾਹਿਤਕ ਕਿਰਤ ਦੇ ਰੂਪ ਦੇ ਅਧਿਐਨ ਦੀ ਥਾਂ ਵਿਗਿਆਨਕ ਤਕਨੀਕਾਂ ਵਾਂਗ ਸਾਹਿਤਕ ਕਿਰਤ ਦਾ ਮੁਲਾਂਕਣ ਉਸ ਬਾਹਰੀ ਯਥਾਰਥ ਦੇ ਸਰਵੇਖਣ ਦੇ ਆਧਾਰ 'ਤੇ ਕਰਨਾ ਜਿਸ ਨੂੰ ਸਾਹਿਤਕ ਕਿਰਤ ਪ੍ਰਗਟ ਕਰ ਰਹੀ ਹੁੰਦੀ ਹੈ। ਸਾਰੀਆਂ ਕਲਾਵਾਂ ਵਿਚੋਂ ਕਾਵਿ ਦਾ ਮਾਧਿਅਮ ਸਭ ਤੋਂ ਅਧਿਕ ਗੁੰਝਲਦਾਰ ਅਤੇ ਘੱਟ ਤੋਂ ਘੱਟ ਕਿਸੇ ਹੋਰ ਪ੍ਰਸੰਗ, ਭਾਵੇਂ ਉਹ ਇਤਿਹਾਸਕ, ਆਰਥਕ, ਜਾਂ ਨੈਤਿਕ ਹੋਵੇ, ਨਾਲ ਸਬੰਧਤ ਕੀਤਾ ਜਾ ਸਕਦਾ ਹੈ। ਟੇਟ ਅਨੁਸਾਰ ਸਾਹਿਤਕ ਆਲੋਚਨਾ ਦਾ ਸਦੀਵੀ ਕਰਤੱਵ ਉਸ ਵਿਸ਼ੇਸ਼, ਅਦੁੱਤੀ ਅਤੇ ਸੰਪੂਰਨ ਗਿਆਨ ਨੂੰ ਬਰਕਰਾਰ ਰਖਣਾ ਅਤੇ ਪੇਸ਼ ਕਰਨਾ ਹੈ ਜਿਹੜਾ ਸਾਹਿਤ ਦੇ ਵੱਖ ਵੱਖ ਮਹਾਨ ਰੂਪ ਸਾਨੂੰ ਪ੍ਰਦਾਨ ਕਰਦੇ ਹਨ। ਇਸ 'ਗਿਆਨ' ਤੋਂ ਭਾਵ ਇਤਿਹਾਸਕ ਦਸਤਾਵੇਜ਼ ਜਾਂ ਸੂਚਨਾ ਦੇ ਗਿਆਨ ਤੋਂ ਬਿਲਕੁਲ ਨਹੀਂ। ਇਸ ਗਿਆਨ ਦੇ ਸੁਭਾ ਬਾਰੇ ਉੱਪਰ ਸੰਕੇਤ ਕੀਤਾ ਜਾ ਚੁੱਕਾ ਹੈ। ਆਪਣੇ ਲੇਖ **Literature as Knowledge** ਵਿਚ ਉਹ ਇਸੇ ਧਾਰਨਾ ਨੂੰ ਹੀ ਦੁਹਰਾਉਂਦਾ ਹੈ। ਆਲੋਚਨਾ ਕਵਿਤਾ ਦਾ ਬਦਲ ਨਹੀਂ ਹੋ ਸਕਦੀ। ਸਾਨੂੰ ਕਿਸੇ ਵੀ ਸੂਰਤ ਵਿਚ ਕਵਿਤਾ ਤੋਂ ਬਿਲਕੁਲ ਲਾਂਭੇ ਨਹੀਂ ਜਾਣਾ ਚਾਹੀਦਾ। ਕਿਉਂਕਿ ਕਵਿਤਾ ਦੀ ਸਾਰਥਕਤਾ ਇਸ ਦੇ ਯਥਾਰਥ-ਗ੍ਰਹਿਣ ਦਾ ਮਾਧਿਅਮ ਹੋਣ ਵਿਚ ਹੈ ਜਿਸ ਕਰਕੇ ਇਸ ਤੋਂ ਸਾਨੂੰ ਕਿਸੇ ਵਸਤੂ ਦੀ ਸੰਪੂਰਨਤਾ ਤੇ ਸਮੁੱਚਤਾ ਦਾ ਗਿਆਨ ਪ੍ਰਾਪਤ ਹੁੰਦਾ ਹੈ। ਸੰਖੇਪ ਵਿਚ ਟੇਟ ਅਨੁਸਾਰ ਸੁਹਜ-ਸ਼ਾਸਤ੍ਰ ਉਤੇ ਆਧਾਰਤ ਹੋਣ ਤੋਂ ਬਿਨਾਂ ਆਲੋਚਨਾ ਕੇਵਲ ਕਥਨ ਜਾਂ ਵਿਚਾਰ ਮਾਤਰ ਤੋਂ ਵੱਧ ਨਹੀਂ।

ਆਰ. ਪੀ. ਬਲੈਕਮਰ ਨੂੰ ਭਾਵੇਂ ਮੱਰੇ ਕਰੀਗਰ 'ਨਵੀਨ ਆਲੋਚਨਾ' ਦੇ ਸਕੂਲ ਵਿਚ ਇਸ ਲਈ ਨਹੀਂ ਗਿਣਦਾ ਕਿ ਉਹ ਮੁੱਖ ਤੌਰ 'ਤੇ ਕੇਵਲ ਵਿਵਹਾਰਕ ਆਲੋਚਨਾ ਨਾਲ ਸੰਬੰਧਿਤ ਹੈ, ਪਰ ਫਿਰ ਵੀ ਬਲੈਕਮਰ ਦੇ ਕਾਵਿ ਅਤੇ ਸਾਹਿਤਕ ਆਲੋਚਨਾ ਸੰਬੰਧੀ ਵਿਚਾਰ ਮਹੱਤਵਪੂਰਣ ਹੋਣ ਦੇ ਨਾਲ ਨਾਲ ਵਿਚਾਰ-ਅਧੀਨ ਸਕੂਲ ਨਾਲ ਮੇਲ ਖਾਂਦੇ ਹਨ। ਉਸ ਦੇ ਲੇਖਾਂ ਦੇ ਤਿੰਨ ਪ੍ਰਮੁਖ ਸੰਗ੍ਰਹਿ: (1) **The Double Agent** (1935) (2) **The Expense of Greatness** (1940)



(3) **The Language as Gesture** (1954) ਮਿਲਦੇ ਹਨ। ਕਾਵਿ ਦੀ ਹੋਂਦ-ਵਿਧੀ ਲਈ ਜਿਸ ਤੱਤ ਨੂੰ ਉਹ ਬੁਨਿਆਦੀ ਅਤੇ ਨਿਵੇਕਲਾ ਮੰਨਦਾ ਹੈ ਉਸ ਨੂੰ ਬਲੈਕਮਰ ਨੇ ਆਪਣੇ ਇਕ ਲੇਖ '**Language as Gesture** ਵਿਚ 'ਜੈਸਚਰ' ਦੇ ਤਕਨੀਕੀ ਸ਼ਬਦ ਰਾਹੀਂ ਸੰਕਲਪ-ਬੱਧ ਕੀਤਾ ਹੈ। ਭਾਸ਼ਾ ਵਿਚ ਜੈਸਚਰ ਤੋਂ ਭਾਵ ਕਲਪੇ ਗਏ ਨਿਰਾਕਾਰ ਅਰਥਾਂ ਦਾ ਸਾਕਾਰ ਅਤੇ ਨਾਟਕੀ ਰੂਪ ਜਾਂ ਪ੍ਰਗਟਾ ਹੈ। ਇਹ ਸ਼ਬਦਾਂ ਦੇ ਕੋਸ਼ਗਤ, ਸਥਿਰ ਅਤੇ ਨਿਸ਼ਚਿਤ ਅਰਥਾਂ ਤੋਂ ਪ੍ਰਾਪਤ ਨਹੀਂ ਹੁੰਦਾ। ਸ਼ਬਦਾਂ ਦੀ ਕਾਵਿਕ ਵਰਤੋਂ ਨਾਲ ਭਾਸ਼ਾ, ਅਰਥਾਂ ਦੀਆਂ ਅਜਿਹੀਆਂ ਨਵੀਆਂ ਅਤੇ ਡੂੰਘੀਆਂ ਪਰਤਾਂ ਦੀ ਧਾਰਣੀ ਬਣ ਕੇ ਅਜਿਹਾ ਸੁਭਾ ਗ੍ਰਹਿਣ ਕਰ ਲੈਂਦੀ ਹੈ ਜਿਹੜਾ ਉਸ ਨੂੰ ਸ਼ਬਦ-ਕੋਸ਼ ਜਾਂ ਭਾਸ਼ਾ ਦੇ ਆਮ ਪ੍ਰਯੋਗ ਤੋਂ ਪ੍ਰਾਪਤ ਨਹੀਂ ਹੁੰਦਾ। ਇਉਂ, ਜੈਸਚਰ ਅਰਥ-ਭਰਪੂਰਤਾ ਲਈ ਸ਼ਬਦਾਂ ਦੀ ਅਜਿਹੀ ਆਪਸੀ ਖੇਡ ਹੈ ਜਿਹੜੀ ਸ਼ਬਦ-ਕੋਸ਼ ਦੇ ਫਾਰਮੂਲਿਆਂ ਦੀ ਥਾਂ ਕੇਵਲ ਆਪਣੇ ਸੰਬੰਧਤ ਪ੍ਰਸੰਗ ਵਿਚ ਹੀ ਸਮਝੀ ਜਾਂ ਗ੍ਰਹਿਣ ਕੀਤੀ ਜਾ ਸਕਦੀ ਹੈ। ਇਸ ਨੂੰ ਬਲੈਕਮਰ ਗਤੀਸ਼ੀਲ ਅਰਥਭਰਪੂਰਤਾ ਦਾ ਨਾਂ ਵੀ ਦਿੰਦਾ ਹੈ। 'ਸੁਣ ਗੱਲਾ ਆਕਾਸ ਕੀ ਕੀਟਾ ਆਈ ਰੀਸ' ਵਿਚ 'ਆਕਾਸ' ਅਤੇ 'ਕੀਟਾ' ਸ਼ਬਦਾਂ ਦੇ ਅਰਥ ਸ਼ਬਦ-ਕੋਸ਼ ਵਿਚਲੇ ਨਿਸ਼ਚਿਤ ਅਤੇ ਸਥਿਰ ਅਰਥ ਨਹੀਂ। ਇਥੇ ਕਵੀ ਨੇ ਇਨ੍ਹਾਂ ਨੂੰ ਅਜਿਹੀ ਨਵੀਨ ਗਤੀਸ਼ੀਲ ਅਰਥ-ਭਰਪੂਰਤਾ ਬਖ਼ਸ਼ ਦਿੱਤੀ ਹੈ, ਜਿਹੜੀ ਸ਼ਬਦ-ਕੋਸ਼ ਦੀ ਥਾਂ ਕੇਵਲ ਇਸ ਕਾਵਿ-ਪੰਕਤੀ ਦੇ ਸੰਬੰਧਤ ਪ੍ਰਸੰਗ ਤੋਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਜੈਸਚਰ ਭਾਸ਼ਾ ਵਿਚ ਅੰਦਰੂਨੀ ਤੌਰ 'ਤੇ ਛੁਪੀ ਹੁੰਦੀ ਹੈ। ਕਵੀ ਦੁਆਰਾ ਭਾਸ਼ਾ ਦੇ ਕਾਵਿਕ ਪ੍ਰਯੋਗ ਰਾਹੀਂ ਇਹ ਉਘੜ ਆਉਂਦੀ ਹੈ। ਮਨੁੱਖੀ ਜੀਵਨ ਅਤੇ ਕੁਦਰਤ ਅਤੇ ਇਨ੍ਹਾਂ ਦੋਵਾਂ ਦੀ ਆਪਸੀ ਕ੍ਰਿਆ ਅੰਤਰ-ਕ੍ਰਿਆ ਦਾ ਬਹੁਤਾ ਗਿਆਨ ਸਾਨੂੰ ਜੈਸਚਰ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ। ਹਰਕਤ ਜਾਂ ਕ੍ਰਿਆ ਦੇ ਸਥਿਰ ਅਤੇ ਸਾਕਾਰ ਜਾਂ ਸਥੂਲ ਰੂਪ ਦਾ ਨਾਂ ਹੀ ਜੈਸਚਰ ਹੈ। ਭਾਸ਼ਾ ਅਤੇ ਜੈਸਚਰ ਵਿਚ ਵਿਰੋਧਾਭਾਸੀ ਸਾਂਝ ਹੈ। ਭਾਸ਼ਾ ਸ਼ਬਦਾਂ ਤੋਂ ਉਪਜਦੀ ਹੈ ਅਤੇ ਸ਼ਬਦ ਪ੍ਰਤਿਕਰਮ, ਕ੍ਰਿਆ ਜਾਂ ਹਰਕਤ ਨੂੰ ਸਥਿਰ ਅਤੇ ਨਿਸ਼ਚਿਤ ਕਰਨ ਦੇ ਅਮਲ ਤੋਂ ਹੀ ਬਣਦੇ ਹਨ। ਜਦੋਂ ਕਿ ਜੈਸਚਰ ਦੀ ਹੋਂਦ ਦਾ ਆਧਾਰ ਵੀ ਮੂਲ ਰੂਪ ਵਿਚ ਹਰਕਤ ਜਾਂ ਕ੍ਰਿਆ ਹੀ ਹੈ। ਬਲੈਕਮਰ ਅਨੁਸਾਰ ਜਦੋਂ ਸ਼ਬਦਾਂ ਦੀ ਭਾਸ਼ਾ ਅਸਫਲ ਹੋ ਜਾਂਦੀ ਹੈ ਤਾਂ ਅਸੀਂ ਭਾਸ਼ਾ ਵਿਚਲੀ ਜੈਸਚਰ ਨੂੰ ਜਗਾ ਕੇ 'ਜੈਸਚਰ' ਦੀ ਭਾਸ਼ਾ ਤੋਂ ਕੰਮ ਲੈਂਦੇ ਹਾਂ। ਜਾਂ ਦੂਸਰੇ ਸ਼ਬਦਾਂ ਵਿਚ ਜਦੋਂ ਸ਼ਬਦਾਂ ਦੀ ਭਾਸ਼ਾ ਆਪਣੇ ਅਤਿ ਉਚ ਸਫਲ ਰੂਪ ਵਿਚ ਵਰਤੀ ਗਈ ਹੁੰਦੀ ਹੈ ਤਾਂ ਇਹ ਆਪਣੇ ਆਪ ਵਿਚ 'ਜੈਸਚਰ' ਦੀ ਭਾਸ਼ਾ ਵਿਚ ਬਦਲ ਜਾਂਦੀ ਹੈ। ਭਾਸ਼ਾ ਦਾ ਉੱਚਤਮ ਸਫਲ ਪ੍ਰਯੋਗ 'ਜੈਸਚਰ' ਦੇ ਗੁਣਾਂ ਨੂੰ ਧਾਰਨ ਕਰਨ ਤੋਂ ਬਿਨਾਂ ਸੰਭਵ ਨਹੀਂ। ਭਾਸ਼ਾ ਵਿਚਲੀ 'ਜੈਸਚਰ' ਨੂੰ ਜਗਾਉਣ ਤੋਂ ਬਿਨਾਂ ਨਾਵਲਕਾਰ ਆਪਣੀ ਵਾਰਤਾਲਾਪ ਨੂੰ ਗੂੰਜਮਈ, ਕਵੀ ਆਪਣੀ ਹੂਕ ਨੂੰ ਸਰੋਦੀ ਅਤੇ ਨਾਟਕਕਾਰ ਆਪਣੇ ਦ੍ਰਿਸ਼ਟੀਕੋਣ ਨੂੰ ਤ੍ਰਾਸਦ ਨਹੀਂ ਬਣਾ ਸਕਦਾ। ਇਵੇਂ ਹੀ ਜੈਸਚਰ ਹਰ ਕਲਾ ਦੀ ਪ੍ਰਗਟਾ-ਸਮਰਥਾ ਦਾ ਬੁਨਿਆਦੀ ਅੰਗ ਹੈ। ਸ਼ਿਲਪਕਲਾ, ਬੁੱਤਕਲਾ, ਚਿਤ੍ਰਕਲਾ, ਨ੍ਰਿਤ ਕਲਾ, ਅਭਿਨੈ ਕਲਾ ਅਤੇ ਸੰਗੀਤ ਕਲਾ ਕਿਸੇ ਨਾ ਕਿਸੇ ਰੂਪ ਵਿਚ ਜੈਸਚਰ 'ਤੇ ਹੀ ਆਧਾਰਤ ਹਨ। ਜਿਵੇਂ ਬੁੱਤਕਲਾ ਦੇ ਅੰਤਰਗਤ ਪੱਥਰ ਉਤੇ ਉੱਕਰੀ ਮੁਸਕਰਾਹਟ ਉੱਚਤਮ ਸਾਰਥਕ ਛਿਣ ਨੂੰ ਗਤੀਸ਼ੀਲ ਸਥਿਰਤਾ ਵਿਚ ਪਕੜ ਕੇ ਜੈਸਚਰ ਦਾ ਰੂਪ ਦੇ ਦਿੰਦੀ ਹੈ। ਕਾਵਿ ਤਾਂ ਇਨ੍ਹਾਂ ਛੇ ਦੀਆਂ ਛੇ ਕਲਾਵਾਂ ਦੀ ਜੈਸਚਰ ਨੂੰ ਆਪਣੀ ਹੋਂਦ-ਵਿਧੀ ਦਾ ਆਧਾਰ ਬਣਾਉਂਦਾ ਹੈ ਜਿਸ ਕਰਕੇ ਕਾਵਿ ਦੀ ਸਮੁੱਚੀ ਭਾਸ਼ਾ ਤਾਂ ਕੇਵਲ 'ਜੈਸਚਰ' ਦੀ ਭਾਸ਼ਾ ਦਾ ਰੂਪ ਹੀ ਹੁੰਦੀ ਹੈ। ਉਸ ਦੇ ਸ਼ਬਦ

ਸੰਗੀਤ ਦੀ ਧੁਨੀ ਨਾਲ ਭਰਪੂਰ, ਅਜਿਹੇ ਬਿੰਬ ਸਿਰਜਦੇ ਹਨ ਜਿਹੜੇ ਸਥੂਲ ਦ੍ਰਿਸ਼ਮਈ ਹੁੰਦੇ ਹਨ, ਬੁੱਤ ਵਾਂਗ ਸਥੂਲ ਅਤੇ ਸ਼ਿਲਪ ਕਲਾ-ਕ੍ਰਿਤ ਵਾਂਗ ਮੋਕਲੇ, ਨ੍ਰਿਤ-ਕਲਾ ਵਿਚਲੀਆਂ ਗਤੀ-ਮੁਦ੍ਰਾਵਾਂ ਵਾਂਗ ਆਪਣੇ ਆਪ ਨੂੰ ਦੁਹਰਾਉਂਦੇ ਹਨ। ਇਉਂ, ਕਾਵਿ-ਭਾਸ਼ਾ ਹਰ ਕਲਾ ਦੀ ਵਿਲਖਣ 'ਜੈਸਚਰ' ਨੂੰ ਆਪਣੀ ਹੋਂਦ-ਵਿਧੀ ਦਾ ਮਹੱਤਵਪੂਰਣ ਆਧਾਰ ਬਣਾ ਲੈਂਦੀ ਹੈ। ਇਸ ਜੈਸਚਰ ਦੀ ਸਿਰਜਨਾ ਤੋਂ ਬਿਨਾਂ ਸਾਹਿਤਕਾਰ ਕੇਵਲ ਸਟੈਨੋਗ੍ਰਾਫਰ ਦੀ ਤਰ੍ਹਾਂ ਹੁੰਦਾ ਹੈ ਜਿਹੜਾ ਸ਼ਬਦਾਂ ਵਿਚਲੀ ਅਰਥ-ਪ੍ਰਚੰਡਤਾ ਨੂੰ ਗ੍ਰਹਿਣ ਕਰਨ ਦੀ ਥਾਂ ਕੇਵਲ ਸ਼ਬਦ ਨੂੰ ਪਕੜਦਾ ਹੈ। ਇਹੋ 'ਚੈਸਚਰ' ਬਲੈਕਮਰ ਅਨੁਸਾਰ ਸਾਰੀਆਂ ਕਾਲਪਨਿਕ ਸਿਰਜਨਾਵਾਂ ਦੀ ਤਕਨੀਕ ਦਾ ਇਕ ਮੁਖ ਅੰਗ ਹੈ। 'ਜੈਸਚਰ' ਦੀ ਸਿਰਜਨਾ ਦੇ ਛੇ ਵਖੋ ਵਖਰੇ ਤਰੀਕਿਆਂ ਦਾ ਜ਼ਿਕਰ ਵੀ ਬਲੈਕਮਰ ਨੇ ਆਪਣੇ ਇਸੇ ਲੇਖ ਵਿਚ ਕੀਤਾ ਹੈ। ਬਲੈਕਮਰ ਦੇ 'ਜੈਸਚਰ' ਦਾ ਇਹ ਸੰਕਲਪ ਸੰਸਕ੍ਰਿਤ ਕਾਵਿ-ਸ਼ਾਸਤ੍ਰ ਵਿਚ 'ਧੁਨੀ' ਦੇ ਸੰਕਲਪ ਨਾਲ ਬਹੁਤ ਜ਼ਿਆਦਾ ਮੇਲ ਖਾਂਦਾ ਹੈ। ਧੁਨੀ ਸੰਪ੍ਰਦਾਇ ਦੇ ਅੰਤਰਗਤ ਆਚਾਰੀਆ ਆਨੰਦਵਰਧਨ ਨੇ ਕਾਵਿ ਦੀ ਹੋਂਦ-ਵਿਧੀ ਦਾ ਬੁਨਿਆਦੀ ਲੱਛਣ ਕਾਵਿ ਵਿਚ ਸ਼ਬਦਾਂ ਦੇ ਅਭਿਧਾਮੂਲਕ (literal), ਲਾਕਸ਼ਣਿਕ (metaphorical) ਦੀ ਥਾਂ ਵਿਅੰਗ (suggestive) ਅਰਥਾਂ ਦੇ ਪ੍ਰਯੋਗ ਨੂੰ ਮੰਨਿਆ ਹੈ। ਸ਼ਬਦਾਂ ਦਾ ਇਹੋ ਵਿਅੰਜਨਾ ਮੂਲਕ/ਸੰਕੇਤਕ (suggestive) ਅਰਥ ਹੀ ਸ਼ਬਦ ਵਿਚਲੀ 'ਜੈਸਚਰ' ਜਾਂ ਆਨੰਦਵਰਧਨ ਅਨੁਸਾਰ 'ਧੁਨੀ' ਹੈ ਜਿਸ ਨੂੰ ਕਵੀ ਸ਼ਬਦਾਂ ਦੇ ਕਾਵਿਕ ਪ੍ਰਯੋਗ ਰਾਹੀਂ ਸਿਰਜਦਾ ਹੈ।

ਉਪਰੋਕਤ ਕਾਵਿ-ਸਿਧਾਂਤਾਂ ਤੋਂ ਛੁੱਟ ਬਲੈਕਮਰ ਦੇ ਸਾਹਿਤ-ਆਲੋਚਨਾ ਸੰਬੰਧੀ ਵਿਚਾਰ ਮੁਖ ਤੌਰ 'ਤੇ ਉਸਦੇ ਤਿੰਨ ਲੇਖਾਂ 'A Critic's Job of Work, Enobling Act of Criticism ਅਤੇ A Burden for Critics ਵਿਚ ਮਿਲਦੇ ਹਨ। ਇਨ੍ਹਾਂ ਵਿਚੋਂ ਪਹਿਲੇ ਲੇਖ ਵਿਚ ਉਸ ਦਾ ਜ਼ੋਰ ਇਸ ਗੱਲ ਉਤੇ ਹੈ ਕਿ ਸਾਹਿਤ ਸੰਬੰਧੀ ਕੋਈ ਇਕ ਪਹੁੰਚ ਆਖ਼ਰੀ ਅਤੇ ਸੰਪੂਰਨ ਪਹੁੰਚ ਨਹੀਂ ਹੁੰਦੀ। ਆਲੋਚਕ ਨੂੰ ਕਿਸੇ ਇਕ ਪਹੁੰਚ ਤਕ ਸੀਮਿਤ ਨਹੀਂ ਰਹਿਣਾ ਚਾਹੀਦਾ ਅਤੇ ਨਾ ਹੀ ਉਹ ਸ਼ਾਇਦ ਅਜਿਹਾ ਕਰ ਸਕਦਾ ਹੈ। ਸਾਹਿਤ ਲਈ ਕੋਈ ਵੀ ਤਰਕਸੰਗਤ ਪਹੁੰਚ ਸਾਰਥਕ ਹੋ ਸਕਦੀ ਹੈ, ਅਤੇ ਕਿਸੇ ਵੀ ਉਸ ਪਹੁੰਚ ਨੂੰ ਆਲੋਚਨਾਤਮਕ ਕਿਹਾ ਜਾ ਸਕਦਾ ਹੈ ਜਿਹੜੀ ਖੁਦ ਸਾਹਿਤਕ ਕਿਰਤ ਦੇ ਕਿਸੇ ਇਕ ਪੱਖ ਜਾਂ ਨੁਕਤੇ ਉਤੇ ਕੇਂਦ੍ਰਿਤ ਹੋਵੇ। ਕਾਵਿ ਆਪਣੇ ਸਥੂਲ ਰੂਪ ਵਿਚ 'ਜੀਵਿਆ' ਹੋਇਆ ਜੀਵਨ ਨਹੀਂ ਹੁੰਦਾ ਸਗੋਂ 'ਸਿਰਜਿਆ' ਗਿਆ ਜੀਵਨ ਹੁੰਦਾ ਹੈ। ਇਸ ਲਈ ਕਾਵਿ ਦੀ ਆਲੋਚਨਾ ਉਨ੍ਹਾਂ ਤੱਤਾਂ 'ਤੇ ਆਧਾਰਤ ਹੋਣੀ ਚਾਹੀਦੀ ਹੈ ਜਿਨ੍ਹਾਂ ਕਾਰਨ ਉਹ ਜੀਵੇ ਜਾਣ ਵਾਲੇ ਜੀਵਨ ਤੋਂ ਵੱਖਰੇ 'ਸਿਰਜੇ' ਹੋਏ ਜੀਵਨ ਦਾ ਰੂਪ ਇਖ਼ਤਿਆਰ ਕਰਦਾ ਹੈ। ਅਰਥਾਤ ਉਸ ਦੇ ਰੂਪ-ਪੱਖ ਅਤੇ ਇਸ ਨਾਲ ਸੰਬੰਧਿਤ ਅਰਥ ਨੂੰ ਹੀ ਆਲੋਚਨਾ ਦਾ ਆਧਾਰ ਬਣਾਉਣਾ ਚਾਹੀਦਾ ਹੈ। ਆਲੋਚਕ ਲਈ ਜ਼ਰੂਰੀ ਹੈ ਕਿ ਕਾਵਿ-ਕਿਰਤ ਦੇ ਉਨ੍ਹਾਂ ਪੱਖਾਂ, ਜਿਨ੍ਹਾਂ ਬਾਰੇ ਜਾਂ ਤਾਂ ਉਹ ਆਪ ਜਾਂ ਲੇਖਕ ਪ੍ਰਤਿਬੱਧ ਹੋਵੇ, ਉਨ੍ਹਾਂ ਦੇ ਵਿਸ਼ਲੇਸ਼ਣ ਜਾਂ ਅਧਿਐਨ ਉਤੇ ਹੀ ਜ਼ੋਰ ਨਾ ਦੇਵੇ। ਹਰ ਸਾਹਿਤ ਦਾ ਇਕ ਅਪ੍ਰਤੱਖ ਉਦੇਸ਼ ਜ਼ਰੂਰ ਹੁੰਦਾ ਹੈ। ਆਲੋਚਕ ਦਾ ਵੀ ਉਹੋ ਜਾਂ ਹੋਰ ਉਦੇਸ਼ ਹੋ ਸਕਦਾ ਹੈ। ਇਸ ਲਈ ਆਲੋਚਕ ਨੂੰ ਧਿਆਨ ਰਖਣਾ ਚਾਹੀਦਾ ਹੈ ਕਿ ਲੇਖਕ ਜਾਂ ਉਸ ਦਾ ਆਪਣਾ ਅਜਿਹਾ ਉਦੇਸ਼ ਸਾਹਿਤਕ ਕਿਰਤ ਨੂੰ ਇਕ ਕਲਾ-ਕ੍ਰਿਤ ਵਾਂਗ ਸਮਝਣ ਲਈ ਅਸਾਰਥਕ ਨਾ ਹੋ ਜਾਵੇ। ਦੂਸਰੇ ਇਹ ਕਿ ਉਹ ਉਦੇਸ਼ ਜਿਹੜਾ ਜਾਂ ਤਾਂ ਆਲੋਚਕ ਇਕ ਕਿਰਤ ਵਿਚ ਸਵੀਕਾਰ ਕਰਦਾ ਹੋਵੇ ਜਾਂ ਲੇਖਕ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇ, ਹੀ ਅੰਤਿਮ ਜਾਂ ਇਕੋ ਉਦੇਸ਼



ਨਹੀਂ ਹੁੰਦਾ ਅਤੇ ਤੀਸਰੇ, ਆਲੋਚਕ ਕਾਵਿ-ਕਿਰਤ ਨੂੰ ਸੁਤੰਤਰ ਰੂਪ ਵਿਚ ਕਿਸੇ ਮਨੋਰਥ ਤੋਂ ਮੁਕਤ ਕੇਵਲ ਕਾਵਿ-ਕਿਰਤ ਵਜੋਂ ਅਧਿਐਨ ਕਰਨ ਲਈ ਤਿਆਰ ਹੋਵੇ। ਇਉਂ ਆਲੋਚਕ ਦਾ ਕਰਤੱਵ ਸਾਹਿਤ ਦੇ ਉਨ੍ਹਾਂ ਪੱਖਾਂ ਦਾ ਅਧਿਐਨ ਜਾਂ ਵਿਸ਼ਲੇਸ਼ਣ ਹੈ ਜਿਹੜੇ ਉਸ ਦੀ ਪ੍ਰਤਿਬੱਧਤਾ ਤੋਂ ਬਾਹਰੇ ਜਾਂ ਮੁਕਤ ਹੋਣ। ਦੂਸਰੇ ਸ਼ਬਦਾਂ ਵਿਚ ਕੇਵਲ ਸ਼ੁੱਧ ਸੁਹਜ-ਬੋਧ ਅਤੇ ਨੈਤਿਕ ਬੋਧ ਹੀ ਆਲੋਚਨਾ ਦਾ ਆਧਾਰ ਬਣ ਸਕਦੇ ਹਨ। ਬਲੈਕਮਰ ਅਨੁਸਾਰ ਕਿਸੇ ਸਾਹਿਤਕ ਕਿਰਤ ਵਿਚਲੇ ਦਾਰਸ਼ਨਿਕ, ਜੀਵਨੀਗਤ, ਜਾਂ ਰਾਜਨੀਤਕ ਪੱਖਾਂ ਦਾ ਅਧਿਐਨ (ਇਸ ਲਈ ਉਹ ਤਿੰਨਾਂ ਆਲੋਚਕਾਂ ਦੀਆਂ ਅਜਿਹੀਆਂ ਕਿਰਤਾਂ ਦਾ ਹਵਾਲਾ ਦਿੰਦਾ ਹੈ) ਆਪਣੇ ਆਪ ਵਿਚ ਤਿੰਨ ਚੰਗੇ ਉਦੇਸ਼ਾਂ ਨਾਲ ਸੰਬੰਧਿਤ ਤਾਂ ਹੋ ਸਕਦਾ ਹੈ ਪਰ ਅਜਿਹੀ ਆਲੋਚਨਾ ਸ਼ੁੱਧ ਸਾਹਿਤਕ ਆਲੋਚਨਾ ਦੇ ਘੇਰੇ ਵਿਚ ਨਹੀਂ ਰਖੀ ਜਾ ਸਕਦੀ। ਪਰ ਇਸ ਦੇ ਨਾਲ ਬਲੈਕਮਰ ਅਨੁਸਾਰ ਕਿਸੇ ਅਪ੍ਰਤੱਖ ਉਦੇਸ਼ ਤੋਂ ਮੁਕਤ ਆਲੋਚਨਾ ਵੀ ਕਿਰਤ ਦੇ ਦੋ ਹੋਰ ਮਹੱਤਵਪੂਰਣ ਪੱਖਾਂ ਦੀ ਕੀਮਤ 'ਤੇ ਕੇਵਲ ਕੁਝ ਇਕ ਪੱਖਾਂ 'ਤੇ ਹੀ ਜ਼ੋਰ ਦੇ ਸਕਦੀ ਹੈ। ਅਜਿਹੀ ਆਲੋਚਨਾ ਕਿਰਤ ਦੇ ਹੱਡਮਾਸ ਦੇ ਸੰਪੂਰਨ ਸਜਿੰਦ ਢਾਂਚੇ ਦੀ ਥਾਂ ਕੇਵਲ ਉਸ ਦਾ ਪਿੰਜਰ ਹੀ ਪੇਸ਼ ਕਰਦੀ ਹੈ। ਨਤੀਜੇ ਵਜੋਂ ਉਹ ਆਲੋਚਨਾ ਲਈ ਆਪਣੇ ਦ੍ਰਿਸ਼ਟੀਕੋਣ ਦੇ ਤਿੰਨ ਮੁੱਖ ਆਧਾਰ ਮਿਥਦਾ ਹੈ। ਪਹਿਲਾ ਤਕਨੀਕ ਦੇ ਆਧਾਰ 'ਤੇ ਕਾਵਿ-ਕਿਰਤ ਦਾ ਅਧਿਐਨ (ਤਕਨੀਕ, ਸ਼ਬਦਾਂ ਤੋਂ ਲੈ ਕੇ, ਜਜ਼ਬਿਆਂ ਅਤੇ ਵਿਵੇਕ ਦੇ ਪੈਟਰਨ ਅਤੇ ਜੀਵਨ ਦੇ ਬੁਨਿਆਦੀ ਦ੍ਰਿਸ਼ਟੀਕੋਣ ਨੂੰ ਤਰਤੀਬਬੱਧ ਕਰਨ ਅਤੇ ਪੇਸ਼ ਕਰਨ ਦੇ ਅਰਥਾਂ ਵਿਚ) ਦੂਸਰੇ ਹੋਰ ਸਾਰੀਆਂ ਪਹੁੰਚਾਂ ਨੂੰ ਇਸ ਦੇ ਪੂਰਕ ਵਸੋਂ ਵਰਤਣਾ ਅਤੇ ਤੀਸਰੇ, ਨਤੀਜੇ ਵਜੋਂ ਕਿਸੇ ਇਕ ਪਹੁੰਚ ਦੀ ਥਾਂ ਸ ਹਿਤ ਸਬੰਧੀ ਇਕ ਸਹਿਕਾਰੀ ਪਹੁੰਚ ਅਪਣਾਉਣੀ।

'A Burden For Critics' ਲੇਖ ਵਿਚ ਬਲੈਕਮਰ ਅਜੋਕੇ ਯੁਗ ਵਿਚ ਆਲੋਚਨਾ ਦੀ ਮੁਖ ਜ਼ਿੰਮੇਦਾਰੀ ਸਮਾਜ ਅਤੇ ਕਲਾਵਾਂ ਵਿਚ ਪੁੱਲ ਵਾਂਗ ਕੰਮ ਕਰਦਿਆਂ ਇਨ੍ਹਾਂ ਵਿਚਲੇ ਪਾੜੇ ਨੂੰ ਦੂਰ ਕਰਨਾ ਮਿਥਦਾ ਹੈ। ਜਿਸ ਵਿਚ ਇਕ ਪਾਸੇ ਪਾਠਕ/ਸ੍ਰੋਤਿਆਂ ਨੂੰ ਉਨ੍ਹਾਂ ਦੇ ਯੁਗ ਦੀ ਕਲਾ ਦੇ ਹਾਣੀ ਬਣਾਉਣਾ ਅਤੇ ਦੂਜੇ ਪਾਸੇ ਕਲਾ ਨੂੰ ਕਲਾਕਾਰ ਦੇ ਹਾਣੀ ਹੋਣ ਦੀ ਜ਼ਿੰਮੇਦਾਰੀ ਨਿਭਾਉਣੀ ਜ਼ਰੂਰੀ ਹੈ। ਆਲੋਚਨਾ ਸਾਨੂੰ ਜੋ ਕੁਝ ਅਸੀਂ ਕਰ ਚੁਕੇ ਹਾਂ, ਦੇ ਨਾਲ ਨਾਲ ਜੋ ਕੁਝ ਅਗੇ ਹੋਰ ਜਾਂ ਦੁਬਾਰਾ ਹੋ ਸਕਦਾ ਹੈ, ਉਸ ਪ੍ਰਤਿ ਸੁਚੇਤ ਕਰਦੀ ਹੈ। ਬਲੈਕਮਰ ਅਨੁਸਾਰ ਵਿਸ਼ਲੇਸ਼ਣ, ਵਿਆਖਿਆ ਅਤੇ ਟਾਕਰੇ ਤੋਂ ਛੁੱਟ ਇਸ ਦੌਰ ਵਿਚ ਆਲੋਚਨਾ ਦਾ ਮੁਖ ਕਰਤਵ ਨਿਰਣਾ/ਮੁੱਲਾਂਕਣ ਕਰਨਾ ਹੈ। ਕਿਸੇ ਆਲੋਚਕ ਦੀ ਨਿਰਣਾ-ਸ਼ਕਤੀ ਜਾਂ ਮੁੱਲਾਂਕਣ ਦੀ ਸ਼ਕਤੀ ਹੀ ਉਸ ਦੀ ਵਿਕੋਲਿਤਰੀ, ਸ਼ਖਸੀਅਤ ਦਾ ਪਛਾਣ-ਚਿੰਨ੍ਹ ਹੁੰਦੀ ਹੈ। ਬਲੈਕਮਰ ਕਲਾ ਵਿਚ ਜਿਸ ਤੱਤ ਦੀ ਮਹਿਮਾ ਸਥਾਪਤ ਕਰਨੀ ਚਾਹੁੰਦਾ ਹੈ, ਉਹ ਕਲਾ ਵਿਚਲੀ ਤਰਕਸੰਗਤ ਵਸਤੂ, ਕਥਨ ਜਾਂ ਤਕਨੀਕ ਹੈ।

ਕਾਵਿ ਦੀ ਹੋਂਦ-ਵਿਧੀ ਬਾਰੇ ਇਵੌਰ ਵਿੰਟਰਜ਼ ਦਾ ਦ੍ਰਿਸ਼ਟੀਕੋਣ ਅਮਰੀਕਾ ਦੀ 'ਨਵੀਨ ਆਲੋਚਨਾ' ਦੇ ਸਕੂਲ ਨਾਲ ਸੰਬੰਧਤ ਹੋਰ ਆਲੋਚਕਾਂ, ਵਿਸ਼ੇਸ਼ ਕਰਕੇ ਜੇ. ਸੀ. ਰੈਨਸਮ ਅਤੇ ਕਲਿੰਥ ਬਰੁਕਸ ਨਾਲੋਂ ਭਿੰਨ ਹੈ। ਉਹ ਕਾਵਿ-ਸਬੰਧੀ ਉਪਦੇਸ਼ਾਤਮਕ (didactic), ਆਨੰਦਵਾਦੀ (hedonistic) ਅਤੇ ਰੋਮਾਂਟਕ ਸਿੱਧਾਂਤਾਂ ਨੂੰ ਅਸਵੀਕਰ ਕਰਦਾ ਹੋਇਆ ਕੇਵਲ ਕਾਵਿ ਵਿਚ ਪੇਸ਼ ਹੋ ਰਹੇ ਜਜ਼ਬੇ ਨੂੰ ਪ੍ਰਗਟ ਕਰਨ ਵਾਲੀ ਤਰਕਮਈ ਬਣਤਰ ਜਾਂ ਕਥਨ ਅਤੇ ਕਾਵਿ ਦੀ ਨੈਤਿਕ ਸਾਰਥਕਤਾ ਨੂੰ ਹੀ ਆਪਣੇ ਕਾਵਿ-ਸਿੱਧਾਂਤ ਦਾ ਮੂਲ ਧੁਰਾ ਮੰਨਦਾ ਹੈ। ਉਸ ਅਨੁਸਾਰ ਕਵਿਤਾ ਕਿਸੇ ਮਨੁਖੀ ਅਨੁਭਵ ਬਾਰੇ ਇਕ ਭਾਸ਼ਾਈ ਕਥਨ ਹੁੰਦਾ ਹੈ ਜਿਸ ਦਾ ਆਧਾਰ ਸ਼ਬਦ ਹੁੰਦੇ ਹਨ। ਸ਼ਬਦ

ਭਾਵੇਂ ਮੁੱਖ ਤੌਰ 'ਤੇ ਸੰਕਲਪਾਂ ਨੂੰ ਪ੍ਰਗਟ ਕਰਦੇ ਹਨ, ਪਰ ਕਿਉਂਕਿ ਮਨੁਖੀ ਅਨੁਭਵ ਕੇਵਲ ਸੰਕਲਪ ਨਹੀਂ ਹੁੰਦਾ ਅਤੇ ਦੂਸਰੇ, ਸ਼ਬਦ ਵਰਤੋਂ ਦੌਰਾਨ ਵਿਸ਼ੇਸ਼ ਮਨੁੱਖੀ ਜਜ਼ਬਿਆਂ ਨਾਲ ਜੁੜ ਜਾਂਦੇ ਹਨ ਇਸ ਲਈ ਹਰ ਸ਼ਬਦ ਇਕ ਸੰਕਲਪ ਹੋਣ ਦੇ ਨਾਲ ਨਾਲ ਇਕ ਜਜ਼ਬੇ ਦਾ ਉਤੇਜਕ ਵੀ ਹੁੰਦਾ ਹੈ। ਇਸ ਜਜ਼ਬੇ ਦੀ ਹੋਂਦ, ਸਬੰਧਤ ਸੰਕਲਪ ਉਤੇ ਨਿਰਭਰ ਹੁੰਦੀ ਹੈ। ਜਦੋਂ ਅਸੀਂ ਭਾਸ਼ਾ ਦੀ ਵਰਤੋਂ ਕਰਦੇ ਹਾਂ ਤਾਂ ਇਹ ਸੰਕਲਪ ਹੀ ਹੁੰਦੇ ਹਨ ਜਿਹੜੇ ਵਿਸ਼ੇਸ਼ ਜਜ਼ਬਿਆਂ ਨੂੰ ਜਗਾਉਂਦੇ ਹਨ। ਨਤੀਜੇ ਵਜੋਂ ਕਵਿਤਾ ਦੀ ਹੋਂਦ-ਵਿਧੀ ਦੇ ਮੂਲ ਆਧਾਰ ਉਸ ਦੀ ਤਰਕਮਈ ਬਣਤਰ, ਜਿਹੜੀ ਸ਼ਬਦਾਂ ਦੇ ਸੰਕਲਪ ਪੱਖ ਤੋਂ ਪੈਦਾ ਹੁੰਦੀ ਹੈ, ਅਤੇ ਉਸ ਤੋਂ ਪੈਦਾ ਹੋਣ ਵਾਲੇ ਜਜ਼ਬੇ ਹੀ ਹੁੰਦੇ ਹਨ। ਕਵਿਤਾ ਵਿਚਲੇ ਸ਼ਬਦਾਂ ਦੇ ਸੰਕਲਪ ਮਿਲ ਕੇ ਇਕ ਤਰਕਮਈ ਬਣਤਰ ਸਿਰਜਦੇ ਹਨ ਅਤੇ ਇਹ ਤਰਕਮਈ ਬਣਤਰ ਹੀ ਕਵਿਤਾ ਵਿਚ ਪੇਸ਼ ਹੋ ਰਹੇ ਜਜ਼ਬੇ ਦੇ ਪ੍ਰਗਟਾ ਦਾ ਮਾਧਿਅਮ ਹੁੰਦੀ ਹੈ। ਇਸੇ ਲਈ ਹੀ ਇਕ ਕਵਿਤਾ ਦੀ ਸਫਲਤਾ ਉਸ ਦਾ ਕਿਸੇ ਮਨੁੱਖੀ ਅਨੁਭਵ ਬਾਰੇ ਅਜਿਹਾ ਵਿਵੇਕਮਈ ਕਥਨ ਹੋਣ ਵਿਚ ਹੈ ਜਿਹੜਾ ਅਗੋਂ ਸਬੰਧਤ ਅਨੁਭਵ ਦੀ ਵਿਵੇਕਮਈ ਸੂਝ ਰਾਹੀਂ ਪ੍ਰੇਰਿਤ ਹੋ ਰਹੇ ਜਜ਼ਬੇ ਨੂੰ ਵੀ ਪ੍ਰਗਟ ਕਰ ਰਿਹਾ ਹੁੰਦਾ ਹੈ। ਦੂਸਰੇ ਸ਼ਬਦਾਂ ਵਿਚ, ਵਿੰਟਰਜ਼ ਅਨੁਸਾਰ ਹਰ ਸਾਹਿਤਕ-ਰਚਨਾ, ਵਸਤੂ ਦੀ ਵਿਵੇਕਮਈ ਪਕੜ ਦੇ ਨਾਲ ਢੁਕਵੇਂ ਜਜ਼ਬੇ ਨੂੰ ਪ੍ਰਗਟ ਕਰਨ ਲਈ ਵੀ ਯਤਨਸ਼ੀਲ ਹੁੰਦੀ ਹੈ। ਕਵੀ ਆਪਣੇ ਅਨੁਭਵ ਨੂੰ ਵਿਵੇਕਮਈ-ਢੰਗ ਨਾਲ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਇਸ ਸਮਝ ਨੂੰ ਉਹ ਸ਼ਬਦਾਂ ਦੇ ਮਾਧਿਅਮ ਰਾਹੀਂ, ਜਜ਼ਬੇ ਦੇ ਰੂਪ ਵਿਚ ਪੇਸ਼ ਕਰਦਾ ਹੈ। ਇਸ ਤਰ੍ਹਾਂ ਕਵਿਤਾ ਵਿਚਲਾ ਵਿਵੇਕਮਈ ਕਥਨ/ਬਣਤਰ/ਸਰਲ ਅਰਥ ਉਸ ਰਾਹੀਂ ਪੇਸ਼ ਹੋ ਰਹੇ ਮਨੁੱਖੀ ਅਨੁਭਵ ਜਾਂ ਜਜ਼ਬੇ ਦਾ ਮਾਧਿਅਮ ਬਣ ਜਾਂਦਾ ਹੈ। ਰੈਨਸਮ ਅਤੇ ਬਰੁਕਸ ਨਾਲ ਵਿੰਟਰਜ਼ ਦੀ ਇਸੇ ਨੁਕਤੇ 'ਤੇ ਟੱਕਰ ਹੈ। ਜਿਥੇ ਰੈਨਸਮ ਅਤੇ ਬਰੁਕਸ ਕ੍ਰਮਵਾਰ ਵਿਵੇਕਮਈ ਬਣਤਰ ਅਤੇ ਸਰਲ ਅਰਥ ਨੂੰ ਕਵਿਤਾ ਦੀ ਹੋਂਦ-ਵਿਧੀ ਵਿਚ ਕੋਈ ਮਹੱਤਵ ਨਹੀਂ ਦੇਂਦੇ, ਉਥੇ ਵਿੰਟਰਜ਼ ਵਿਵੇਕਮਈ ਬਣਤਰ ਜਾਂ ਸਰਲ ਅਰਥ ਨੂੰ ਉਨਾ ਹੀ ਮਹੱਤਵ ਦੇਂਦਾ ਹੈ ਜਿੰਨਾ ਰੈਨਸਮ 'ਬਣਤਰ' ਨੂੰ ਅਤੇ ਬਰੁਕਸ 'ਵਿਅੰਗ', 'ਵਿਰੋਧਾਭਾਸ', ਜਾਂ 'ਵਿਟ' ਆਦਿ ਨੂੰ। ਵਿੰਟਰਜ਼ ਦੇ ਇਸ ਦ੍ਰਿਸ਼ਟੀਕੋਨ ਅਨੁਸਾਰ ਕਵਿਤਾ ਵਿਚ ਇਕ ਤਰਕਮਈ ਬਣਤਰ ਹੋਣ ਦੀ ਜ਼ਰੂਰਤ ਬੁਨਿਆਦੀ ਤੌਰ 'ਤੇ ਇਸੇ ਕਰਕੇ ਹੈ ਕਿ ਕਵਿਤਾ ਵਿਚ ਜਜ਼ਬਿਆਂ ਨੂੰ ਇਸੇ ਬਣਤਰ ਰਾਹੀਂ ਹੀ ਨਿਯੰਤ੍ਰਿਤ ਕੀਤਾ ਜਾ ਸਕਦਾ ਹੈ। ਇਸੇ ਲਈ ਕਵਿਤਾ ਦੀ ਸਫਲਤਾ ਦਾ ਮਾਪਦੰਡ ਵੀ ਇਹੋ ਹੈ ਕਿ ਉਸ ਦਾ ਆਮ ਵਿਧੀ ਰਾਹੀਂ ਸਰਲ ਅਰਥ ਕੀਤਾ ਜਾ ਸਕਦਾ ਹੈ ਜਾਂ ਨਹੀਂ। ਇਸ ਪ੍ਰਤਿ ਕਵੀ ਚੇਤਨ ਹੁੰਦਾ ਹੈ ਕਿ ਉਸ ਨੇ ਆਪਣੇ ਜਜ਼ਬੇ ਨੂੰ ਕਿਸ ਵਿਵੇਕਮਈ ਬਣਤਰ ਨਾਲ ਕਿਵੇਂ ਜੋੜਨਾ ਹੈ। ਜੇ ਉਹ ਅਜਿਹਾ ਕਰਨ ਵਿਚ ਅਸਫਲ ਰਹਿੰਦਾ ਹੈ ਤਾਂ ਇਹ ਉਸ ਦੀ ਨੈਤਿਕ ਅਸਫਲਤਾ ਹੈ। ਇਸੇ ਆਧਾਰ 'ਤੇ ਹੀ ਉਹ ਟੀ. ਐਸ. ਇਲੀਅਟ ਵਰਗੇ ਕਵੀ ਦੀ ਆਲੋਚਨਾ ਕਰਦਾ ਹੈ ਕਿ ਉਹ ਅਕਸਰ ਆਪਣੇ ਯੁਗ ਦੀ ਬੇਤਰਤੀਬੀ ਅਤੇ ਬੇਸੁਰੇਪਣ ਨੂੰ ਪੇਸ਼ ਕਰਨ ਵਿਚ ਹੀ ਸੰਤੁਸ਼ਟ ਹੋ ਜਾਂਦਾ ਹੈ। ਜਦੋਂ ਕਿ ਚਾਹੀਦਾ ਇਹ ਹੈ ਕਿ ਕਵੀ ਉਸ ਅਨੁਭਵ ਨਾਲ ਇਕਸੁਰ ਹੋ ਕੇ ਉਸ ਉਤੇ ਪੂਰਾ ਅਧਿਕਾਰ ਜਮਾਉਂਦਿਆਂ ਉਸ ਦਾ ਮੁੱਲਾਂਕਣ ਕਰ ਸਕਦਾ ਹੋਵੇ। ਇਸ ਦੀ ਥਾਂ ਇਲੀਅਟ ਅਕਸਰ ਆਪਣੇ ਅਨੁਭਵ ਦਾ ਕੇਵਲ ਸ਼ੀਸ਼ੇ ਵਾਲਾ ਅਕਸ ਹੀ ਪੇਸ਼ ਕਰਦਾ ਸੀ। ਇਸੇ ਨੂੰ ਵਿੰਟਰਜ਼ ਅਨੁਕਰਣਮਈ ਜਾਂ ਪ੍ਰਗਟਾਮਈ ਰੂਪ ਦਾ ਭਰਮ-ਜਾਲ ਆਖਦਾ ਹੈ। ਇਸ ਦੇ ਨਾਲ ਹੀ ਕਵਿਤਾ ਵਿਚ ਪੇਸ਼ ਹੋ ਰਹੇ ਜਜ਼ਬੇ ਨੂੰ ਪ੍ਰੇਰਿਤ ਜਾਂ ਨਿਯੰਤ੍ਰਿਤ ਕਰਨ ਵਾਲੀ ਇਹੋ ਵਿਵੇਕਮਈ-ਵਸਤੂ ਜਾਂ ਬਣਤਰ ਕਵਿਤਾ ਦੇ



ਨੈਤਿਕ ਝੁਕਾਉ ਦਾ ਆਧਾਰ ਹੁੰਦੀ ਹੈ। ਇਸੇ ਲਈ ਉਸ ਦੇ ਕਾਵਿ-ਸਿੱਧਾਂਤ ਦਾ ਦੂਸਰਾ ਕੇਂਦਰੀ ਨੁਕਤਾ ਕਵਿਤਾ ਦਾ ਨੈਤਿਕ ਪੱਖ ਹੈ। ਨੈਤਿਕ ਮਹੱਤਵ ਹੀ, ਵਿੰਟਰਜ਼ ਅਨੁਸਾਰ, ਕਵਿਤਾ ਦਾ ਇਕੋ ਇਕ ਮੂਲ ਮਨੋਰਥ ਜਾਂ ਮੁੱਲ ਹੈ। ਕਵਿਤਾ ਦੀ ਸਾਰਥਕਤਾ ਉਸ ਦੇ ਨੈਤਿਕ ਪੱਖ ਵਿਚ ਹੋਣ ਕਰਕੇ ਹੀ ਵਿੰਟਰਜ਼ ਕਵਿਤਾ ਦਾ ਪ੍ਰਯੋਜਨ ਮਨੁੱਖ ਦੇ ਨੈਤਿਕ ਸੁਭਾ ਨੂੰ ਅਮੀਰ ਬਣਾਉਣਾ ਮੰਨਦਾ ਹੈ।

ਸਾਹਿਤ ਆਲੋਚਨਾ ਸੰਬੰਧੀ ਵਿੰਟਰਜ਼ ਦਾ ਦ੍ਰਿਸ਼ਟੀਕੋਣ ਵੀ ਉਪਰੋਕਤ ਦੋ ਬੁਨਿਆਦੀ ਨੁਕਤਿਆਂ ਉਪਰ ਹੀ ਆਧਾਰਿਤ ਹੈ ਜਿਹੜਾ ਉਸ ਨੇ ਆਪਣੇ ਲੇਖ '**The Function of Criticism**' ਵਿਚ ਸਪਸ਼ਟ ਕੀਤਾ ਹੈ। ਉਪਰੋਕਤ ਵਿਚਾਰਾਂ ਨੂੰ ਹੀ ਦੁਹਰਾਉਂਦਾ ਹੋਇਆ ਉਹ ਕਲਾਤਮਕ ਪ੍ਰਕ੍ਰਿਆ ਨੂੰ ਮਨੁਖੀ ਅਨੁਭਵ ਦਾ ਨੈਤਿਕ ਮੁੱਲਾਂਕਣ ਕਹਿੰਦਾ ਹੈ ਜਿਸ ਕਰਕੇ ਕਵੀ ਦਾ ਕਾਰਜ ਇਕ ਨੈਤਿਕ ਫ਼ੈਸਲੇ ਦਾ ਕਾਰਜ ਹੈ ਅਤੇ ਸਾਹਿਤਕ ਕਿਰਤ ਮਨੁਖੀ ਅਨੁਭਵ ਦਾ ਵਿਵੇਕਮਈ ਅਤੇ ਭਾਵਮਈ ਨੈਤਿਕ ਮੁੱਲਾਂਕਣ ਹੈ। ਨਤੀਜੇ ਵਜੋਂ ਆਲੋਚਨਾ ਦਾ ਬੁਨਿਆਦੀ ਫ਼ਰਜ਼ ਸਾਹਿਤ ਦਾ ਨੈਤਿਕ ਮੁੱਲਾਂਕਣ ਕਰਨਾ ਹੈ ਕਿਉਂਕਿ ਵਿੰਟਰਜ਼ ਅਨੁਸਾਰ ਸਾਹਿਤਕ ਕਿਰਤ ਵਿਸ਼ੇਸ਼ ਪ੍ਰਕਾਰ ਦੇ ਬਾਹਰਮੁਖੀ ਸੱਚ ਨੂੰ ਪਕੜਦੀ ਅਤੇ ਉਸ ਦਾ ਪ੍ਰਗਟਾ ਕਰਦੀ ਹੈ। ਇਸੇ ਲਈ ਉਹ ਇਕ ਤਰ੍ਹਾਂ ਨਾਲ ਕਵਿਤਾ ਦੀ ਨੈਤਿਕ ਸਾਰਥਕਤਾ ਵਿਚੋਂ ਸੁਹਜ-ਸ਼ਾਸਤ੍ਰ ਦੀ ਸਿਰਜਨਾ 'ਤੇ ਜ਼ੋਰ ਦਿੰਦਾ ਹੈ ਜਿਹੜਾ ਉਸ ਨੂੰ ਇਸ ਸਕੂਲ ਦੇ ਬਾਕੀ ਆਲੋਚਕਾਂ ਨਾਲੋਂ ਵੱਖਰਿਆਂ ਕਰਦਾ ਹੈ। ਨਾਲ ਹੀ ਬਰੁਕਸ ਅਤੇ ਵਿਮਸੈਟ ਅਨੁਸਾਰ ਵਿੰਟਰਜ਼ ਦਾ ਵਿਵੇਕਮਈ ਬਣਤਰ 'ਤੇ ਜ਼ੋਰ ਉਸ ਨੂੰ ਵਿਚਾਰਾਂ ਵਿਚ ਅਸਪਸ਼ਟਤਾ,, ਅਨਿਸ਼ਚਿਤਤਾ ਅਤੇ ਧੁੰਦਲੇਪਣ ਤੋਂ ਬਚਾ ਸਕਿਆ ਹੈ, ਜਿਸ ਦਾ ਸ਼ਿਕਾਰ ਕਈ ਆਧੁਨਿਕ ਆਲੋਚਕ ਹੋਏ ਹਨ।

ਵਿਲੀਅਮ ਵਿਮਸੈਟ ਵੀ 'ਨਵੀਨ ਆਲੋਚਨਾ' ਦੇ ਘੇਰੇ ਦਾ ਅਜਿਹਾ ਆਲੋਚਕ ਹੈ ਜਿਹੜਾ ਕਲਿੰਥ ਬਰੁਕਸ ਨਾਲ ਸਾਂਝੇ ਤੌਰ 'ਤੇ ਪੱਛਮੀ ਆਲੋਚਨਾ ਦਾ ਇਤਿਹਾਸ ਲਿਖਣ ਅਤੇ ਮਨੋਰਥ-ਭਰਮ-ਜਾਲ (**intentional fallacy**) ਅਤੇ ਪ੍ਰਭਾਵ-ਭਰਮ-ਜਾਲ (**affective fallacy**) ਵਰਗੇ ਸੰਕਲਪਾਂ ਦੀ ਦੇਣ ਲਈ ਜਾਣਿਆ ਜਾਂਦਾ ਹੈ। ਡੇਵਿਡ ਮਿਲਰ ਅਨੁਸਾਰ ਵਿਮਸੈਟ ਦੀ ਪੁਸਤਕ '**The Verbal Icon**' ਕਿਸੇ ਨਵੀਂ ਕਾਢ ਜਾਂ ਨਵੇਂ ਸੰਕਲਪ ਦੀ ਥਾਂ ਪੂਰਨਤਾ ਦੇ ਨੁਕਤੇ ਤੋਂ ਮਹੱਤਵਪੂਰਨ ਹੈ ਜਿਸ ਵਿਚ ਆਲੋਚਨਾ ਦੇ ਮਹੱਤਵ ਅਤੇ ਉਸ ਦੀ ਪ੍ਰਗਤੀ ਨੂੰ ਢਾਹ ਲਾਉਣ ਵਾਲੀਆਂ ਕਮਜ਼ੋਰੀਆਂ ਦੀ ਤਕਨੀਕੀ ਵਿਆਖਿਆ ਕੀਤੀ ਗਈ ਹੈ। ਵਿਮਸੈਟ ਨੇ ਆਪਣੇ ਤੋਂ ਪੂਰਵਵਰਤੀ ਅਤੇ ਕੁਝ ਇਕ ਸਮਕਾਲੀ ਆਲੋਚਨਾ-ਪ੍ਰਣਾਲੀਆਂ ਦੀਆਂ ਦੋ ਬੁਨਿਆਦੀ ਕਮਜ਼ੋਰੀਆਂ ਨੂੰ ਆਧਾਰ ਬਣਾ ਕੇ ਉਨ੍ਹਾਂ ਨੂੰ ਦੋ ਵਰਗਾਂ ਵਿਚ ਵੰਡ ਲਿਆ ਹੈ। ਵਿਮਸੈਟ ਅਨੁਸਾਰ ਬਹੁਤੀ ਆਲੋਚਨਾ ਮਨੋਰਥ ਦੇ ਭਰਮ-ਜਾਲ ਦਾ ਸ਼ਿਕਾਰ ਹੈ ਜਿਸ ਤੋਂ ਮਤਲਬ ਕਵਿਤਾ ਅਤੇ ਇਸ ਦੇ ਪੈਦਾ ਹੋਣ ਵਾਲੇ ਸੋਮਿਆਂ ਨੂੰ ਆਪਸ ਵਿਚ ਰਲਗੱਡ ਕਰਨਾ ਹੈ। ਅਜਿਹੀ ਆਲੋਚਨਾ ਕਵਿਤਾ ਦੀ ਸਿਰਜਨਾ ਦੇ ਕਾਰਨ ਕਵੀ ਦੀ ਮਨੋਵਿਗਿਆਨਕ ਸਥਿਤੀ ਵਿਚੋਂ ਲੱਭਦੀ ਹੋਈ ਉਸ ਦੀ ਜੀਵਨੀ ਵਿਚ ਗੁਆਚ ਕੇ ਰਹਿ ਜਾਂਦੀ ਹੈ। ਜਦੋਂ ਕਿ ਕਿਸੇ ਕਵਿਤਾ ਦੀ ਸਫਲਤਾ ਮਾਪਣ ਲਈ ਕਵੀ ਦੀ ਯੋਜਨਾ ਜਾਂ ਉਸ ਦਾ ਮਨੋਰਥ ਕੋਈ ਸਹੀ ਮਿਆਰ ਨਹੀਂ ਹੈ। ਕਿਉਂਕਿ ਕਵੀ ਦਾ ਮਨੋਰਥ ਕੁਝ ਵੀ ਹੋਵੇ ਆਲੋਚਨਾ ਦੀ ਬਾਹਰਮੁਖਤਾ ਦਾ ਮਿਆਰ ਤਾਂ ਕੇਵਲ ਉਹ ਕਵਿਤਾ ਹੀ ਹੋ ਸਕਦੀ ਹੈ ਜਿਹੜੀ ਅੰਤਿਮ ਰੂਪ ਵਿਚ ਸਾਕਾਰ ਹੋ ਚੁਕੀ ਹੈ। ਕਵੀ ਕੀ ਕਹਿਣਾ ਚਾਹੁੰਦਾ ਸੀ ? ਜਾਂ ਕਵਿਤਾ ਵਿਚ ਉਸ ਦਾ ਕੀ ਮੰਤਵ ਹੈ ? ਇਹ ਪ੍ਰਸ਼ਨ ਕਿਸੇ ਰਚਨਾ ਦੇ ਬਾਹਰਮੁਖੀ ਵਿਗਿਆਨਕ ਆਲੋਚਨਾਤਮਕ ਮੁਲਾਂਕਣ ਲਈ ਨਿਰਾਰਥਕ ਹਨ।

ਦੂਸਰੀ ਕਿਸਮ ਦੀ ਆਲੋਚਨਾ ਪ੍ਰਭਾਵ ਦੇ ਭਰਮ-ਜਾਲ ਵਿਚ ਫਸੀ ਹੋਈ ਹੈ ਜਿਹੜੀ ਕਵਿਤਾ ਅਤੇ ਇਸ ਦੇ ਸਿੱਟੇ ਜਾਂ ਪ੍ਰਭਾਵ ਨੂੰ ਰਲਗੱਡ ਕਰਨ ਦਾ ਸ਼ਿਕਾਰ ਹੈ ਅਰਥਾਤ ਅਜਿਹੀ ਆਲੋਚਨਾ ਕੇਵਲ ਕਵਿਤਾ ਦੇ ਪਾਠਕਾਂ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਆਪਣੇ ਅਧਿਐਨ ਦਾ ਆਧਾਰ ਬਣਾਉਂਦੀ ਹੈ। ਕਵਿਤਾ ਤੋਂ ਪੈਣ ਵਾਲੇ ਮਾਨਸਿਕ ਪ੍ਰਭਾਵਾਂ ਵਿਚ ਆਲੋਚਨਾ ਦੇ ਮਿਆਰਾਂ ਨੂੰ ਭਾਲਦੀ ਅਜਿਹੀ ਆਲੋਚਨਾ ਪ੍ਰਭਾਵਵਾਦ ਦੀ ਦਲਦਲ ਵਿਚ ਡਿੱਗ ਪੈਂਦੀ ਹੈ। ਕਿਉਂਕਿ ਕਵਿਤਾ ਤੋਂ ਪੈਣ ਵਾਲੇ ਪ੍ਰਭਾਵਾਂ ਦਾ ਅਧਿਐਨ ਜਾਂ ਤਾਂ ਕੇਵਲ ਸਰੀਰਕ-ਮਨੋਵਿਗਿਆਨਕ ਹੋਵੇਗਾ ਜਾਂ ਬਹੁਤ ਅਸਪਸ਼ਟ। ਇਨ੍ਹਾਂ ਦੋਵਾਂ ਕਿਸਮਾਂ ਦੇ ਭਰਮ-ਜਾਲਾਂ ਦਾ ਕੁਦਰਤੀ ਸਿੱਟਾ ਇਹ ਹੁੰਦਾ ਹੈ ਕਿ ਕਵਿਤਾ ਆਪਣੇ ਆਪ ਵਿਚ ਵਿਸ਼ੇਸ਼ ਆਲੋਚਨਾਤਮਕ ਮੁਲਾਂਕਣ ਦੀ ਵਸਤੂ ਵਜੋਂ ਗੁਆਚ ਜਾਂਦੀ ਹੈ ਅਤੇ ਇਉਂ ਆਲੋਚਕ ਦੇ ਸਮੁਚੇ ਕਾਰਜ ਦਾ ਆਧਾਰ ਕਵਿਤਾ ਦੀ ਥਾਂ ਕੋਈ ਹੋਰ ਵਸਤੂ ਹੋ ਨਿਬੜਦੀ ਹੈ। ਮਨੋਰਥ ਦੇ ਭਰਮ-ਜਾਲ ਵਿਚ ਫਸਿਆਂ ਆਲੋਚਕ ਕਵਿਤਾ ਨੂੰ ਛੱਡ ਕੇ ਕਵੀ ਦੇ ਅਧਿਐਨ ਤਕ ਸੀਮਿਤ ਹੋ ਜਾਂਦਾ ਹੈ ਅਤੇ ਪ੍ਰਭਾਵ ਦੇ ਭਰਮ-ਜਾਲ ਵਿਚ ਗ੍ਰਸਿਆ ਆਲੋਚਕ ਕਵਿਤਾ ਦੀ ਥਾਂ ਪਾਠਕ ਨੂੰ ਆਪਣੇ ਅਧਿਐਨ ਦਾ ਕੇਂਦਰ ਬਣਾ ਬੈਠਦਾ ਹੈ।

ਇਸ ਪਿਛੋਕੜ ਵਿਚ ਵਿਮਸੈਟ ਕਵਿਤਾ ਧੁੰਦਲੇ ਅਸਥੂਲ ਨੂੰ ਇੱਛਤ ਅਰਥ ਦੀ ਥਾਂ ਸਥੂਲ ਰੂਪ ਵਿਚ ਪੇਸ਼ ਕੀਤੇ ਅਰਥ ਦੀ ਸੰਪੂਰਨਤਾ ਵਜੋਂ ਪਰਿਭਾਸ਼ਾ-ਬੱਧ ਕਰਦਾ ਹੋਇਆ ਸ਼ਾਬਦਿਕ ਠੋਸ ਵਸਤੂ ਅਤੇ ਉਸ ਦੀ ਵਿਆਖਿਆ ਨੂੰ ਆਲੋਚਨਾ ਦਾ ਅਸਲ ਖੇਤਰ ਨਿਰਧਾਰਿਤ ਕਰਦਾ ਹੈ। ਅਤੇ ਵਿਆਖਿਆ ਰਾਹੀਂ ਮੁੱਲਾਂਕਣ ਨੂੰ ਆਲੋਚਨਾ ਦਾ ਮੁੱਖ ਮੰਤਵ ਸਵੀਕਾਰ ਕਰਦਾ ਹੈ। ਵਿਮਸੈਟ ਅਨੁਸਾਰ ਬਹੁਤੀ ਆਲੋਚਨਾਤਮਕ ਸ਼ਬਦਾਵਲੀ ਨੂੰ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। (ਇਹ ਵੰਡ ਸਮਕਾਲੀ ਪੰਜਾਬੀ ਆਲੋਚਨਾ 'ਤੇ ਪੂਰੀ ਤਰ੍ਹਾਂ ਢੁਕਦੀ ਹੈ) ਬਹੁਤੀ ਸ਼ਬਦਾਵਲੀ ਤਾਂ ਅਤਿ ਦੇ ਸਕਾਰਾਤਮਕ ਜਾਂ ਨਿਖੇਧਾਤਮਕ ਮੁੱਲਾਂਕਣ ਨਾਲ ਸਬੰਧਿਤ ਹੈ ਜਿਵੇਂ 'ਬਹੁਤ ਅੱਛੀ', 'ਸਫਲ', 'ਕਮਾਲ ਦੀ ਰਚਨਾ' ਆਦਿ। ਦੂਸਰੀ-ਕਿਸਮ ਦੀ ਆਲੋਚਨਾਤਮਕ ਸ਼ਬਦਾਵਲੀ ਦਾ ਸਬੰਧ ਨਿਰਪੱਖ ਜਾਂ ਲਗਭਗ ਤਕਨੀਕੀ ਵਿਆਖਿਆ ਵਾਲੀ ਸ਼ਬਦਾਵਲੀ ਨਾਲ ਹੈ ਜਿਵੇਂ ਕਾਵਿ, ਛੰਦ, ਕਾਫੀਆਂ, ਨਾਟਕ, ਕਿੱਸਾ ਆਦਿ। ਇਨ੍ਹਾਂ ਨਾਲ ਹੀ ਕਾਵਿ ਦੇ ਵਿਸ਼ੇ-ਵਸਤੂ ਨਾਲ ਸਬੰਧਿਤ ਸ਼ਬਦਾਵਲੀ ਵੀ ਆ ਜਾਂਦੀ ਹੈ ਜਿਵੇਂ, ਇਸ਼ਕ, ਯੁੱਧ, ਮੌਤ, ਜ਼ਿੰਦਗੀ ਆਦਿ। ਇਨ੍ਹਾਂ ਦੋ ਕਿਸਮਾਂ ਦੇ ਵਿਚਕਾਰ ਤੀਸਰੀ ਕਿਸਮ ਦੀ ਸ਼ਬਦਾਵਲੀ ਵਿਸ਼ੇਸ਼ ਕਿਸਮ ਦੇ ਮੁੱਲਾਂਕਣ ਨਾਲ ਜੁੜੀ ਹੋਈ ਹੈ ਜਿਵੇਂ 'ਸਰਲ', 'ਸਪਸ਼ਟ', 'ਸੰਖੇਪ', 'ਵਧੀਆ' ਆਦਿ। ਵਿਮਸੈਟ ਅਨੁਸਾਰ ਬਾਹਰਮੁਖੀ ਆਲੋਚਨਾ ਸਾਹਿਤਕ ਕਿਰਤ ਦੇ ਸਮੁੱਚੇ ਨੈਤਿਕ ਮੁੱਲ ਅਤੇ ਉਸ ਦੀ ਬਣਤਰ ਦੀ ਆਲੋਚਨਾ ਹੁੰਦੀ ਹੈ ਜਿਸ ਦਾ ਆਧਾਰ ਸਮੂਹਕ ਮਾਨਸਕਤਾ ਨਾਲ ਸਬੰਧਿਤ ਤੱਥ ਹੁੰਦੇ ਹਨ। ਇਹ ਤੱਥ ਕਵੀ ਜਾਂ ਪਾਠਕ ਦੇ ਮਾਨਸਕ ਤੱਥਾਂ ਤੋਂ ਵੱਖਰੇ ਹੁੰਦੇ ਹਨ। ਅਜਿਹੀ ਆਲੋਚਨਾ ਹੀ ਕਿਸੇ ਦੌਰ ਜਾਂ ਵਿਸ਼ੇਸ਼ ਮੁਹਾਵਰੇ ਦੀ ਆਲੋਚਨਾ ਦੀ ਥਾਂ ਬਾਹਰਮੁਖੀ ਅਤੇ ਨਿਰਪੇਖ ਹੋ ਸਕਦੀ ਹੈ। ਬਾਹਰਮੁਖੀ ਆਲੋਚਕ ਦਾ ਮੁਖ ਕਰਤੱਵ ਪਾਠਕ ਨੂੰ ਕਵਿਤਾ ਦੇ ਅਰਥ ਦੀ ਬਹੁਪਖਤਾ ਤੋਂ ਸੁਚੇਤ ਕਰਵਾਉਣਾ ਅਤੇ ਕਲਾਤਮਕ ਪੱਖ ਤੋਂ ਸਫਲ ਅਸਫਲ ਕਿਰਤਾਂ ਵਿਚ ਅੰਤਰ ਦਰਸਾਉਣਾ ਹੈ। ਭਾਵੇਂ ਕਵਿਤਾ ਨੂੰ ਕਿਸੇ ਹੋਰ ਢੰਗ ਨਾਲ ਸੰਪੂਰਨ ਰੂਪ ਵਿਚ ਪ੍ਰਗਟ ਨਹੀਂ ਕੀਤਾ ਜਾ ਸਕਦਾ ਪਰੰਤੂ ਬਾਹਰਮੁਖੀ ਆਲੋਚਨਾ ਜਿਤਨਾ ਵੀ ਸੰਭਵ ਹੋ ਸਕੇ, ਕਿਰਤ ਦਾ ਸਮੁੱਚਾ ਗਿਆਨ ਪੇਸ਼ ਕਰਨ ਲਈ ਜਤਨਸ਼ੀਲ ਹੁੰਦੀ ਹੈ। ਇਸੇ ਲਈ ਵਿਮਸੈਟ ਆਲੋਚਨਾ ਨੂੰ ਅਪ੍ਰਗਟ ਦੀ ਪ੍ਰਗਟ ਵਿਆਖਿਆ ਕਹਿੰਦਾ ਹੈ ਅਤੇ ਆਲੋਚਕ ਨੂੰ ਕਵਿਤਾ ਬਾਰੇ ਅੰਕੜੇ ਪੇਸ਼ ਕਰਨ ਵਾਲੇ ਵਿਅਕਤੀ ਦੀ ਥਾਂ ਉਸ ਦੇ ਅਰਥਾਂ ਦਾ ਵਿਖਿਆਤਾ ਜਾਂ ਅਧਿਆਪਕ ਆਖਦਾ ਹੈ। (ਚਲਦਾ)



## ਪੰਜਾਬ ਦਾ ਵਿਦਿਆਰਥੀ ਵਰਗ

ਕੁਲਵੰਤ ਰਮਾਣਾ

[ਇਹ ਲੇਖ ਪੰਜਾਬ ਵਿਚ ਵਿਦਿਆਰਥੀ ਲਹਿਰ ਦੀ ਅਜੋਕੀ ਸਥਿਤੀ ਬਾਰੇ ਹੈ ਜਿਸ ਵਿਚ ਵਿਦਿਆਰਥੀ ਜਥੇਬੰਦੀਆਂ ਦੀ ਆਪਸੀ ਫੁੱਟ—ਜੋ ਖੱਬੇ-ਪੱਖੀ ਪਾਰਟੀਆਂ ਦੀ ਆਪਸੀ ਫੁੱਟ ਦੇ ਸਮਾਨਾਤਰ ਚਲਦੀ ਹੈ—ਦਾ ਖਾਸ ਉਲੇਖ ਕੀਤਾ ਗਿਆ ਹੈ।

1964 ਤੋਂ ਲੈਕੇ ਹੁਣ ਤਕ ਦੀ ਵਿਦਿਆਰਥੀ ਲਹਿਰ ਬਾਰੇ ਹੇਠਲੇ ਸਵਾਲਾਂ ਨੂੰ ਵਿਚਾਰ ਜਾਂ ਬਹਿਸ ਦਾ ਵਿਸ਼ਾ ਅਜੇ ਤਕ ਨਹੀਂ ਬਣਾਇਆ ਗਿਆ। ਵਿਦਿਆਰਥੀ ਲਹਿਰ ਨੇ ਸਮੇਂ ਸਮੇਂ ਕਾਫੀ ਰੌਸ਼ਨ-ਦਿਮਾਗ ਤੇ ਮਿਹਨਤੀ ਜਥੇਬੰਦਕਾਂ ਨੂੰ ਉਭਾਰਿਆ ਹੈ ਪਰ ਉਹ ਕੁਝ ਦੇਰ ਬਾਅਦ, ਸਹਿਜੇ ਸਹਿਜੇ ਸਿਆਸਤ ਵਲੋਂ ਕਿਨਾਰਾ ਕਰ ਗਏ ਹਨ, ਮਿਸਾਲ ਦੇ ਤੌਰ 'ਤੇ ਦਰਸ਼ਨ ਸਿੰਘ ਬਾਗੀ, ਬਰਜਿੰਦਰ, ਪਟਿਆਲੇ ਦਾ ਬਿੱਟੂ ਗਰੁਪ ਆਦਿ। ਅਜਿਹਾ ਕਿਉਂ ਹੋਇਆ ਹੈ? ਖੱਬੇ-ਪੱਖੀ ਵਿਦਿਆਰਥੀ ਆਪਣੇ ਆਪ ਨੂੰ ਇਕ ਸਾਂਝੀ ਜਥੇਬੰਦੀ ਵਿਚ ਰਖ ਕੇ 'ਵਿਚਾਰਧਾਰਕ ਘੋਲ' ਕਿਉਂ ਨਹੀਂ ਕਰ ਸਕਦੇ? ਕੀ ਗਰੁੱਪ, ਵਿਚਾਰਧਾਰਾ ਨਾਲੋਂ ਵੀ ਪਿਆਰੀ ਤੇ ਵਡੇਰੀ ਚੀਜ਼ ਹੁੰਦੀ ਹੈ? ਕੀ ਵਿਦਿਆਰਥੀ ਆਪਣੀ ਦਿਲਾਂ-ਦਿਮਾਗਾਂ ਵਿਚ ਪਹਿਲ ਵਿਚਾਰਧਾਰਾ (ਸੰਸਾਰ ਦ੍ਰਿਸ਼ਟੀਕੋਣ) ਨੂੰ ਦਿੰਦੇ ਹਨ ਜਾਂ ਆਪਣੇ ਗਰੁੱਪ ਤੇ ਉਸਦੀਆਂ ਸਿਆਸੀ ਪੁਜ਼ੀਸ਼ਨਾਂ ਨੂੰ? ਅਕਸਰ ਉਹ ਆਪਣੇ ਗਰੁਪ ਜਾਂ ਧੜੇ ਦੀ ਸਿਆਸੀ ਪੁਜ਼ੀਸ਼ਨ ਨੂੰ ਹੀ ਸਮੇਂ ਦੀ ਮੁਖੀ ਤੇ ਸਿਰਕਢ ਵਿਚਾਰਧਾਰਾ ਦਾ ਰੁਤਬਾ ਦੇ ਦੇਂਦੇ ਹਨ। ਕੀ ਠੋਸ ਡੈਮੋਕਰੈਟਿਕ ਪ੍ਰੋਗਰਾਮ ਵਿਕਸਤ ਕਰ ਕੇ ਉਸ ਦੇ ਅਧਾਰ 'ਤੇ ਬਣੀ ਜਥੇਬੰਦੀ ਅਤੇ ਵਿਦਿਆਰਥੀ ਵਰਗ ਨੂੰ ਆਪਣੇ ਆਪਣੇ ਪ੍ਰਭਾਵ ਥੱਲੇ ਲਿਆਉਣ ਲਈ ਪਾਰਟੀ ਜਾਂ ਗਰੁਪ ਦੀ 'ਬਾਂਹ-ਜਥੇਬੰਦੀ' ਵਿਚ ਕੋਈ ਫਰਕ ਨਹੀਂ ਹੈ? ਕੀ ਖੱਬੇ-ਪੱਖੀ ਵਿਦਿਆਰਥੀਆਂ ਵਿਚ ਫੁੱਟ ਦੇ ਬੀਜ ਇਸ 'ਬਾਂਹ-ਜਥੇਬੰਦੀ' ਤੋਂ ਤਾਂ ਪੈਦਾ ਨਹੀਂ ਹੁੰਦੇ? ਸਮੁੱਚਾ ਵਿਦਿਆਰਥੀ ਵਰਗ ਸਿਆਸੀ ਤੌਰ 'ਤੇ ਕਿੰਨਾ ਕੁ ਚੇਤੰਨ ਹੈ? ਵਿਦਿਆਰਥੀ ਵਰਗ ਵਿਚ ਕਿਹੜੀਆਂ ਕਿਹੜੀਆਂ ਵਿਚਾਰਧਾਰਾਵਾਂ ਦਾ ਪ੍ਰਭਾਵ ਹੈ?

ਦੂਸਰੇ ਪਾਸੇ ਸਿਆਸਤ ਨੂੰ ਬੁਰਾ ਸਮਝਣ ਵਾਲੇ ਵਿਦਿਆਰਥੀ ਕਿਹੋ ਜਿਹੇ ਹਨ? ਤੇ ਉਨ੍ਹਾਂ ਦੇ ਅਜਿਹੇ ਵਿਸ਼ਵਾਸ ਦੀਆਂ ਜੜ੍ਹਾਂ ਕਿਥੇ ਹਨ?

ਵਿਦਿਅਕ ਢਾਂਚੇ ਦੇ ਸਾਰੇ ਸਮਾਜ ਦਾ ਇਕ ਵਿਚਾਰਧਾਰਕ ਅਡੰਬਰ ਹੋਣ ਬਾਰੇ ਤੇ ਪੰਜਾਬ ਵਿਚ ਇਸ ਦੀਆਂ ਖਾਸ ਵਿਸ਼ੇਸ਼ਤਾਈਆਂ ਬਾਰੇ ਇਹਨਾਂ ਵਿਦਿਆਰਥੀ ਜਥੇਬੰਦੀਆਂ ਦੀ ਕੀ ਕੋਈ ਸਮਝ ਹੈ? ਪੰਜਾਬੀ ਬੋਲੀ ਤੇ ਸਭਿਆਚਾਰਕ ਵਿਰਸੇ ਬਾਰੇ ਉਹਨਾਂ ਦੇ ਕਿਹੋ ਜਿਹੇ ਵਿਚਾਰ ਹਨ? ਤੇ ਇਸੇ ਵਿਰਸੇ ਦੇ ਅਜੋਕੇ ਸਮੇਂ ਵਿਚ ਰੋਲ ਬਾਰੇ ਉਹ ਕੀ ਸੋਚਦੀਆਂ ਹਨ? ਮਿਸਾਲ ਦੇ ਤੌਰ 'ਤੇ ਅੱਜ ਸਾਰੇ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਦੋ ਸੌ ਸਾਲਾ ਜਨਮ-ਸ਼ਤਾਬਦੀ ਦੇ ਮੌਕੇ 'ਤੇ ਕੀ ਉਨ੍ਹਾਂ ਦੀ ਇਹੋ ਜਿਹੇ ਸਵਾਲਾਂ ਵਿਚ ਦਿਲਸਚਪੀ ਜਾਗੀ ਹੈ? ਇਸ ਜਨਮ-ਸ਼ਤਾਬਦੀ ਨੂੰ ਅੱਜ ਐਸੀ ਧੂਮ ਧਾਮ ਨਾਲ ਮਨਾਉਣ ਦੀ ਲੋੜ ਕਿਉਂ ਮਹਿਸੂਸ ਕੀਤੀ ਜਾ ਰਹੀ ਹੈ? ਸਿੱਖ ਲਹਿਰ ਦੀ ਸਿਖਰ ਗੁਰੂ ਹੈ ਜਾਂ ਮਹਾਰਾਜਾ? ਮਹਾਰਾਜੇ (ਭਾਰੂ ਜਮਾਤ ਦੀਆਂ ਕੀਮਤਾਂ ਦੇ ਚਿੰਨ੍ਹ) ਨੂੰ ਤੇ ਗੁਰੂ (ਸਰੱਬਤ ਦੇ ਭਲੇ ਦੀਆਂ ਕੀਮਤਾਂ ਦੇ ਚਿੰਨ) ਨੂੰ ਇਕੋ ਹੀ ਪੱਧਰ 'ਤੇ ਰੱਖਣ ਦੇ ਸਭਿਆਚਾਰਕ ਹਮਲੇ ਪਿਛੇ ਅਚੇਤ ਜਾਂ ਸੁਚੇਤ ਕਿਹੜੀਆਂ ਤਾਕਤਾਂ ਕੰਮ ਕਰ ਰਹੀਆਂ ਹਨ? ਇਤਿਆਦਿ।

ਸੂਝਵਾਨ ਵਿਦਿਆਰਥੀਆਂ, ਨੌਜਵਾਨਾਂ ਅਤੇ ਪਾਠਕਾਂ ਲਈ ਇਹਨਾਂ ਅਤੇ ਅਜਿਹੇ ਸਵਾਲਾਂ ਉਪਰ ਵਿਚਾਰ/ਚਰਚਾ ਕਰਨ ਲਈ ਸੇਧ ਦੇ ਸਫੇ ਉਨ੍ਹਾਂ ਲਈ ਸਦਾ ਖੁਲ੍ਹੇ ਹਨ। —ਸੰਪਾਦਕ]

**ਪੰਜਾਬ** ਵਿਚ ਸ਼ਾਇਦ ਹੀ ਕੋਈ ਅਜਿਹਾ ਰੋਜ਼ਾਨਾ ਅਖਬਾਰ ਹੋਵੇ, ਜਿਸ ਵਿਚ ਪੰਜਾਬ ਦੀ ਕਿਸੇ ਨਾ ਕਿਸੇ ਵਿਦਿਆਰਥੀ ਜਥੇਬੰਦੀ ਦਾ ਕੋਈ ਨਾ ਕੋਈ ਬਿਆਨ ਹਰ ਰੋਜ਼ ਨਾ ਛਪਦਾ ਹੋਵੇ। ਇਸ ਗੱਲ ਤੋਂ ਆਮ ਪਾਠਕ ਨੂੰ ਇਹ ਭੁਲੇਖਾ ਲਗ ਸਕਦਾ ਹੈ ਕਿ ਪੰਜਾਬ ਦਾ ਵਿਦਿਆਰਥੀ ਵਰਗ ਪਤਾ ਨਹੀਂ ਕਿੰਨਾ ਕੁ ਚੇਤੰਨ ਹੋ ਗਿਆ ਹੈ। ਆਓ ਜ਼ਰਾ ਵੇਖੀਏ ਕਿ ਅਸਲੀ ਤਸਵੀਰ ਕੀ ਹੈ। ਇਸ ਵਕਤ ਪੰਜਾਬ 'ਚ ਪੰਜ ਵੱਖਰੀਆਂ ਵੱਖਰੀਆਂ ਖੱਬੇ-ਪੱਖੀ ਵਿਦਿਆਰਥੀ-ਜਥੇਬੰਦੀਆਂ ਕੰਮ ਕਰ ਰਹੀਆਂ ਹਨ। ਤਾਕਤ ਪਖੋਂ ਕਰਮਵਾਰ ਉਨ੍ਹਾਂ ਦੇ ਨਾਂ ਇਸ ਤਰ੍ਹਾਂ ਹਨ: ਪੀ.ਐਸ.ਯੂ. (ਮਾਲੀ ਗਰੁਪ), ਐਸ.ਐਫ.ਆਈ., ਪੀ.ਐਸ.ਯੂ. (ਕਾਹਮਾ ਗਰੁਪ), ਏ.ਆਈ.ਐਸ.ਐਫ. ਅਤੇ ਪੀ.ਐਸ.ਯੂ. (ਅਜੈਬ ਗਰੁਪ)। ਰਾਜਨੀਤਕ ਤੌਰ 'ਤੇ ਪੀ.ਐਸ.ਯੂ. ਦਾ ਮਾਲੀ ਗਰੁਪ ਪੰਜਾਬ ਦੇ ਨਾਗੀ ਰੈਡੀ ਗਰੁਪ ਨੂੰ ਠੀਕ ਮੰਨਦਾ ਹੈ, ਕਾਹਮਾ ਗਰੁਪ ਪੂਲਾ ਰੈਡੀ ਨੂੰ ਤੇ ਅਜੈਬ ਗਰੁਪ ਚਾਰੂ ਨੂੰ। ਐਸ.ਐਫ.ਆਈ. ਤੇ ਏ.ਆਈ.ਐਸ.ਐਫ. ਸੀ.ਪੀ.ਐਮ. ਤੇ ਸੀ.ਪੀ.ਆਈ. ਦੀਆਂ ਵਿਦਿਆਰਥੀ ਜਥੇਬੰਦੀਆਂ ਹਨ।

ਇਨ੍ਹਾਂ ਕੁਲ ਦੀਆਂ ਕੁਲ ਪੰਜਾਂ ਜਥੇਬੰਦੀਆਂ ਦੇ ਲੀਡਰਾਂ ਤੇ ਕਾਡਰਾਂ ਦੀ ਕੁਲ ਗਿਣਤੀ ਸਮੁੱਚੇ ਵਿਦਿਆਰਥੀ ਵਰਗ ਦਾ 5 ਫੀ ਸਦੀ ਬਣਦੀ ਹੈ। ਬਾਕੀ 95 ਫੀ ਸਦੀ ਲੋਕ ਇਨ੍ਹਾਂ ਜਥੇਬੰਦੀਆਂ ਦੀਆਂ ਸਫਾਂ ਤੋਂ ਬਾਹਰ ਹਨ। ਇਹ ਲੋਕ ਇਨ੍ਹਾਂ ਖੱਬੀਆਂ ਵਿਦਿਆਰਥੀ ਜਥੇਬੰਦੀਆਂ ਰਾਹੀਂ ਲੜ ਕੇ ਲਈਆਂ ਗਈਆਂ ਸਹੂਲਤਾਂ ਦਾ ਅਨੰਦ ਮਾਨਣ 'ਚ ਤਾਂ ਸਭ ਤੋਂ ਅੱਗੇ ਹੁੰਦੇ ਹਨ, ਪਰ ਰੈਲੀਆਂ ਜਾਂ ਮੁਜ਼ਾਹਰਿਆਂ 'ਚ ਸਭ ਤੋਂ ਪਿੱਛੇ। ਇਹ ਲੋਕ ਦਸ ਦਸ ਮੀਟਰ ਦੀਆਂ ਮਹਿਰਾਬੀ ਪੱਗਾਂ ਬੰਨੀਂ ਟੋਲੀਆਂ 'ਚ ਮਾਨ ਮਗੜਾ ਵਾਲੇ ਦੇ ਤਵੇ ਸੁਣਦੇ ਦੇਖੇ ਜਾ ਸਕਦੇ ਹਨ। ਇਹ ਲੋਕ ਲੰਮੇ ਲੰਮੇ ਵਾਲ ਵਧਾਈ, ਕੰਨਾਂ ਨਾਲ ਟਰਾਂਜ਼ਿਸਟਰ ਲਾਈ ਕ੍ਰਿਕਿਟ ਦੀ ਕੁਮੈਂਟਰੀ ਸੁਣਦੇ ਵੇਖੇ ਜਾ ਸਕਦੇ ਹਨ। ਇਹ ਲੋਕ ਸਵਾਰੀਆਂ ਨੂੰ ਟਿੱਚਰਾਂ ਕਰਦੇ, ਬੱਸ ਦੀ ਛੱਤ 'ਤੇ ਬੈਠ ਕੇ ਘਰੋਂ ਕਾਲਜ ਤੇ ਕਾਲਜੋਂ ਘਰ ਤਕ ਦਾ ਸਫਰ ਕਰਦੇ ਹਨ। ਇਹ ਕਈ ਵਾਰ ਆਪਣੀ ਮੰਜ਼ਲ ਤਕ ਪਹੁੰਚਦੇ ਪਹੁੰਚਦੇ ਚਾਰ ਚਾਰ ਬੱਸਾਂ ਬਦਲਦੇ ਹਨ ਤੇ ਇਸ ਤਰ੍ਹਾਂ ਇਹ ਸੀ.ਐਸ.ਯੂ. ਰਾਹੀਂ ਜਦੋ-ਜਹਿਦ ਕਰ ਕੇ ਪ੍ਰਾਪਤ ਕੀਤੀ ਫਰੀਸ਼ਿਪ ਦਾ ਪੂਰਾ ਲਾਹਾ ਲੈਂਦੇ ਹਨ। ਇਹ ਉਹ ਲੋਕ ਹਨ ਜੋ ਮਾਂ-ਬਾਪ ਦੇ 'ਸਾਊ' ਪੁਤਰ ਧੀਆਂ ਹਨ। ਵੇਲੇ ਸਿਰ ਮਦਰੱਸੇ ਜਾਂਦੇ ਹਨ, ਅਧਿਆਪਕ ਜੋ ਬੋਲਦਾ ਹੈ ਆਪਣੀਆਂ ਕਾਪੀਆਂ 'ਚ ਲਿਖਦੇ ਹਨ, ਵੇਲੇ ਸਿਰ ਘਰ ਪਰਤਦੇ ਹਨ, ਰੱਟਾ ਮਾਰਦੇ ਹਨ ਅਤੇ ਅਖਬਾਰ ਵਿਚ ਆਪਣੇ ਰੋਲ ਨੰਬਰ ਨੂੰ ਮੌਜੂਦ ਦੇਖ ਖੁਸ਼ ਹੁੰਦੇ ਹਨ।

ਇਹਨਾਂ 'ਚ ਉਹ ਲੋਕ ਵੀ ਹਨ ਜੋ ਆਪਣਾ ਮਾਨਸਿਕ ਵਰੇਚਣ ਕਰਨ ਲਈ ਆਪਣੇ ਕਥਿਤ ਅਗਾਂਹ-ਵਧੂ ਅਧਿਆਪਕਾਂ ਨਾਲ ਮਾਰਕਸਵਾਦ ਬਾਰੇ ਬਹਿਸ ਤਾਂ ਕਰਦੇ ਹਨ ਪਰ ਰੈਲੀਆਂ ਜਾਂ ਮੁਜ਼ਾਹਰਿਆਂ ਵਿਚ ਜਾਣ 'ਚ ਸ਼ਰਮ ਮਹਿਸੂਸ ਕਰਦੇ ਹਨ। ਵਿਦਿਆਰਥੀ ਕੌਂਸਲ ਦੀਆਂ ਸਾਲਾਨਾਂ ਚੋਣਾਂ ਇਨ੍ਹਾਂ ਲਈ ਬਹੁਤ ਹੀ ਮਹੱਤਵਪੂਰਣ ਹੁੰਦੀਆਂ ਹਨ (ਬਸ ਉਸੇ ਤਰ੍ਹਾਂ ਜਿਵੇਂ ਕਲਕੱਤੇ ਦੇ ਲੋਕਾਂ ਲਈ ਫੁਟਬਾਲ ਦਾ ਮੈਚ।) ਇਹ ਚੋਣਾਂ ਸਿਰਫ ਅਮੀਰ ਕਾਕੇ ਹੀ ਲੜ ਸਕਦੇ ਹਨ ਕਿਉਂਕਿ ਇਹਨਾਂ ਚੋਣਾਂ 'ਚ ਜੀਪਾਂ, ਕਾਰਾਂ ਅਤੇ ਮੋਟਰ-ਸਾਈਕਲਾਂ ਦੀ ਦਿਲ ਖੋਲ੍ਹ ਕੇ ਵਰਤੋਂ ਕਰਨੀ ਪੈਂਦੀ। ਵੀਹ, ਪੰਜਾਹ ਸਪੋਰਟਰ ਵੀ ਉਮੀਦਵਾਰ ਨੂੰ ਚੋਣ-ਪ੍ਰਚਾਰ ਦੌਰਾਨ ਨਾਲ ਰਖਣੇ ਪੈਂਦੇ ਹਨ।



ਇਹ ਸਭ ਕੁਝ ਆਮ ਵਿਦਿਆਰਥੀ ਦੀ ਪਹੁੰਚੋਂ ਬਾਹਰ ਹੈ। ਅਸੀ ਕਹਿ ਸਕਦੇ ਹਾਂ ਕਿ ਕਾਫੀ ਲੰਮੇ ਸਮੇਂ ਤੋਂ ਪੰਜ ਖੱਬੀਆਂ ਵਿਦਿਆਰਥੀ ਜਥੇਬੰਦੀਆਂ ਦੀ ਹੋਂਦ ਦੇ ਬਾਵਜੂਦ ਵੀ ਪੰਜਾਬ ਦੇ 95 ਫੀ ਸਦੀ ਵਿਦਿਆਰਥੀਆਂ 'ਤੇ ਬੁਰਜੁਆ ਸਭਿਆਚਾਰ ਪੂਰੀ ਤਰ੍ਹਾਂ ਹਾਵੀ ਹੈ। ਪੀ.ਐਸ.ਯੂ. ਦੇ ਤਿੰਨਾਂ ਗਰੁਪਾਂ ਤੇ ਖਾਸ ਕਰ ਮਾਲੀ ਗਰੁਪ ਦੀਆਂ ਸਿਰਤੋੜ ਕੋਸ਼ਿਸ਼ਾਂ ਦੇ ਬਾਵਜੂਦ ਵਾਹਾਂ ਕੁਹਾੜਾ ਉਹ ਹੀ ਹੈ। ਕਾਰਨ ਉਨ੍ਹਾਂ ਆਪ ਵੇਖਣਾ ਹੈ।

ਆਓ, ਹੁਣ ਆਪਾਂ ਇਨ੍ਹਾਂ ਵਿਦਿਆਰਥੀ ਜਥੇਬੰਦੀਆਂ ਨੂੰ ਘੋਖੀਏ। ਇਹ ਪੰਜੇ ਜਥੇਬੰਦੀਆਂ ਆਪਣੇ ਆਪ ਨੂੰ ਖੱਬੇ ਵਿਚਾਰਾਂ ਦੇ ਧਾਰਨੀ ਦਸਦੀਆਂ ਹਨ। ਪੰਜੇ ਹੀ ਮਾਰਕਸਵਾਦ-ਲੈਨਿਨਵਾਦ ਦੇ ਅਸੂਲਾਂ 'ਤੇ ਚਲਣ ਦਾ ਦਾਹਵਾ ਕਰਦੀਆਂ ਹਨ। ਪਰ ਅਸਲ ਤਸਵੀਰ ਹੋਰ ਹੀ ਹੈ। ਐਸ. ਐਫ.ਆਈ. ਤੇ ਆਈ.ਐਸ.ਐਫ. ਦਾ ਹਾਲ ਆਪਣੀਆਂ ਸਰਪ੍ਰਸਤ ਪਾਰਟੀਆਂ ਨਾਲੋਂ ਬਹੁਤਾ ਚੰਗਾ ਨਹੀਂ। ਜਦੋਂ ਪੰਜਾਬ 'ਚ ਕਾਂਗਰਸ ਰਾਜ ਸੀ (ਗਿਆਨੀ ਜ਼ੈਲ ਸਿੰਘ ਵੇਲੇ) ਤੇ ਸੀ.ਪੀ.ਆਈ. ਦੀ ਕਾਂਗਰਸ ਨਾਲ ਆੜੀ ਸੀ, ਤਾਂ ਏ.ਆਈ.ਐਸ.ਐਫ. ਵਿਦਿਆਰਥੀ-ਘੋਲ ਲੜਨ ਦੀ ਥਾਂ ਵਿਦਿ-ਆਰਥੀ-ਘੋਲ ਥੰਮਣ 'ਤੇ ਜ਼ੋਰ ਦਿੰਦੀ ਰਹੀ। ਮੋਗੇ ਕਾਂਡ ਵੇਲੇ ਜਦੋਂ ਇਹ ਸਾਰੀਆਂ ਜਥੇਬੰਦੀਆਂ ਇਸ ਗੱਲ 'ਤੇ ਅੜੀਆਂ ਖੜੀਆਂ ਸਨ ਕਿ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਲੋਕਾਂ ਸਾਹਮਣੇ ਫਾਂਸੀ ਲਾਇਆ ਜਾਵੇ ਤਾਂ ਏ.ਆਈ.ਐਸ ਐਫ. ਦਾ ਆਗੂ ਬੰਤ ਸਿੰਘ ਬਰਾੜ ਗਿਆਨੀ ਜ਼ੈਲ ਸਿੰਘ ਨਾਲ ਲੰਮੀ ਮੁਲਾਕਾਤ ਕਰ ਰਿਹਾ ਸੀ। ਅਤੇ ਇਸ ਮੁਲਾਕਾਤ ਬਾਅਦ ਉਸ ਐਲਾਨ ਕਰ ਦਿਤਾ ਕਿ ਪੰਜਾਬ ਸਰਕਾਰ ਸਾਡੀਆਂ ਸਾਰੀਆਂ ਮੰਗਾਂ ਮੰਨ ਗਈ ਹੈ (ਅਫਸਰਾਂ ਨੂੰ ਮੁਅਤਲ ਕਰਨਾ ਤੇ ਗੋਲੀਆਂ ਨਾਲ ਮਰੇ ਵਿਦਿਆਰਥੀਆਂ ਦਾ ਉਨ੍ਹਾਂ ਦੇ ਮਾਂ-ਬਾਪ ਨੂੰ ਦਸ-ਦਸ ਹਜ਼ਾਰ ਰੁਪਿਆ ਹਰਜਾਨਾ ਦੇਣਾ) ਤੇ ਇਸ ਲਈ ਘੋਲ ਵਾਪਸ ਲੈ ਲਿਆ ਗਿਆ ਹੈ। (ਭਾਵੇਂ ਘੋਲ ਦੀ ਵਾਗ-ਡੋਰ ਰੰਧਾਵਾ ਗਰੁਪ ਦੇ ਹੱਥ ਹੋਣ ਕਰਕੇ ਇਸ ਐਲਾਨ ਨਾਲ ਘੋਲ 'ਚ ਕੋਈ ਰੋਕ ਨਹੀਂ ਸੀ ਪਈ) ਇਸੇ ਤਰ੍ਹਾਂ ਦਾ ਰੋਲ ਐਸ.ਐਫ. ਆਈ. ਦਾ ਰਿਹਾ ਹੈ। ਅਕਾਲੀ ਜਨਤਾ ਸਰਕਾਰ ਦੀ ਸੀ.ਪੀ.ਐਮ. 'ਵਾਲਿਆਂ' ਨਾਲ ਯਾਰੀ ਸੀ!

ਵਿਦਿਆਰਥੀ ਕੌਂਸਲਾਂ ਦੀਆਂ ਚੋਣਾਂ ਦੌਰਾਨ ਵੀ ਇਹਨਾਂ ਦੋਹਾਂ ਜਥੇਬੰਦੀਆਂ ਦਾ ਰੋਲ ਕਾਬਲੇ-ਜ਼ਿਕਰ ਹੈ। ਜੇਕਰ ਇਹਨਾਂ ਜਥੇਬੰਦੀਆਂ ਦੇ ਆਪਣੇ ਉਮੀਦਵਾਰ ਮੈਦਾਨ 'ਚ ਹੋਣ ਤਾਂ ਇਉਂ ਜਾਪਦਾ ਹੈ ਜਿਵੇਂ ਇਹਨਾਂ ਦੀਆਂ ਸਰਪਰੱਸਤ ਪਾਰਟੀਆਂ ਆਪਣੇ ਨੌਜਵਾਨ ਕਾਡਰ ਨੂੰ 'ਪਾਰਲੀਮਾਨੀ ਚੋਣਾਂ ਕਿਵੇਂ ਲੜੀਏ' ਦੀ ਮਸ਼ਕ ਕਰਵਾ ਰਹੀਆਂ ਹੋਣ। ਜੇ ਇਹਨਾਂ ਜਥੇਬੰਦੀਆਂ ਦੇ ਆਪਣੇ ਉਮੀਦਵਾਰ ਨਾ ਵੀ ਹੋਣ ਤਾਂ ਵੀ ਇਹਨਾਂ ਦੇ ਕਾਰਕੁਨ ਓਪਨ ਜੀਪਾਂ 'ਚ "ਐਕਟਿਵ ਵਰਕ" ਕਰਦੇ ਵੇਖੇ ਜਾ ਸਕਦੇ ਹਨ। ਪੀ. ਐਸ. ਯੂ. (ਤਿੰਨੇ ਗਰੁਪ) ਇਹਨਾਂ ਚੋਣਾਂ ਦਾ ਬਾਈਕਾਟ ਕਰਦੀ ਹੈ। ਪਰ ਇਸ ਦੇ ਬਾਵਜੂਦ ਪੀ.ਐਸ.ਯੂ. ਦਾ ਮਾਲੀ ਗਰੁਪ ਪੰਜਾਬੀ ਯੂਨੀਵਰਸਿਟੀ ਕੈਂਪਸ ਦੀਆਂ ਸਰਕਾਰੀ ਕੌਂਸਲ ਦੀਆਂ ਚੋਣਾਂ 'ਚ ਹਿੱਸਾ ਲੈਂਦਾ ਹੈ। ਇਸ ਦੇ ਆਗੂ ਇਸ ਨੂੰ "ਦਾਅਪੇਚ ਦਾ ਮਸਲਾ" ਦਸਦੇ ਹਨ। ਵੋਟਾਂ ਜਿਤਣ ਲਈ ਇਹ ਜਥੇਬੰਦੀ ਵੀ ਕੈਂਪਸ 'ਚ ਉਹ ਹੀ ਢੰਗ ਅਪਣਾਂਦੀ ਹੈ ਜਿੰਨਾਂ ਢੰਗਾਂ ਨੂੰ ਇਹ ਆਪ ਉਂਜ ਨਿੰਦਦੀ ਨਹੀਂ ਥਕਦੀ। ਖ਼ੈਰ! ਇਹਨਾਂ ਤਿੰਨਾਂ ਜਥੇਬੰਦੀਆਂ (ਜੋ ਚੋਣਾਂ ਦਾ ਬਾਈਕਾਟ ਕਰਦੀਆਂ ਹਨ) ਦੇ ਡਟਵੇਂ ਵਿਰੋਧ ਦੇ ਬਾਵਜੂਦ ਵੀ ਸਾਰੇ ਪੰਜਾਬ 'ਚ ਵਿਦਿਆਰਥੀ ਕੌਂਸਲਾਂ ਦੀਆਂ ਚੋਣਾਂ ਪੂਰੇ ਢੋਲ ਢਮੱਕੇ ਨਾਲ ਹੁੰਦੀਆਂ ਹਨ। ਬਾਈਕਾਟ ਨਾਂ ਦੀ ਚੀਜ਼ ਕੰਧਾਂ 'ਤੇ ਲੱਗੇ ਇਸ਼ਤਿਹਾਰਾਂ 'ਚ ਹੀ ਮਿਲ ਸਕਦੀ ਹੈ। ਇਸ ਵਾਰ ਸਿਰਫ਼ ਮੋਗੇ ਦੇ ਦੋ ਕਾਲਜਾਂ ਅਤੇ ਆਈ. ਟੀ. ਆਈ. ਬਠਿੰਡਾ ਨੂੰ ਛੱਡ ਕੇ ਪੰਜਾਬ ਦੇ ਸਾਰੇ ਕਾਲਜਾਂ ਅਤੇ ਆਈ.

ਟੀ. ਆਈ. ਸੈਂਟਰਾਂ 'ਚ ਮੱਤਦਾਨ ਪੂਰੀ ਦਿਲਚਸਪੀ ਨਾਲ ਹੋਇਆ ਹੈ।

ਜੇ ਅਸੀਂ ਪੰਜਾਬ ਦੇ ਵਿਦਿਆਰਥੀ ਵਰਗ ਨੂੰ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਸ਼ਹੀਦੀ ਦੇ ਸਬੰਧ 'ਚ ਵਾਚੀਏ ਤਾਂ ਗੱਲ ਹੋਰ ਵੀ ਸਪਸ਼ਟ ਹੋ ਜਾਂਦੀ ਹੈ। ਐਸ. ਐਫ. ਆਈ. ਅਤੇ ਏ. ਆਈ. ਐਸ. ਐਫ. ਰੰਧਾਵੇ ਦੇ ਕਤਲ ਨੂੰ ਰਾਜਸੀ ਕਤਲ ਹੀ ਨਹੀਂ ਮੰਨਦੀਆਂ। ਪੀ. ਐਸ. ਯੂ. ਦੇ ਤਿੰਨੇ ਗਰੁਪ ਇਸ ਨੂੰ ਰਾਜਸੀ ਕਤਲ ਤਾਂ ਮੰਨਦੇ ਹਨ ਪਰ ਇਸ ਸਬੰਧ 'ਚ ਵਿਦਿਆਰਥੀਆਂ ਨੂੰ ਲਾਮਬੰਦ ਕਰਨ ਦੀ ਜ਼ਿੰਮੇਵਾਰੀ ਸਿਰਫ਼ ਪੀ. ਐਸ. ਯੂ ਦੇ ਮਾਲੀ ਗਰੁਪ (ਪਹਿਲਾਂ ਵਾਲਾ ਰੰਧਾਵਾ ਗਰੁਪ) ਦੀ ਹੈ। ਇਸ ਤਰ੍ਹਾਂ ਚਾਰੇ ਜਥੇਬੰਦੀਆਂ ਦਾ ਇਸ ਸਬੰਧ 'ਚ ਰਵੱਈਆ 'ਸਰੀਕਾਂ ਦੇ ਹੋਏ ਕਤਲ' ਵਾਲਾ ਹੈ। ਇਸ ਮਸਲੇ 'ਚ ਇਹ ਪੰਜੇ ਜਥੇਬੰਦੀਆਂ ਕੋਈ ਵੀ ਸਾਂਝੀ ਰੈਲੀ ਜਾਂ ਮੁਜ਼ਾਹਰਾ ਨਹੀਂ ਕਰ ਸਕੀਆਂ। ਆਮ ਵਿਦਿਆਰਥੀਆਂ ਨੇ ਇਸ 'ਚ ਬਹੁਤੀ ਦਿਲਚਸਪੀ ਵਿਖਾਈ ਹੀ ਨਹੀਂ। ਜਦੋਂ ਰੰਧਾਵੇ ਦਾ ਕਤਲ ਅਜੇ ਸੱਜਰਾ ਸੀ ਤਾਂ ਆਮ ਵਿਦਿਆਰਥੀਆਂ ਦਾ ਕੁਝ ਹਿੱਸਾ ਮੁਜ਼ਾਹਰਿਆਂ 'ਚ ਸ਼ਾਮਲ ਹੁੰਦਾ ਸੀ ਪਰ ਮੋਗੇ ਤੇ ਬਰਨਾਲੇ ਹੋਈਆਂ ਹਿੰਸਕ ਘਟਨਾਵਾਂ ਤੋਂ ਬਾਅਦ ਪੁਲਸ ਤਸ਼ੱਦਦ ਐਨਾ ਤੇਜ਼ ਹੋ ਗਿਆ ਕਿ ਆਮ ਵਿਦਿਆਰਥੀਆਂ ਨੇ 'ਇਹ ਕੰਮ' ਬੰਦ ਕਰ ਦਿੱਤਾ। ਅਤੇ ਇਥੇ ਦਿਲਚਸਪ ਗੱਲ ਇਹ ਹੈ ਕਿ ਬਾਕੀ ਚਾਰੇ ਜਥੇਬੰਦੀਆਂ ਨੇ ਇਸ ਪੁਲਸ ਤਸ਼ੱਦਦ ਦੇ ਖਿਲਾਫ਼ ਬਿਆਨ ਤਕ ਦੇਣ ਤੋਂ ਵੀ ਸੰਕੋਚ ਕਰੀ ਰਖਿਆ। ਰਹਿ ਗਏ ਸਿਰਫ਼ ਮਾਲੀ ਗਰੁਪ ਦੇ ਕਾਰਕੁਨ ਤੇ ਉਨ੍ਹਾਂ ਦੇ ਭਰਾਤਰੀ ਸਾਥੀ ਭਾਰਤ ਨੌਜਵਾਨ ਸਭਾਵਾਂ ਦੇ ਵਰਕਰ। ਜਦੋਂ ਪੀ. ਐਸ. ਯੂ. (ਮਾਲੀ ਗਰੁਪ) ਅਤੇ ਭਾਰਤ ਨੌਜਵਾਨ ਸਭਾ ਦੇ ਵਰਕਰ ਇਸ ਦਹਿਸ਼ਤ ਦੇ ਵਿਰੋਧ 'ਚ ਪੰਜਾਬ ਭਰ 'ਚ ਖਾੜਕੂ ਜਲੂਸ ਕੱਢ ਰਹੇ ਸਨ ਤਾਂ ਬਾਕੀ ਚਾਰੇ ਜਥੇਬੰਦੀਆਂ ਇਸ ਨੂੰ ਬਸੰਤਰ ਵਾਂਗ ਮਾਣ ਰਹੀਆਂ ਸਨ।

ਉਨ੍ਹਾਂ ਦਿਨਾਂ 'ਚ ਏ. ਆਈ. ਐਸ. ਐਫ., ਐਸ. ਐਫ. ਆਈ. ਅਤੇ ਪੀ. ਐਸ. ਯੂ. ਦੇ ਬਿੱਕਰ ਗਰੁਪ (ਅਜਕਲ੍ਹ ਵਾਲਾ ਕਾਹਮਾ ਗਰੁਪ) ਨੇ ਰਲ ਕੇ ਘੋਲ ਲੜਨ ਦੀ ਵਿਉਂਤ ਬਣਾਈ ਸੀ ਜੋ ਸਿਰੇ ਨਾ ਚੜ੍ਹ ਸਕੀ। ਉਦੋਂ ਇਹਨਾਂ ਤਿੰਨੇ ਜਥੇਬੰਦੀਆਂ ਨੇ ਘੋਲ ਦਾ ਐਲਾਨ ਕਰਦੇ ਹੋਏ ਇਕ ਸਾਂਝਾ ਇਸ਼ਤਿਹਾਰ ਕੱਢਿਆ ਸੀ ਜਿਸ ਵਿਚ ਫ਼ੀਸਾਂ ਘੱਟ ਕਰਨ, ਕਿਤਾਬਾਂ ਕਾਪੀਆਂ ਦੀਆਂ ਕੀਮਤਾਂ ਘੱਟ ਕਰਨ ਆਦਿ ਵਰਗੀਆਂ ਮੰਗਾਂ 'ਤੇ ਜ਼ੋਰ ਦਿੱਤਾ ਗਿਆ ਸੀ। ਰੰਧਾਵੇ ਦੀ ਗੱਲ (ਮੰਗ ਨਹੀਂ) ਮਲਵੀਂ ਜੀਭ੍ਹ ਨਾਲ ਬਿਲਕੁਲ ਹੇਠਾਂ ਲਿਖੀ ਹੋਈ ਸੀ। ਉਨਾਂ ਹੀ ਦਿਨਾਂ 'ਚ ਮੈਂ ਪੀ. ਐਸ. ਯੂ. (ਅਜੈਬ ਗਰੁਪ) ਦੇ ਇਕ ਆਗੂ ਸ੍ਰੀ ਪਾਂਧੀ ਨਾਲ ਗੱਲ ਕੀਤੀ ਤਾਂ ਉਸ ਦੱਸਿਆ ਕਿ ਰੰਧਾਵਾ ਐਜੀਟੇਸ਼ਨ ਦੇ ਸਬੰਧ 'ਚ ਤਾਂ ਮਾਲੀ ਗਰੁਪ ਵਲੋਂ ਉਨ੍ਹਾਂ ਨੂੰ ਸੱਦਾ ਹੀ ਨਹੀਂ ਦਿੱਤਾ ਗਿਆ ਅਤੇ ਫਿਰ ਵੀ ਜੇ ਉਹ ਇਸ ਐਜੀਟੇਸ਼ਨ ਵਿਚ ਉਹਨਾਂ ਨਾਲ ਜੁੜ ਕੇ ਤੁਰਨ ਤਾਂ ਮਾਲੀ ਗਰੁਪ ਉਸ ਦੇ ਗਰੁਪ ਨੂੰ ਇਸ ਸਬੰਧ 'ਚ ਕੋਈ ਪਬਲੀਸਿਟੀ ਨਹੀਂ ਦੇਵੇਗਾ। ਇਸ ਲਈ ਉਹ ਚੁੱਪ ਹਨ।

ਪਿਛਲੇ ਦਿਨਾਂ 'ਚ ਐਸ. ਐਫ. ਆਈ. ਦੇ ਇਕ ਆਗੂ ਸ੍ਰੀ ਰੂੜ ਸਿੰਘ ਨੂੰ ਕਤਲ ਕਰ ਦਿੱਤਾ ਗਿਆ। ਇਸ ਸਬੰਧ 'ਚ ਸਿਰਫ਼ ਐਸ. ਐਫ. ਆਈ. ਅਤੇ ਸੀ. ਪੀ. ਐਮ. ਨਾਲ ਸਬੰਧਤ ਨੌਜਵਾਨ ਸਭਾਵਾਂ ਹੀ ਰੋਸ-ਮੁਜ਼ਾਹਰੇ ਤੇ ਰੈਲੀਆਂ ਕਰ ਰਹੀਆਂ ਹਨ। ਬਾਕੀ ਚਾਰੇ ਵਿਦਿਆਰਥੀ ਜਥੇਬੰਦੀਆਂ ਅਤੇ ਹੋਰ ਨੌਜਵਾਨ ਜਥੇਬੰਦੀਆਂ ਸਾਜ਼ਸ਼ੀ ਚੁੱਪ ਦਾ ਸ਼ਿਕਾਰ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੰਜਾਬ ਦਾ ਵਿਦਿਆਰਥੀ ਵਰਗ ਕੋਈ ਜਥੇਬੰਦ ਵਰਗ ਨਹੀਂ। ਇਸ ਦੇ 95 ਫੀ ਸਦੀ ਵਿਅਕਤੀ ਜਥੇਬੰਦੀਆਂ ਤੋਂ ਉਂਜ ਹੀ ਬਾਹਰ ਹਨ। ਜਿਹੜੇ 5 ਫੀ ਸਦੀ ਵਿਦਿਆਰਥੀ ਰਾਜਸੀ ਤੌਰ 'ਤੇ ਚੇਤੰਨ ਹਨ ਤੇ ਕੁਝ ਕਰਨ ਲਈ ਯਤਨਸ਼ੀਲ ਹਨ, ਉਹ ਵੀ ਆਪਸੀ ਫੁੱਟ ਦਾ ਇਤਨੀ ਬੁਰੀ ਤਰ੍ਹਾਂ ਸ਼ਿਕਾਰ ਹਨ ਕਿ ਇਤਨਾ ਲੰਮਾ ਸਮਾਂ ਕੰਮ ਕਰਨ ਬਾਅਦ ਵੀ ਕੁਝ ਕਰ ਸਕਣ ਦੇ ਯੋਗ ਪ੍ਰਤੀਤ ਨਹੀਂ ਹੁੰਦੇ।



# ਪੰਜਾਬ ਖੇਤ ਮਜ਼ਦੂਰ ਸਭਾ ਅਤੇ ਖੇਤ ਮਜ਼ਦੂਰ

ਏ.ਪੀ. ਸਿੰਘ

[ਪੰਜਾਬ ਦੀ ਆਰਥਕਤਾ ਵਿਚ 'ਹਰੇ-ਇਨਕਲਾਬ' ਕਾਰਨ ਖੇਤੀ ਬਾੜੀ ਦੇ ਖੇਤਰ ਵਿਚ ਸਰਮਾਏਦਾਰੀ ਰਿਸ਼ਤੇ, ਬਾਕੀ ਸੂਬਿਆਂ ਨਾਲੋਂ ਵਧੇਰੇ ਵਿਕਸਤ ਹੋਏ ਹਨ। ਇੰਜ ਪੇਂਡੂ ਪੰਜਾਬ ਵਿਚ ਦੋ ਨਵੇਂ ਵਰਗ 'ਧਨੀ ਕਿਸਾਨੀ' ਅਤੇ 'ਖੇਤ-ਮਜ਼ਦੂਰ' ਆਪਣੇ ਆਪਣੇ ਹਿੱਤਾਂ ਲਈ ਚੇਤੰਨ ਹੋ ਰਹੇ ਹਨ। ਅੱਜ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਉਹ ਦਿਨ ਬੜੀ ਤੇਜ਼ੀ ਨਾਲ ਆ ਰਿਹਾ ਹੈ ਜਦ ਇਨ੍ਹਾਂ ਦੋਹਾਂ ਵਰਗਾਂ ਵਿਚਲਾ ਵਿਰੋਧ ਪੰਜਾਬ ਦੀ ਸਿਆਸਤ ਦਾ ਕੇਂਦਰੀ ਨੁਕਤਾ ਬਣ ਜਾਵੇਗਾ। ਪਰ ਇਹਨਾਂ ਨਵੇਂ ਉਭਰ ਰਹੇ ਵਰਗਾਂ ਦੇ ਚਿਹਰੇ-ਮੁਹਰੇ, ਉਹਨਾਂ ਦੇ ਸਿਆਸੀ ਝੁਕਾਵਾਂ ਅਤੇ ਉਭਰ ਰਹੇ ਤਣਾਓ ਦੇ ਵੱਖ ਵੱਖ ਰੂਪਾਂ ਬਾਰੇ ਸਾਡੀ ਜਾਣਕਾਰੀ ਅਜੇ ਨਾ ਹੋਣ ਦੇ ਬਰਾਬਰ ਹੈ। ਪੰਜਾਬ ਦੇ ਕਿਸੇ ਵੀ ਵਿਦਵਾਨ ਨੇ ਇਨ੍ਹਾਂ ਵਰਗਾਂ ਦੇ ਆਪਸੀ ਟਕਰਾਓ ਦਾ ਵੇਰਵੇ ਸਹਿਤ ਅਧਿਐਨ ਕਰਨ ਵਲ ਅਜੇ ਮੂੰਹ ਨਹੀਂ ਕੀਤਾ। ਜਿੰਨਾ ਇਹ ਮਸਲਾ ਮਹੱਤਵਪੂਰਣ ਹੈ ਉਨਾਂ ਹੀ ਗੁੰਝਲਦਾਰ ਤੇ ਮੁਸ਼ਕਲ ਵੀ। ਪਰ ਜਿਹੋ ਜਿਹੀ ਯੋਗਤਾ ਸਾਨੂੰ ਪ੍ਰਾਪਤ ਹੈ ਕੰਮ ਤਾਂ ਉਸ ਤੋਂ ਹੀ ਸ਼ੁਰੂ ਕਰਨਾ ਪੈਣਾ ਹੈ। ਆਪਣੇ ਇਸ ਲੇਖ ਵਿਚ ਏ.ਪੀ. ਸਿੰਘ ਨੇ ਇਸ ਮਸਲੇ ਬਾਰੇ ਮੁਢਲੀ ਜਾਣਕਾਰੀ ਦਿਤੀ ਹੈ।

ਸੇਧ ਦੇ ਪਾਠਕਾਂ, ਲੇਖਕਾਂ ਤੇ ਸੂਝਵਾਨ ਵਿਦਿਆਰਥੀਆਂ ਅਗੇ ਸਾਡੀ ਬੇਨਤੀ ਹੈ ਕਿ ਉਹ ਇਸ ਵਿਸ਼ੇ ਬਾਰੇ ਜਿਸ ਤਰ੍ਹਾਂ ਦਾ ਵੀ ਲਿਖ ਸਕਣ, ਜ਼ਰੂਰ ਲਿਖ ਕੇ ਭੇਜਣ, ਕਿਉਂਕਿ ਅਜਿਹੇ ਤੱਥ ਭਵਿਖ ਵਿਚ ਇਸ ਮਸਲੇ ਸਬੰਧੀ ਖੋਜ ਕਰਨ ਵਾਲਿਆਂ ਲਈ ਲੋੜੀਂਦਾ ਮਸਾਲਾ ਬਣ ਸਕਣਗੇ। ਇਸ ਮਹੱਤਵ-ਪੂਰਨ ਪੱਖ ਵਲ ਕਿ ਇਸ ਤਣਾਉ ਵਿਚ 'ਜਾਤ-ਪਾਤ' ਕੀ ਰੂਪ ਧਾਰਦੀ ਹੈ ਤੇ ਜੱਟਊ-ਪੁਣੇ ਦਾ ਜਜ਼ਬਾ ਕਿਥੋਂ ਤਕ ਪਿੰਡ ਦੇ ਸਾਰੇ ਜੱਟਾਂ ਨੂੰ ਇਕੋ ਰੱਸੇ ਵਿਚ ਬੰਨ੍ਹਦਾ ਹੈ, ਖਾਸ ਧਿਆਨ ਦਿਤਾ ਜਾਵੇ।

—ਸੰਪਾਦਕ]

1971 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਵਿਚ ਲਗਭਗ 7.87 ਲੱਖ ਖੇਤ ਮਜ਼ਦੂਰ ਸਨ! ਪੰਜਾਬ ਖੇਤ ਮਜ਼ਦੂਰ ਸਭਾ (ਪਖਮਸ) ਅਤੇ ਪੰਜਾਬ ਦਿਹਾਤੀ ਮਜ਼ਦੂਰ ਸਭਾ ਖੇਤ-ਮਜ਼ਦੂਰਾਂ ਦੀਆਂ ਸੂਬਾ ਪੱਧਰ ਦੀਆਂ ਜਥੇਬੰਦੀਆਂ ਹਨ। ਇਨ੍ਹਾਂ ਦਾ ਕ੍ਰਮਵਾਰ ਸੀ.ਪੀ.ਆਈ. ਅਤੇ ਸੀ.ਪੀ.ਐਮ. ਨਾਲ ਸਬੰਧ ਹੈ। ਪਖਮਸ ਦਾ ਸਿਲਵਰ ਜੁਬਲੀ ਸਮਾਗਮ 12 ਤੋਂ 15 ਸਤੰਬਰ ਤਕ ਮੋਗੇ ਵਿਖੇ ਹੋਇਆ। ਇਸ ਦੇ ਕੁਲ 1,28,902 ਮੈਂਬਰਾਂ ਵਿਚੋਂ ਲਗਭਗ 645 ਡੈਲੀਗੇਟ (ਇਕ ਡੈਲੀਗੇਟ 200 ਮੈਂਬਰਾਂ ਪਿਛੇ) ਚੁਣੇ ਗਏ, ਜਿਨ੍ਹਾਂ ਵਿਚੋਂ ਲਗਭਗ 591 ਡੈਲੀਗੇਟ ਹਾਜ਼ਰ ਹੋਏ। ਇਨ੍ਹਾਂ ਵਿਚੋਂ 10 ਕੁ ਇਸਤਰੀ ਡੈਲੀਗੇਟ ਵੀ ਸਨ। ਇਸ ਤੋਂ ਇਲਾਵਾ 20 ਕੁ ਦੇ ਕਰੀਬ

ਮਹਿਮਾਨ ਦਰਸ਼ਕ ਸਨ । ਇਹ ਲੇਖ ਮੁੱਖ ਤੌਰ 'ਤੇ ਜਨਰਲ ਸਕੱਤਰ ਦੀ ਰਿਪੋਰਟ, ਮਤਿਆਂ ਦੇ ਖਰੜੇ, ਪਖਮਸ ਦੇ ਜ਼ਿਲ੍ਹਾ ਲੀਡਰਾਂ ਨਾਲ ਇੰਟਰਵਿਊ ਅਤੇ ਕਾਨਫਰੰਸ ਵਿਚ ਅੱਖੀਂ ਦੇਖੀਆਂ ਗੱਲਾਂ 'ਤੇ ਆਧਾਰਤ ਹੈ ।

ਸੀ.ਪੀ.ਆਈ. ਦੀ ਜ਼ਰਾਇਤੀ ਢਾਂਚੇ ਦੀ ਸਮਝ ਬਾਰੇ ਇਥੇ ਕੁਝ ਵੇਰਵਾ ਦੇਣਾ ਠੀਕ ਰਹੇਗਾ ਕਿਉਂਕਿ ਇਸ 'ਤੇ ਹੀ ਪਖਮਸ ਲੀਡਰਸ਼ਿਪ ਦੀ ਸੋਚ ਆਧਾਰਤ ਹੈ । ਜਦੋਂ ਤਕ ਜਗੀਰੂ ਲੁੱਟ ਭਾਰੂ ਸੀ, ਸਰਮਾਏਦਾਰੀ ਨੇ ਕੋਈ ਵਿਸ਼ੇਸ਼ ਤਰੱਕੀ ਨਹੀਂ ਕੀਤੀ ਸੀ, ਅਤੇ ਆਪ ਮਾਲਕ/ਆਪ ਵਾਹਕ ਛੋਟੀ ਕਿਸਾਨੀ ਵੱਡੀ ਗਿਣਤੀ ਵਿਚ ਹੋਂਦ ਵਿਚ ਨਹੀਂ ਆਈ ਸੀ, ਉਦੋਂ ਇਸ ਨਾਲ ਸਬੰਧਤ ਕਿਸਾਨ ਸਭਾ ਦੇ 'ਜਾਗੀਰਦਾਰੀ ਦਾ ਖਾਤਮਾ' ਅਤੇ 'ਜ਼ਮੀਨ ਵਾਹਕ ਨੂੰ' ਦੋ ਬੁਨਿਆਦੀ ਨਾਹਰੇ ਸਨ । ਪਰ 1947 ਤੋਂ ਬਾਅਦ ਜ਼ਰਾਇਤੀ ਢਾਂਚੇ ਵਿਚ ਤਬਦੀਲੀ ਆਉਣ ਨਾਲ (ਪੂੰਜੀਵਾਦੀ ਉਤਪਾਦਨ ਪ੍ਰਣਾਲੀ ਭਾਰੂ ਹੋਣ ਨਾਲ) ਦੋ ਹੋਰ ਬੁਨਿਆਦੀ ਨਾਅਰੇ 'ਖੇਤੀਬਾੜੀ ਦੀ ਉਪਜ ਲਈ ਵਾਜਬ ਕੀਮਤ' ਅਤੇ 'ਛੋਟੀ ਕਿਸਾਨੀ ਲਈ ਤਰਜੀਹੀ ਮਦਦ' ਪਹਿਲੇ ਨਾਹਰਿਆਂ ਵਿਚ ਸ਼ਾਮਲ ਕੀਤੇ ਗਏ ਅਤੇ ਮਜ਼ਦੂਰੀ ਦੇ ਮਸਲੇ ਅਤੇ ਜਾਤਪਾਤ ਕਾਰਨ ਕਿਸਾਨੀ ਨਾਲ ਟੱਕਰ ਰਹਿਣ ਕਰ ਕੇ ਖੇਤ ਮਜ਼ਦੂਰਾਂ ਦੀ ਅੱਡ ਜਥੇਬੰਦੀ ਉਸਾਰੀ ਗਈ । ਪਰ ਮੁੱਖ ਤਬਦੀਲੀ ਇਹ ਆਈ ਕਿ ਅਜਾਰੇ-ਦਾਰਾਂ ਅਤੇ ਬਹੁ ਕੌਮੀ ਕੰਪਨੀਆਂ ਦੀ ਸਰਦਾਰੀ ਹੇਠ ਵੱਡੀ ਉਦਯੋਗਿਕ ਅਤੇ ਵਪਾਰਕ ਬੁਰਜੁਆਜ਼ੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਦੀ ਪ੍ਰਮੁੱਖ ਲੁਟੇਰੀ ਜਮਾਤ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਈ । ਇਸ ਲਈ ਅੱਜ ਦੇ ਹਾਲਾਤ ਵਿਚ ਜਗੀਰਦਾਰਾਂ, ਸਰਮਾਏਦਾਰਾਂ, ਬਹੁ ਕੌਮੀ ਕੰਪਨੀਆਂ ਅਤੇ ਉਨ੍ਹਾਂ ਦੇ ਸਾਮਰਾਜੀ ਸਰਪ੍ਰਸਤਾਂ ਵਿਰੁਧ ਲੜਨ ਲਈ 'ਖੇਤ ਮਜ਼ਦੂਰਾਂ ਅਤੇ ਮਿਹਨਤੀ ਕਿਸਾਨਾਂ' ਦਾ ਏਕਾ ਮਜ਼ਦੂਰਾਂ, ਗਰੀਬ ਅਤੇ ਛੋਟੇ ਕਿਸਾਨਾਂ' ਤੇ ਪੱਕਾ ਭਰੋਸਾ ਰੱਖ ਕੇ, ਮੱਧ ਕਿਸਾਨੀ ਨਾਲ ਏਕਾ ਕਰ ਕੇ ਅਤੇ ਨਾਲ ਹੀ ਅਮੀਰ ਕਿਸਾਨੀ ਨੂੰ ਆਪਣੇ ਨਾਲ ਲਾ ਕੇ (ਖਾਸ ਕਰ ਪਛੜੇ ਇਲਾ-ਕਿਆਂ ਵਿਚ) ਜਾਂ ਨਿਰਪੱਖ ਕਰ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ । ਆਰਥਕ ਮੰਦਵਾੜੇ ਅਤੇ ਕੁਦਰਤੀ ਆਫਤਾਂ ਵਿਚ ਅਮੀਰ ਕਿਸਾਨੀ ਦੇ ਇਕ ਹਿੱਸੇ ਨੂੰ ਭਾਰੀ ਨੁਕਸਾਨ ਉਠਾਉਣਾ ਪੈਂਦਾ ਹੈ ਜਿਸ ਕਰਕੇ ਉਹ ਹਿੱਸਾ ਮੱਧ ਕਿਸਾਨੀ ਵਾਲੀ ਅਵੱਸਥਾ ਵਲ ਧਕਿਆ ਜਾਂਦਾ ਹੈ । ਅਜਿਹੇ ਹਾਲਾਤ ਵਿਚ ਕਿਸਾਨੀ ਲਹਿਰ ਅਮੀਰ ਕਿਸਾਨਾਂ ਦੀ ਸਰਗਰਮ ਮਦਦ ਵਰਤ ਸਕਦੀ ਹੈ ਅਤੇ ਉਸ ਹੱਦ ਤਕ ਜ਼ਮੀਨੀ ਸੁਧਾਰਾਂ ਵਲ ਉਸਦੀ ਵਿਰੋਧਤਾ ਨੂੰ ਨਿਰਪੱਖ ਕਰ ਸਕਦੀ ਹੈ । ਕਾਂਗਰਸ ਸਰਕਾਰ ਪਿਛਲੇ 30 ਸਾਲਾਂ ਵਿਚ ਜਗੀਰਦਾਰੀ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕਰ ਸਕੀ । ਇਸ ਦੀ ਰਹਿੰਦ ਖੂੰਹਦ ਅਜੇ ਵੀ ਬਹੁਤ ਹੱਦ ਤਕ ਬਾਕੀ ਹੈ । ਇਸ ਲਈ ਪੇਂਡੂ ਗਰੀਬਾਂ ਨੂੰ ਦੋਹਾਂ, ਪੂੰਜੀਵਾਦੀ ਅਤੇ ਜਗੀਰੂ, ਲੁੱਟ ਦਾ ਬੋਝ ਸਹਿਣਾ ਪੈਂਦਾ ਹੈ । ਅਜਿਹੇ ਹਾਲਾਤਾਂ ਵਿਚ ਖੱਬੀਆਂ ਅਤੇ ਜਮਹੂਰੀ ਤਾਕਤਾਂ ਦੀ ਮਦਦ ਨਾਲ ਕੌਮੀ ਜਮਹੂਰੀ ਇਨਕਲਾਬ ਪੂਰਾ ਕਰ ਕੇ ਹੀ ਸਮਾਜਵਾਦ ਲਈ ਰਾਹ ਸਾਫ ਕੀਤਾ ਜਾ ਸਕਦਾ ਹੈ ਜਿਸ ਨੂੰ ਸੀ.ਪੀ.ਆਈ. ਸਮਾਜਵਾਦ ਵਲ ਵਿਕਾਸ ਦਾ ਗੈਰ-ਪੂੰਜੀਵਾਦੀ ਰਾਹ ਵੀ ਦਸਦੀ ਹੈ । (ਭਾਵੇਂ ਇਸ ਦੀ ਸੋਚ ਅਨੁਸਾਰ ਪੂੰਜੀਵਾਦੀ ਲੁੱਟ ਦੇਸ਼ ਦੇ ਵੱਡੇ ਹਿੱਸੇ ਵਿਚ ਭਾਰੂ ਹੋ ਚੁਕੀ ਹੈ ਪਰ ਇਸ ਦਾ ਮੁੱਖ ਨਿਸ਼ਾਨਾ ਹੁਣ ਤਕ ਪੂੰਜੀਵਾਦੀ ਢਾਂਚੇ ਦੀ ਸੇਵਾ ਕਰਨਾ ਹੀ ਰਿਹਾ ਹੈ) ਇਸ ਤੋਂ ਖੇਤ ਮਜ਼ਦੂਰਾਂ ਦੀ ਇਹ ਸਮਝ ਬਣਦੀ ਹੈ ਕਿ ਮੁੱਖ ਸੰਘਰਸ਼ ਸਰਕਾਰ ਦੁਆਲੇ ਘੁੰਮਦਾ ਹੈ । ਕੁਝ ਵੱਡੇ ਜ਼ਿਮੀਦਾਰਾਂ ਨੂੰ ਛੱਡ ਕੇ ਸਮੁੱਚੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਵਿਚਾਲੇ ਏਕਤਾ ਕਾਇਮ ਖਣੀ ਹੈ । ਜੇ ਟੱਕਰ ਹੋ ਵੀ ਜਾਏ ਤਾਂ ਹਮੇਸ਼ਾਂ ਕੋਸ਼ਿਸ਼ ਗਰੀਬਾਂ ਦੇ ਹੱਕ ਵਿਚ ਸਮਝੌਤਾ ਕਰਵਾਉਣ



ਵਲ ਹੋਵੇ । ਬਿਲਕੁਲ ਇਹਨਾਂ ਹੀ ਲੀਹਾਂ 'ਤੇ ਪਖਮਸ ਲੀਡਰਸ਼ਿਪ ਪਾਬੰਦੀ ਨਾਲ ਚਲਦੀ ਹੈ । ਪਰ ਖੇਤ ਮਜ਼ਦੂਰਾਂ ਦੇ ਆਪ-ਮੁਹਾਰੇ ਸੰਘਰਸ਼ਾਂ ਬਾਰੇ ਪਖਮਸ ਦੇ ਕਈ ਉਘੇ ਜ਼ਿਲ੍ਹਾ ਲੀਡਰਾਂ ਨਾਲ ਕੀਤੇ ਵਿਚਾਰ ਵਟਾਂਦਰੇ ਤੋਂ ਇਕ ਵਖਰੀ ਸੋਚ ਬਣਦੀ ਹੈ ।

ਪੰਜਾਬ ਦੇ ਜ਼ਰਾਇਤੀ ਪੈਦਾਵਾਰ ਦੇ ਰਿਸ਼ਤਿਆਂ ਵਿਚ ਕਿਹੜੀ ਵਿਰੋਧਤਾ ਭਾਰੂ ਹੈ ? ਇਸ ਦਾ ਜਵਾਬ ਜਨਰਲ ਸਕੱਤਰ ਦੀ ਰਿਪੋਰਟ ਵਿਚ ਦਿਤਾ ਗਿਆ ਹੈ । "ਸਭਾ ਨੇ ਪੇਂਡੂ ਗਰੀਬਾਂ ਦੀ ਹਰ ਕਿਸਮ ਦੀ ਲੁੱਟ-ਖਸੁੱਟ ਵਿਰੁੱਧ ਸੰਗਰਾਮ ਕੀਤਾ ਹੈ । ਪਰ ਇਸ ਸੰਗਰਾਮ ਦੀ ਮੁੱਖ ਧਾਰਾ ਜਾਗੀਰਦਾਰ, ਅਜਾਰੇਦਾਰ ਤੇ ਸਾਮਰਾਜੀ ਲੁੱਟ ਖਸੁੱਟ ਵਿਰੁੱਧ ਰਹੀ ਹੈ ।"

ਸੀ.ਪੀ.ਆਈ. ਕਿਸਾਨ ਸਭਾ ਦੇ ਲੀਡਰ ਛੱਜੂ ਮੱਲ ਵੈਦ ਨੇ 12 ਸਤੰਬਰ ਦੇ **ਨਵਾਂ ਜ਼ਮਾਨਾ** ਵਿਚ ਇਸ ਦਾ ਹੋਰ ਵਿਸਥਾਰ ਨਾਲ ਵਰਣਨ ਕੀਤਾ ਜਿਹੜਾ ਕਿ ਉਸਨੇ ਆਪਣੇ ਕਾਨਫਰੰਸ ਵਾਲੇ ਭਾਸ਼ਨ ਵਿਚ ਵੀ ਦੁਹਰਾਇਆ :

"ਪੇਂਡੂ ਇਲਾਕਿਆਂ ਵਿਚ ਦੋ ਵਿਰੋਧਤਾਈਆਂ ਨੰਗੀਆਂ ਤਿਖੀਆਂ ਹੋ ਕੇ ਸਾਹਮਣੇ ਆ ਰਹੀਆਂ ਹਨ : (1) ਜਾਗੀਰਦਾਰ ਸਰਮਾਇਆਦਾਰ ਫ਼ਾਰਮਰ ਦੇ ਰੂਪ ਵਿਚ ਤੇ ਮੋਟੇ ਧਨੀ ਕਿਸਾਨ ਇਕ ਪਾਸੇ; ਖੇਤ ਮਜ਼ਦੂਰ, ਛੋਟਾ ਗਰੀਬ ਤੇ ਸੀਮਾਂਤ ਕਿਸਾਨ ਤੇ ਦਰਮਿਆਨਾ ਕਿਸਾਨ ਦੂਜੇ ਪਾਸੇ । (2) ਸਮੁਚੀ ਕਿਸਾਨੀ, ਜਾਗੀਰਦਾਰ, ਸਰਮਾਇਆਦਾਰ ਫਾਰਮਰ, ਧਨੀ ਕਿਸਾਨ, ਖੇਤ ਮਜ਼ਦੂਰ ਸਮੇਤ ਇਕ ਪਾਸੇ ਤੇ ਵੱਡੇ ਵਿਉਪਾਰੀ, ਸਨਅਤੀ ਸਰਮਾਏਦਾਰੀ ਅਜਾਰੇਦਾਰਾਂ ਦੀ ਸਰਦਾਰੀ ਵਿਚ ਅਤੇ ਬਹੁਕੌਮੀ ਕੰਪਨੀਆਂ ਦੂਜੇ ਪਾਸੇ ।... ਇਹਨਾਂ ਵਿਰੋਧਤਾਈਆਂ ਨੂੰ ਨਾ ਤਾਂ ਇਕ ਜਾਂ ਦੂਜਾ ਨੰਬਰ ਦੇਣ ਦਾ ਸਵਾਲ, ਨਾ ਪਹਿਲੋਂ ਪਿਛੋਂ ਲੜਨ ਦਾ ਮਸਲਾ, ਜਿਥੇ ਜਿਹੜੀ ਉਠੇ ਪੈਰ ਜਮਾ ਕੇ ਲੜੋ । ਛੋਟੇ ਗਰੀਬ ਸੀਮਾਂਤ ਕਿਸਾਨਾਂ ਤੇ ਖੇਤ ਮਜ਼ਦੂਰਾਂ ਦਾ ਯੁੱਧ ਸਾਥ, ਦਰਮਿਆਨੇ ਕਿਸਾਨ ਨੂੰ ਆਪਣੇ ਹੱਕ ਪੱਖ ਵਿਚ, ਜਿਤਨਾ ਤੇ ਜਿੰਨਾ ਸੰਭਵ ਹੋਵੇ ਉਪਰਲੀਆਂ ਤੈਹਾਂ ਨੂੰ ਨਾਲ ਲੈਣਾ ਅੱਜ ਪੇਂਡੂ ਲਹਿਰ ਦੀ ਅਵੱਸ਼ ਲੋੜ ਹੈ ।" ਜਿੰਨਾ ਸੰਭਵ ਹੋਵੇ ਉਪਰਲੀਆਂ ਤੈਹਾਂ ਨੂੰ ਨਾਲ ਲੈਣ ਵਾਲੀ ਗੱਲ, ਕਿਸਾਨ ਲੀਡਰ ਦੀ ਦੂਜੀ ਵਿਰੋਧਤਾਈ ਨਾਲ ਪਾਬੰਦੀ ਦਰਸਾਉਂਦੀ ਹੈ ।

'ਖੇਤ ਮਜ਼ਦੂਰਾਂ ਅਤੇ ਮਿਹਨਤੀ ਕਿਸਾਨਾਂ ਦੀ ਏਕਤਾ' ਵੀ ਇਸ ਸੋਚ 'ਤੇ ਹੀ ਆਧਾਰਤ ਹੈ । ਜਨਰਲ ਸਕੱਤਰ ਦੀ ਰਿਪੋਰਟ ਦੇ ਅਨੁਸਾਰ "ਇਹ ਦੋਵੇਂ ਵਰਗ ਹੀ ਕਿਰਤੀ ਹਨ । ਦੋਵੇਂ ਹੀ ਲੁੱਟੇ ਜਾ ਰਹੇ ਹਨ । ਦੋਹਾਂ 'ਤੇ ਮਹਿੰਗਾਈ, ਸਰਕਾਰੀ ਟੈਕਸਾਂ ਤੇ ਹੋਰ ਜਨਤਾ-ਵਿਰੋਧੀ ਸਰਕਾਰੀ ਨੀਤੀਆਂ ਦੀ ਸੱਟ ਪੈਂਦੀ ਹੈ । ਦੋਹਾਂ 'ਤੇ ਪੁਲਸ ਜਬਰ ਹੁੰਦਾ ਹੈ । ਦੋਹਾਂ ਨੂੰ ਸਰਕਾਰੀ ਕਰਮਚਾਰੀ ਵੱਢੀਆਂ ਲੈ ਕੇ ਲੁਟਦੇ ਹਨ । ਖੇਤੀਬਾੜੀ ਦੀ ਉਪਜ ਵਿਚ ਵਾਧਾ ਕਰਨਾ ਦੋਹਾਂ ਦੇ ਹਿੱਤ ਵਿਚ ਹੈ । ਖੇਤੀ ਬਾੜੀ ਦੀ ਉਪਜ ਵਿਚ ਵਾਧੇ ਨਾਲ ਕਿਸਾਨਾਂ ਦੀ ਆਮਦਨ ਵਧਦੀ ਹੈ । ਖੇਤ ਮਜ਼ਦੂਰਾਂ ਨੂੰ ਜ਼ਿਆਦਾ ਰੋਜ਼ਗਾਰ ਮਿਲਦਾ ਹੈ ਅਤੇ ਚੰਗੀਆਂ ਉਜਰਤਾਂ ਪ੍ਰਾਪਤ ਕਰਨ ਲਈ ਸੁਖਾਵੇਂ ਹਾਲਾਤ ਪੈਦਾ ਹੁੰਦੇ ਹਨ... ਇਹ ਦੋਵੇਂ ਵਰਗ ਪਿੰਡਾਂ ਵਿਚ ਵਿਦਿਅਕ, ਡਾਕਟਰੀ ਅਤੇ ਆਵਾਜਾਈ ਦੀਆਂ ਸਹੂਲਤਾਂ ਵਿਚ ਵਾਧਾ ਮੰਗਦੇ ਹਨ । ਖੇਤ ਮਜ਼ਦੂਰ ਸਭਾ ਇਸ ਗੱਲ ਦੀ ਬੜੀ ਇੱਛਕ ਹੈ ਕਿ ਹਰ ਪਿੰਡ ਵਿਚ ਕਿਸਾਨ ਸਭਾ ਵੀ ਉਸਾਰੀ ਜਾਵੇ ਤਾਂ ਜੋ ਖੇਤ ਮਜ਼ਦੂਰ ਅਤੇ ਕਿਸਾਨ ਸਭਾਵਾਂ ਦੋਵੇਂ ਮਿਲ ਕੇ ਲੁੱਟ-ਖਸੁੱਟ ਦੇ ਖਾਤਮੇ ਲਈ ਤੇ ਬਿਹਤਰ ਜ਼ਿੰਦਗੀ ਦੀ ਪ੍ਰਾਪਤੀ ਲਈ ਪੇਂਡੂ ਕਿਰਤੀਆਂ ਦੇ ਸਾਂਝੇ ਘੋਲ ਲਾਮਬੰਦ ਕਰਨ ਅਤੇ ਜੇ ਦੋਹਾਂ ਵਰਗਾਂ ਵਿਚਕਾਰ ਉਜਰਤ ਜਾਂ ਕਿਸੇ ਹੋਰ ਗੱਲ ਦਾ ਝਗੜਾ ਹੋ ਜਾਵੇ ਤਾਂ ਉਸ ਦਾ ਮਿਲ ਕੇ ਗਰੀਬਾਂ ਦੇ ਹਿੱਤਾਂ ਨੂੰ ਮੁੱਖ ਰਖਦੇ

ਹੋਏ ਫੈਸਲਾ ਕੀਤਾ ਜਾਵੇ।" ਇਸ ਟੂਕ ਤੋਂ ਸਾਫ ਜ਼ਾਹਿਰ ਹੈ ਕਿ ਪਖਮਸ ਅਨੁਸਾਰ ਪਿੰਡਾਂ ਵਿਚ ਸਮੁੱਚੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਵਿਚਾਲੇ ਟੱਕਰ ਦੇ ਮੌਕੇ ਘੱਟ ਅਤੇ ਏਕਤਾ ਦੇ ਜ਼ਿਆਦਾ ਹਨ। ਜੇ ਟੱਕਰ ਹੋ ਵੀ ਜਾਵੇ, ਤਾਂ ਖੇਤ ਮਜ਼ਦੂਰ ਅਤੇ ਕਿਸਾਨ ਸਭਾਵਾਂ ਮਿਲ ਕੇ ਗਰੀਬਾਂ ਦੇ ਹੱਕ ਵਿਚ ਸਮਝੌਤਾ ਕਰਵਾ ਸਕਦੀਆਂ ਹਨ। ਇਨ੍ਹਾਂ ਸਾਂਝੇ ਮਸਲਿਆਂ 'ਤੇ ਏਕਤਾ ਅਤੇ ਟਕਰਾਉ ਵਾਲੇ ਮਸਲਿਆਂ 'ਤੇ ਸਮਝੌਤੇ ਦਾ ਫਾਇਦਾ ਕਿਸਨੂੰ ਹੋਵੇਗਾ, ਖਾਸ ਕਰਕੇ ਜਦੋਂ ਕਿਸਾਨ ਸਭਾ ਅਤੇ ਪੇਂਡੂ ਬੁਰਜੁਆਜ਼ੀ ਦੀਆਂ ਜਥੇਬੰਦੀਆਂ ਵਿਚਾਲੇ ਅਮਲ ਵਿਚ ਲਗਭਗ ਕੋਈ ਫਰਕ ਨਾ ਹੋਵੇ?

ਪਖਮਸ ਦੇ ਘੋਲਾਂ ਦਾ ਮੁੱਖ ਨਿਸ਼ਾਨਾ ਸਰਕਾਰ ਹੀ ਰਹੀ ਹੈ। ਇਕ ਜ਼ਿਲ੍ਹਾ ਲੀਡਰ ਅਨੁਸਾਰ ਸਰਕਾਰ ਵੱਲ **agitational approach** ਨਾਲੋਂ **trade union approach** 'ਤੇ ਜ਼ਿਆਦਾ ਜ਼ੋਰ ਦਿਤਾ ਗਿਆ, ਭਾਵ ਖੇਤ ਮਜ਼ਦੂਰਾਂ ਨੂੰ ਅਮਲ ਵਿਚ ਵੱਧ ਤੋਂ ਵੱਧ ਆਰਥਕ ਫਾਇਦਾ ਪੁਚਵਾਉਣਾ। ਪਖਮਸ ਦੇ ਇਕ ਸੂਬਾ ਲੀਡਰ ਅਨੁਸਾਰ ਸਰਕਾਰ ਦੀਆਂ ਤਰੱਕੀ ਅਤੇ ਸਮਾਜ ਭਲਾਈ ਦੀਆਂ ਸਕੀਮਾਂ ਵੱਲ ਇਸ ਦੀ ਗਲਤ ਨੀਤੀ ਨੂੰ ਨਿੰਦਣ, ਠੀਕ ਦੀ ਹਿਮਾਇਤ ਅਤੇ ਉਹਨਾਂ ਦੀ ਬੇਹਤਰੀ ਲਈ ਠੋਸ ਸੁਝਾਅ ਦੇਣ ਦੀ ਰਹੀ ਹੈ।

ਕਾਨਫਰੰਸ ਵਿਚ ਬਰੇਸ਼ਰ ਹਾਦਸਿਆਂ, ਗਰੀਬਾਂ ਦੀ ਮੁਫਤ ਕਾਨੂੰਨੀ ਸਹਾਇਤਾ, ਸਮਾਜ ਭਲਾਈ, ਨਿਕਾਸੀ ਜ਼ਮੀਨ ਦੀ ਵੰਡ, ਭੂਮੀ ਸੁਧਾਰ, ਚੌਕੀਦਾਰਾਂ ਦੀਆਂ ਮੰਗਾਂ ਦੇ ਸਮਰਥਨ, ਘੱਟ ਤੋਂ ਘੱਟ ਉਜਰਤਾਂ, ਘਰਾਂ ਲਈ ਮੁਫਤ ਥਾਂ, ਸਸਤੇ ਕਰਜ਼ੇ, ਸਮਾਜਕ ਜਬਰ, ਮਹਿੰਗਾਈ ਬਾਰੇ ਅਤੇ ਅੰਤਰ-ਰਾਸ਼ਟਰੀ ਅਗਾਂਹ ਵਧੂ ਲਹਿਰਾਂ ਦੇ ਸਮਰਥਨ ਸਬੰਧੀ ਮਤੇ ਪਾਸ ਕੀਤੇ ਗਏ।

ਖੇਤ ਮਜ਼ਦੂਰਾਂ ਦੀਆਂ ਆਪ-ਮੁਹਾਰੀਆਂ ਹੜਤਾਲਾਂ ਮੁੱਖ ਤੌਰ 'ਤੇ ਸਰਮਾਏਦਾਰ ਕਿਸਾਨਾਂ ਦੇ ਉਲਟ ਹੁੰਦੀਆਂ ਹਨ। ਤਣਾਉ ਉਜਰਤ ਅਤੇ ਜ਼ਮੀਨੀ ਝਗੜਿਆਂ ਅਤੇ ਖੇਤ ਮਜ਼ਦੂਰਾਂ ਦੇ ਸਰਮਾਏਦਾਰ ਕਿਸਾਨਾਂ ਵਲ ਦਾਅਵੇ ਅਤੇ ਬਰਾਬਰਤਾ ਵਾਲੇ ਵਤੀਰੇ ਕਾਰਨ ਪੈਦਾ ਹੁੰਦਾ ਹੈ, ਭਾਵੇਂ ਇਹ ਕਾਰਨ ਅਮਲ ਵਿਚ ਰਲੇ ਮਿਲੇ ਰੂਪ ਵਿਚ ਸਾਹਮਣੇ ਆਉਂਦੇ ਹਨ। ਇਹ ਗੱਲ ਜ਼ਿਲ੍ਹਾ ਖੇਤ ਮਜ਼ਦੂਰ ਲੀਡਰਾਂ ਨਾਲ ਕੀਤੇ ਗਏ ਵਿਚਾਰ-ਵਟਾਂਦਰੇ ਤੋਂ ਸਾਹਮਣੇ ਆਈ।

ਮੁੱਖ ਤੌਰ 'ਤੇ ਅਜਿਹੇ ਝਗੜੇ ਮਜ਼ਦੂਰੀ ਦੇ ਮਸਲੇ 'ਤੇ ਹੁੰਦੇ ਹਨ। ਲਗਭਗ ਹਰ ਇਕ ਝਗੜੇ ਵਿਚ ਸਰਮਾਏਦਾਰ ਕਿਸਾਨੀ ਹੜਤਾਲ ਕਰ ਰਹੇ ਮਜ਼ਦੂਰਾਂ ਦਾ ਸਮਾਜਕ ਬਾਈਕਾਟ ਕਰਦੀ ਹੈ ਅਤੇ ਬੜੀ ਅਸਾਨੀ ਨਾਲ ਗਵਾਂਢੀ ਪਿੰਡਾਂ ਦੇ ਅਤੇ ਬਾਹਰਲੇ ਮਜ਼ਦੂਰ ਲੈ ਆਉਂਦੀ ਹੈ। ਕਈ ਜ਼ਿਲ੍ਹਾ ਸਕੱਤਰਾਂ ਨੇ ਆਪਣੀਆਂ ਰਿਪੋਰਟਾਂ ਵਿਚ ਕਿਹਾ ਕਿ ਪਖਮਸ ਨੇ ਹੜਤਾਲ ਕਰਨ ਵਾਲੇ ਮਜ਼ਦੂਰਾਂ ਦਾ ਹਰ ਵੇਲੇ ਸਾਥ ਦਿਤਾ। ਸਿਰਫ ਫਰੀਦਕੋਟ ਜ਼ਿਲ੍ਹੇ ਦੇ ਇਕ ਡੈਲੀਗੇਟ ਨੇ ਕਿਹਾ ਕਿ ਉਸ ਨੇ ਜ਼ਿਆਦਾ ਉਜਰਤ ਵਾਸਤੇ ਹੜਤਾਲਾਂ ਕਰਵਾਈਆਂ ਅਤੇ ਜਿਥੇ ਬਿਲਕੁਲ ਵੀ ਜਥੇਬੰਦੀ ਨਹੀਂ ਸੀ, ਉਥੇ ਇਕ ਤਕੜੀ ਜਥੇਬੰਦੀ ਬਨਾਉਣ ਵਿਚ ਸਫਲ ਹੋਇਆ।

ਚਰਾਂਦ, ਰਸਤੇ, ਰੂੜੀ ਦੇ ਢੇਰ, ਗੋਹਾ ਪੱਥਣ ਵਾਲੀ ਥਾਂ, ਟੱਟੀ ਜਾਣ ਵਾਲੀ ਥਾਂ ਲਈ ਜ਼ਮੀਨ, ਅਤੇ ਹੋਰ ਨਿੱਜੀ ਅਤੇ ਸਾਂਝੀਆਂ ਸਹੂਲਤਾਂ ਲਈ ਜ਼ਮੀਨ ਵਾਸਤੇ ਵੀ ਕਾਫੀ ਝਗੜੇ ਹੁੰਦੇ ਹਨ। ਕਿਤੇ ਕਿਤੇ ਵਾਹੁਣ ਵਾਲੀ ਜ਼ਮੀਨ ਪਿਛੇ ਵੀ ਝਗੜੇ ਹੁੰਦੇ ਹਨ ਜਿਥੇ ਖੇਤ ਮਜ਼ਦੂਰਾਂ ਕੋਲ ਥੋੜੀ ਬਹੁਤ ਸ਼ਾਮਲਾਟ ਜਾਂ ਸਰਕਾਰੀ ਜ਼ਮੀਨ ਹੈ। ਪਰ ਕਾਨਫਰੰਸ ਵਿਚ ਜ਼ਿਆਦਾ ਜ਼ੋਰ ਨਿਕਾਸੀ ਜ਼ਮੀਨ ਦੀ ਵੰਡ ਅਤੇ ਤਿੱਖੇ ਜ਼ਮੀਨੀ ਸੁਧਾਰਾਂ 'ਤੇ ਦਿਤਾ ਗਿਆ। ਉਨ੍ਹਾਂ ਦੀ ਕੰਮ ਕਰਨ ਅਤੇ ਰਹਿਣ ਸਹਿਣ ਦੀ ਹਾਲਤ ਸੁਧਾਰਨ ਵਲ ਘੱਟ ਧਿਆਨ ਦਿਤਾ ਗਿਆ। ਸਿਰਫ ਬੇਘਰਿਆਂ ਨੇ ਘਰਾਂ ਦਾ ਮਸਲਾ



ਬੜੇ ਜ਼ੋਰ ਸ਼ੋਰ ਨਾਲ ਉਠਾਇਆ ਜਿਸ ਦਾ ਅਮਲ ਵਿਚ ਖੇਤ ਮਜ਼ਦੂਰਾਂ ਨੂੰ ਕੋਈ ਖਾਸ ਫਾਇਦਾ ਨਹੀਂ ਹੋਇਆ। ਇਕ ਪਖਮਸ ਦੇ ਜ਼ਿਲ੍ਹਾ ਲੀਡਰ ਅਨੁਸਾਰ ਇਹ ਸਕੀਮ ਸਿਰਫ ਉਨ੍ਹਾਂ ਵਾਸਤੇ ਸੀ ਜਿਨ੍ਹਾਂ ਘਰਾਂ ਦੇ ਮੁੰਡੇ ਵਿਆਹੇ ਜਾਣ ਤੋਂ ਬਾਅਦ ਅੱਡ ਹੋ ਜਾਂਦੇ ਹਨ। ਪਰ ਹੁਣ ਇਹ ਸਾਰੇ ਖੇਤ ਮਜ਼ਦੂਰਾਂ ਦੀ ਮੰਗ ਬਣ ਗਈ ਹੈ। ਇਕ ਖਾਸ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਪਲਾਟ ਲੈਣ ਦਾ ਮਸਲਾ ਮਕਾਨ ਬਣਾਉਣ ਦੇ ਮਸਲੇ, ਤੋਂ ਜ਼ਿਆਦਾ ਭਖਦਾ ਰਿਹਾ ਹੈ। ਅਸੀਂ ਪਖਮਸ ਦੇ 6 ਜ਼ਿਲ੍ਹਾ ਲੀਡਰਾਂ ਦੇ 'ਬੇਜ਼ਮੀਨਿਆਂ ਨੂੰ ਜ਼ਮੀਨ (ਵਾਹੀ ਵਾਲੀ) ਦੇਣ ਦੇ ਮਸਲੇ 'ਤੇ ਵਿਚਾਰ ਜਾਣਨ ਲਈ ਇੰਟਰਵਿਊ ਕੀਤੀ। ਅਸੀਂ ਉਨ੍ਹਾਂ ਨੂੰ ਪੁਛਿਆ ਕਿ ਇਸ ਮਸਲੇ ਦੀ ਅੱਜ ਕੱਲ ਦੀਆਂ ਹਾਲਤਾਂ ਵਿਚ ਕਿੰਨੀ ਕੁ ਅਨੁਕੂਲਤਾ ਹੈ। ਦੋ ਨੇ ਮੰਨਿਆ ਕਿ ਇਸ ਨੂੰ ਬੁਨਿਆਦੀ ਮਸਲਾ ਨਹੀਂ ਬਣਾਉਣਾ ਚਾਹੀਦਾ ਜਿਵੇਂ ਕਿ ਪਖਮਸ ਅਜੇ ਤਕ ਬਣਾਉਂਦੀ ਆਈ ਹੈ। ਤਿੰਨਾਂ ਨੇ ਕਿਹਾ ਕਿ ਭਾਵੇਂ ਵੰਡਣਯੋਗ ਜ਼ਮੀਨ ਬਹੁਤ ਘੱਟ ਗਈ ਹੈ ਪਰ ਫੇਰ ਵੀ ਇਹ ਮਸਲਾ ਹਟਾਇਆ ਨਹੀਂ ਜਾ ਸਕਦਾ ਕਿਉਂਕਿ ਖੇਤ ਮਜ਼ਦੂਰਾਂ ਵਿਚ ਜ਼ਮੀਨ ਦੀ ਭੁਖ ਹੈ। ਜਦੋਂ ਖੇਤ ਮਜ਼ਦੂਰ ਹੜਤਾਲ ਕਰਦੇ ਹਨ ਅਤੇ ਸਰਮਾਏਦਾਰ ਕਿਸਾਨੀ ਉਸ ਦੇ ਜਵਾਬ ਵਿਚ ਉਨ੍ਹਾਂ ਦਾ ਸਮਾਜਕ ਬਾਈਕਾਟ ਕਰਦੀ ਹੈ, ਉਸ ਵੇਲੇ ਛੋਟਾ ਜਿਹਾ ਜ਼ਮੀਨ ਦਾ ਟੁਕੜਾ ਵੀ ਉਨ੍ਹਾਂ ਦੀ ਟੱਕਰ ਲੈਣ ਦੀ ਸਮੱਰਥਾ ਵਧਾਉਂਦਾ ਹੈ। ਛੇਵੇਂ ਨੇ ਇਸ ਮਸਲੇ ਦੇ ਹੱਕ ਵਿਚ ਹੋਰ ਦਲੀਲਾਂ ਦਿਤੀਆਂ। ਪਹਿਲਾਂ ਸੀ.ਪੀ.ਆਈ. ਦੀ ਕਾਂਗਰਸ ਨਾਲ ਸੰਧੀ ਸੀ ਅਤੇ ਹੁਣ ਅਕਾਲੀਆਂ ਨਾਲ ਹੈ। ਜੇ ਉਹ ਇਸ ਮਸਲੇ 'ਤੇ ਚੁਪ ਕਰ ਜਾਂਦੇ ਹਨ ਤਾਂ ਲੋਕ ਕਹਿਣਗੇ ਕਿ ਅਕਾਲੀਆਂ ਨਾਲ ਨੀਵੇਂ ਹੋ ਕੇ ਸਮਝੌਤਾ ਕੀਤਾ ਹੈ। ਪਰ ਜੇ ਉਹ ਇਸ ਮਸਲੇ ਨੂੰ ਲੈ ਕੇ ਲੈਂਡਲਾਰਡਾਂ ਦੇ ਉਲਟ ਲੜਦੇ ਹਨ (ਭਾਵੇਂ ਥੋੜੇ ਹੀ ਹਨ) ਜਿਹੜੇ ਕਿ ਦੋਵੇਂ ਅਕਾਲੀ ਅਤੇ ਕਾਂਗਰਸੀ ਹਨ, ਇਸ ਨਾਲ ਉਨ੍ਹਾਂ ਦੀ ਲੋਕਾਂ ਸਾਹਮਣੇ ਆਜ਼ਾਦ ਤਸਵੀਰ ਬਣਦੀ ਹੈ। ਉਸ ਨੇ ਅੱਗੇ ਕਿਹਾ ਕਿ ਭਾਵੇਂ ਪੰਜਾਹਵਿਆਂ ਦੇ ਸ਼ੁਰੂ ਵਿਚ ਪੈਪਸੂ ਵਿਚ ਹੋਏ ਮੁਜ਼ਾ-ਰਿਆਂ ਦੇ ਸੰਘਰਸ਼ ਨਾਲ ਉਨ੍ਹਾਂ ਨੂੰ ਜ਼ਮੀਨ ਮਿਲੀ ਪਰ ਉਨ੍ਹਾਂ ਵਿਚੋਂ ਬਹੁਤੇ ਦੋ ਕਾਰਨਾਂ ਕਰਕੇ ਕਮਿਊਨਿਸਟਾਂ ਤੋਂ ਦੂਰ ਹੋ ਗਏ—ਪ੍ਰਾਪਤ ਕੀਤੀ ਜ਼ਮੀਨ ਦੀ ਨਾਬਰਾਬਰ ਵੰਡ ਅਤੇ ਨਾਲੋ ਨਾਲ ਰਾਜਨੀਤਕ ਸੂਝ ਦੇਣ ਵਿਚ ਅਣਗਹਿਲੀ। ਇਕ ਜ਼ਿਲ੍ਹਾ ਲੀਡਰ ਨੂੰ ਛੱਡ ਕੇ ਬਾਕੀ ਉਪਰਲੇ ਸਾਰੇ ਇਸ ਗੱਲ 'ਤੇ ਸਹਿਮਤ ਸਨ ਕਿ ਬੁਨਿਆਦੀ ਮਸਲਾ ਬੇਜ਼ਮੀਨਿਆਂ ਨੂੰ ਜ਼ਮੀਨ ਦੇਣ ਦੀ ਥਾਂ ਜ਼ਿਆਦਾ ਅਸਲ ਮਜ਼ਦੂਰੀ ਅਤੇ ਪੱਕੇ ਰੁਜ਼ਗਾਰ ਦਾ ਚਾਹੀਦਾ ਹੈ।

ਜਿਨਸ ਮਜ਼ਦੂਰੀ ਤੋਂ ਨਕਦ ਮਜ਼ਦੂਰੀ ਵਿਚ ਤਬਦੀਲੀ ਹੋਣ ਨਾਲ, ਬੁਰਜੂਆ ਸੰਸਥਾਵਾਂ ਦੇ ਵਧਣ ਕਾਰਨ ਅਤੇ ਜਥੇਬੰਦੀ ਵਧਣ ਨਾਲ ਖੇਤ ਮਜ਼ਦੂਰਾਂ ਦਾ ਸਰਮਾਏਦਾਰ ਕਿਸਾਨੀ ਵੱਲ ਦਾਅਵੇ ਅਤੇ ਬਰਾਬਰਤਾ ਵਾਲਾ ਵਤੀਰਾ ਬਣ ਚੁਕਾ ਹੈ। ਜਿਉਂ ਹੀ ਉਹ ਕਿਸੇ ਮਸਲੇ 'ਤੇ ਆਪਣਾ ਅਜਿਹਾ ਵਤੀਰਾ ਅਮਲ ਵਿਚ ਲਿਆਉਂਦੇ ਹਨ, ਪਿੰਡ ਵਿਚ ਤਣਾਉ ਪੈਦਾ ਹੋ ਜਾਂਦਾ ਹੈ ਅਤੇ ਪਿੰਡ ਦੇ ਲੋਕ ਆਮ ਤੌਰ 'ਤੇ ਦੋ ਹਿੱਸਿਆਂ ਵਿਚ ਵੰਡੇ ਜਾਂਦੇ ਹਨ। ਇਕ ਪਾਸੇ ਖੇਤ ਮਜ਼ਦੂਰ ਜਿਹੜੇ ਕਿ ਬਹੁਤੇ ਹਰੀਜਨ ਹਨ, ਅਤੇ ਦੂਸਰੇ ਪਾਸੇ ਕਿਸਾਨ ਜਿਹੜੇ ਕਿ ਬਹੁਤੇ ਜੱਟ ਸਿੱਖ ਹਨ। ਪਰ ਪਖਮਸ ਅਤੇ ਪੰਜਾਬ ਦਿਹਾਤੀ ਮਜ਼ਦੂਰ ਸਭਾ ਨੇ ਗਵਰਨਰ ਨੂੰ ਪੇਸ਼ ਕੀਤੇ ਆਪਣੇ ਸਾਂਝੇ ਮੈਮੋਰੰਡਮ ਵਿਚ ਸਮਾਜਕ ਜਬਰ ਨੂੰ ਪੁਰਾਣੇ ਢੰਗ ਨਾਲ ਹੀ ਪੇਸ਼ ਕੀਤਾ, ਜਿਹੜਾ ਕਿ ਜਨਰਲ ਸਕੱਤਰ ਦੀ ਰਿਪੋਰਟ ਵਿਚ ਵੀ ਦਰਜ ਹੈ:

"ਖੇਤ ਮਜ਼ਦੂਰ ਲਹਿਰ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੀ ਹੈ ਕਿ ਸਮਾਜਕ ਜਬਰ ਦਾ

ਮੁੱਖ ਕਾਰਨ ਅੱਜ ਦਾ ਨੀਮ-ਜਗੀਰਦਾਰੀ ਸਮਾਜਕ-ਆਰਥਕ ਢਾਂਚਾ ਹੈ ਅਤੇ ਜਗੀਰਦਾਰੀ ਦੀ ਰਹਿੰਦ ਖੂੰਹਦ ਨੂੰ ਖ਼ਤਮ ਕੀਤੇ ਬਗ਼ੈਰ ਸਮਾਜਕ ਜਬਰ ਦਾ ਖ਼ਾਤਮਾ ਨਹੀਂ ਕੀਤਾ ਜਾ ਸਕਦਾ ...ਜਗੀਰਦਾਰੀ ਜਿਹੜੀ ਕਿ ਸਮਾਜਕ ਜਬਰ ਦਾ ਮੁੱਖ ਕਾਰਨ ਹੈ ਦੀ ਰੀੜ ਦੀ ਹੱਡੀ ਤੋੜਨ ਲਈ ਤਿੱਖੇ ਭੂਮੀ ਸੁਧਾਰ ਲਾਗੂ ਕਰਨੇ ਜ਼ਰੂਰੀ ਹਨ ਜਿਹਾ ਕਿ ਕੇਰਲਾ ਅਤੇ ਪੱਛਮੀ ਬੰਗਾਲ ਵਿਚ ਕੀਤਾ ਗਿਆ ਹੈ।''

ਕੀਮਤਾਂ ਨੂੰ ਕੰਟਰੋਲ ਕਰਨ ਦੇ ਸਵਾਲ 'ਤੇ ਸੀ.ਪੀ.ਆਈ. ਗੁੰਝਲ ਵਿਚ ਫਸੀ ਹੋਈ ਹੈ। ਇਕ ਪਾਸੇ ਤਾਂ ਉਹ ਖੇਤੀਬਾੜੀ ਜਿਨਸਾਂ ਦੀਆਂ ਕੀਮਤਾਂ ਵਧਵਾ ਕੇ ਖੇਤੀਬਾੜੀ ਅਤੇ ਉਦਯੋਗਿਕ ਜਿਨਸਾਂ ਦੀਆਂ ਕੀਮਤਾਂ ਵਿਚ ਬਰਾਬਰੀ ਚਾਹੁੰਦੀ ਹੈ ਅਤੇ ਦੂਸਰੇ ਪਾਸੇ ਚਾਹੁੰਦੀ ਹੈ ਕਿ ਰੋਜ਼ਾਨਾ ਵਰਤੋਂ ਵਿਚ ਆਉਣ ਵਾਲੀਆਂ ਚੀਜ਼ਾਂ ਅਸਰਦਾਰ ਪਬਲਿਕ ਪ੍ਰਨਾਲੀ ਰਾਹੀਂ ਘੱਟ ਕੀਮਤ 'ਤੇ ਮਿਲਣ। ਇਕ ਜ਼ਿਲ੍ਹਾ ਲੀਡਰ ਨੇ ਇੰਟਰਵਿਊ ਵਿਚ ਕਿਹਾ ਕਿ ਉਹ ਪਾਰਟੀ ਨਾਲ ਸਬੰਧਤ ਕਿਸਾਨ ਸਭਾ ਨਾਲ ਖੇਤੀਬਾੜੀ ਦੀਆਂ ਜਿਨਸਾਂ ਦੀਆਂ ਜ਼ਿਆਦਾ ਕੀਮਤਾਂ ਦੀ ਮੰਗ 'ਤੇ ਸਹਿਮਤ ਨਹੀਂ। ਇਸ ਨੂੰ ਉਨੀਆਂ ਜ਼ਿਆਦਾ ਕੀਮਤਾਂ ਨਹੀਂ ਮੰਗਣੀਆਂ ਚਾਹੀਦੀਆਂ ਜਿੰਨੀਆਂ ਅਕਾਲੀ ਦਲ ਮੰਗਦਾ ਹੈ। ਇਸ ਤੋਂ ਇਲਾਵਾ ਆਪਣੇ ਆਪ 'ਵਾਸਤੇ ਰੁਜ਼ਗਾਰ ਪੈਦਾ ਕਰਨ ਲਈ ਸਸਤੇ ਕਰਜ਼ਿਆਂ 'ਤੇ ਕਾਨਫਰੰਸ ਵਿਚ ਬਹੁਤ ਜ਼ੋਰ ਦਿਤਾ ਗਿਆ। ਪਰ ਸਰਕਾਰ ਕੋਲੋਂ ਰੁਜ਼ਗਾਰ ਦੇ ਮੌਕੇ ਵਧਾਉਣਾ ਭਵਿੱਖ ਲਈ ਰੱਖੇ ਕਈ ਕੰਮਾਂ ਵਿਚੋਂ ਇਕ ਕੰਮ ਰਖਿਆ ਗਿਆ। ਇਸ ਮਸਲੇ 'ਤੇ ਕਾਨਫ਼ਰੰਸ ਵਿਚ ਕਿਸੇ ਤਰ੍ਹਾਂ ਦੀ ਬਹਿਸ ਵੀ ਨਹੀਂ ਹੋਈ। ਬਰੈਸ਼ਰ ਹਾਦਸਿਆਂ ਦੇ ਪੀੜਤਾਂ ਲਈ ਮਾਲੀ ਸਹਾਇਤਾ, ਸਮਾਜ ਭਲਾਈ ਅਤੇ ਗ਼ਰੀਬਾਂ ਲਈ ਮੁਫਤ ਕਾਨੂੰਨੀ ਸਹਾਇਤਾ ਆਦਿ ਮਸਲਿਆਂ 'ਤੇ ਵੀ ਕਾਨਫਰੰਸ ਵਿਚ ਜ਼ੋਰ ਦਿਤਾ ਗਿਆ।

ਬਾਹਰਲੇ ਮਜ਼ਦੂਰ ਪਿਛਲੇ 8-10 ਸਾਲਾਂ ਤੋਂ ਪੰਜਾਬ ਵਿਚ ਆ ਰਹੇ ਹਨ ਜਿਹੜੇ ਪਿਛਲੇ ਕੁਝ ਸਾਲਾਂ ਵਿਚ ਪੰਜਾਬ ਦੇ ਹਰ ਇਕ ਹਿੱਸੇ ਵਿਚ ਪਹੁੰਚ ਚੁਕੇ ਹਨ। ਸਰਮਾਏਦਾਰ ਕਿਸਾਨਾਂ ਦੀ ਕਟਾਈ/ਬਿਜਾਈ ਵੇਲੇ ਮਜ਼ਦੂਰਾਂ ਦੀ ਥੁੜ ਦੀ ਸਮੱਸਿਆ ਕਾਫੀ ਹੱਲ ਹੋ ਗਈ ਹੈ ਪਰ ਮਜ਼ਦੂਰਾਂ ਦੀ ਘੱਟ ਮਜ਼ਦੂਰੀ ਦੀ ਸਮੱਸਿਆ ਹੋਰ ਤੀਬਰ ਬਣ ਗਈ ਹੈ। ਹੁਣ ਮਜ਼ਦੂਰਾਂ ਲਈ ਪਿੰਡ ਪੱਧਰ 'ਤੇ ਸਰਮਾਏਦਾਰ ਕਿਸਾਨੀ ਵਿਰੁਧ ਲੜਨਾ ਸੰਭਵ ਨਹੀਂ ਹੋ ਸਕੇਗਾ। ਪਖਮਸ ਨੇ ਇਸ ਸਮੱਸਿਆ ਦਾ ਕੋਈ ਠੋਸ ਹੱਲ ਨਹੀਂ ਦਸਿਆ। ਜਿਹੜੇ ਇਸ ਸਮੱਸਿਆ 'ਤੇ ਬੋਲੇ, ਉਹ ਨਸੀਹਤਾਂ ਤਕ ਹੀ ਸੀਮਤ ਰਹੇ। ਇਕ ਪਖਮਸ ਲੀਡਰ ਨੇ ਕਿਹਾ ਕਿ ਅਸੀਂ ਬਾਹਰਲੇ ਮਜ਼ਦੂਰਾਂ ਨੂੰ ਪੰਜਾਬ ਵਿਚੋਂ ਬਾਹਰ ਕੱਢਣ ਦਾ ਨਾਹਰਾ ਨਹੀਂ ਦੇ ਸਕਦੇ। ਇਸ ਲਈ ਉਸ ਨੇ ਬਿਹਾਰ ਖੇਤ ਮਜ਼ਦੂਰ ਯੂਨੀਅਨ ਨੂੰ ਨਸੀਹਤ ਕੀਤੀ ਕਿ ਉਹ ਬਿਹਾਰ ਦੀ ਤਰੱਕੀ ਵਾਸਤੇ ਕੰਮ ਕਰੇ। ਇਕ ਬਿਹਾਰ ਖੇਤ ਮਜ਼ਦੂਰ ਯੂਨੀਅਨ ਦੇ ਲੀਡਰ ਨੇ ਪਖਮਸ ਨੂੰ ਨਸੀਹਤ ਕੀਤੀ ਕਿ ਉਹ ਬਾਹਰਲੇ ਖੇਤ ਮਜ਼ਦੂਰਾਂ ਪ੍ਰਤੀ ਟਕਰ ਦੀ ਨੀਤੀ ਨਾ ਅਪਣਾਉਣ। ਬਿਹਾਰ ਵਿਚ ਹੜ੍ਹ ਅਤੇ ਸੋਕਾ ਉਨ੍ਹਾਂ ਨੂੰ ਪੰਜਾਬ ਆਉਣ ਲਈ ਮਜਬੂਰ ਕਰ ਦਿੰਦਾ ਹੈ।

ਡੈਲੀਗੇਟਾਂ ਦੀ ਸੂਝ ਪੱਧਰ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਸੀ ਕਿ ਉਨ੍ਹਾਂ ਦਾ ਕਾਨਫਰੰਸ ਵਿਚ ਰੋਲ ਸਿਰਫ਼ ਕੁਝ ਸੁਝਾਵਾਂ ਤਕ ਹੀ ਸੀਮਤ ਸੀ ਜਿਨ੍ਹਾਂ ਵਿਚੋਂ ਬਹੁਤੇ ਸਰਕਾਰੀ ਸਕੀਮਾਂ ਨੂੰ ਹੋਰ ਚੰਗੀ ਤਰ੍ਹਾਂ ਲਾਗੂ ਕਰਨ, ਸਰਕਾਰ ਤੋਂ ਹੋਰ ਰਿਆਇਤਾਂ ਲੈਣ ਆਦਿ ਨਾਲ ਸਬੰਧਤ ਸਨ। ਪਰ ਕੁਝ ਕੁ ਡੈਲੀਗੇਟਾਂ ਨੇ ਕੁਝ ਉਚੇਰੇ ਸੂਝ-ਪੱਧਰ ਦਾ ਸਬੂਤ ਦਿਤਾ। ਇਕ ਡੈਲੀਗੇਟ ਨੇ



ਕਿਹਾ ਕਿ ਪਖਮਸ ਦੀਆਂ ਘਾਟਾਂ ਦਾ ਰਿਪੋਰਟ ਵਿਚ ਕਿਤੇ ਜ਼ਿਕਰ ਨਹੀਂ ਕੀਤਾ ਗਿਆ। ਪਰ ਇੰਟਰਵਿਊ ਵਿਚ ਇਕ ਜ਼ਿਲ੍ਹਾ ਲੀਡਰ ਨੇ ਪਖਮਸ ਦੀ ਇਸ ਗੱਲ ਨੂੰ ਠੀਕ ਕਿਹਾ ਕਿਉਂਕਿ ਖ਼ਾਮੀਆਂ ਡੈਲੀਗੇਟ ਕਾਨਫਰੰਸ ਵਿਚ ਨਹੀਂ ਬਹਿਸਣੀਆਂ ਚਾਹੀਦੀਆਂ। ਇਸ ਦਾ ਨਵੇਂ ਡੈਲੀਗੇਟਾਂ 'ਤੇ ਮਾੜਾ ਅਸਰ ਪੈਂਦਾ ਹੈ !! ਅਜਿਹੀਆਂ ਗੱਲਾਂ ਨੂੰ ਸਿਰਫ਼ ਵਰਕਿੰਗ ਕਮੇਟੀ ਤਕ ਹੀ ਸੀਮਤ ਰਖਣਾ ਚਾਹੀਦਾ ਹੈ !! ਇਕ ਹੋਰ ਡੈਲੀਗੇਟ ਨੇ ਨਸੀਹਤ ਦਿਤੀ ਕਿ ਜਦੋਂ ਲੀਡਰ ਸਾਡੇ ਕੋਲ ਆਉਂਦੇ ਹਨ ਉਨ੍ਹਾਂ ਨੂੰ 'ਮਿਡਲ ਕਲਾਸ' ਦੇ ਘਰਾਂ ਵਿਚ ਨਹੀਂ ਠਹਿਰਨਾ ਚਾਹੀਦਾ। ਇਕ ਹੋਰ ਡੈਲੀਗੇਟ ਨੂੰ ਸਰਕਾਰੀ ਸਕੀਮਾਂ ਨੂੰ ਲਾਗੂ ਕਰਵਾਉਣ ਵਿਚ ਫੇਲ੍ਹ ਹੋ ਜਾਣ 'ਤੇ ਸਰਕਾਰ 'ਤੇ ਅਤੇ ਅਸਿੱਧੇ ਢੰਗ ਨਾਲ ਪਖਮਸ ਦੇ ਸਰਕਾਰ ਵੱਲ ਠੰਢੇ ਵਤੀਰੇ 'ਤੇ ਗੁਸਾ ਕੱਢਿਆ। ਕਾਨਫਰੰਸ ਵਿਚ ਬਹੁਤੇ ਬੋਲਣ ਵਾਲਿਆਂ ਨੇ ਮਾਸਟਰ ਹਰੀ ਸਿੰਘ ਦੀ ਖੇਤ ਮਜ਼ਦੂਰਾਂ 'ਤੇ ਲਿਖੀ ਕਿਤਾਬ ਦੀ ਸ਼ਲਾਘਾ ਕੀਤੀ। ਪਰ ਇਕ ਡੈਲੀਗੇਟ ਨੇ ਕਿਹਾ ਜੇ ਮਾਸਟਰ ਜੀ ਕਿਤਾਬ ਲਿਖਣ ਤੋਂ ਪਹਿਲਾਂ ਹੇਠਲੇ ਕਾਡਰ ਦੀ ਮੀਟਿੰਗ ਬੁਲਾ ਲੈਂਦੇ ਤਾਂ ਇਹ ਕਿਤਾਬ ਹੋਰ ਵੀ ਵਧੀਆ ਹੋ ਸਕਦੀ ਸੀ।

ਡੈਲੀਗੇਟਾਂ ਵਿਚ ਸੂਝ ਦੀ ਘਾਟ ਲੀਡਰਸ਼ਿਪ ਲਈ ਫਾਇਦੇਮੰਦ ਹੁੰਦੀ ਹੈ। ਉਨ੍ਹਾਂ ਨੂੰ ਡੈਲੀਗੇਟਾਂ ਤੋਂ ਮਤੇ ਜਾਂ ਹੋਰ ਕੁਝ ਪਾਸ ਕਰਵਾਉਣ ਵੇਲੇ ਕਿਸੇ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਪਰ ਅਜਿਹਾ ਸੂਝ-ਰਹਿਤ ਕਾਡਰ ਦਿਕਤਾਂ ਵੀ ਖੜੀਆਂ ਕਰਦਾ ਹੈ। ਦੋ ਜ਼ਿਲ੍ਹਿਆਂ ਤੋਂ ਬਗੈਰ ਹੋਰ ਕਿਸੇ ਜ਼ਿਲ੍ਹੇ ਨੇ ਮੈਂਬਰਸ਼ਿਪ ਕੋਟਾ ਪੂਰਾ ਨਹੀਂ ਸੀ ਕੀਤਾ। ਲੀਡਰਸ਼ਿਪ ਨੇ ਬੋਗਸ ਮੈਂਬਰਸ਼ਿਪ ਦੀ ਗੱਲ ਨੂੰ ਬੜੇ ਫ਼ਿਕਰ ਨਾਲ ਨੋਟ ਕੀਤਾ ਅਤੇ ਅਜਿਹਾ ਕਰਨ ਵਾਲਿਆਂ ਦੀ ਕਰੜੀ ਆਲੋਚਨਾ ਕੀਤੀ। ਇਕ ਜ਼ਿਲ੍ਹਾ ਲੀਡਰ ਅਨੁਸਾਰ ਇਸ ਸ਼ਿਕਾਇਤ ਨੂੰ ਪਹਿਲੀ ਵਾਰੀ 1979 ਵਿਚ ਪਾਤੜਾਂ ਵਿਖੇ ਹੋਏ ਇਜਲਾਸ ਵਿਚ ਨੋਟ ਕੀਤਾ ਗਿਆ ਸੀ। ਲੀਡਰਸ਼ਿਪ ਤੇ ਕਾਡਰ, ਦੋਹਾਂ ਨੇ ਹੋਲਟਾਇਮਰਜ਼ ਦੀ ਘਾਟ ਮਹਿਸੂਸ ਕੀਤੀ। ਕੰਮ ਕਰ ਰਹੇ ਹੋਲਟਾਇਮਰਜ਼ ਨੂੰ ਕਿਹਾ ਗਿਆ ਕਿ ਉਹ ਸਮੇਂ ਸਮੇਂ 'ਤੇ ਆਪਣੇ ਕੰਮ ਦੀ ਰਿਪੋਰਟ ਦੇਣ। ਹੋਲਟਾਇਮਰਜ਼ ਨੇ ਕਿਹਾ ਕਿ ਉਨ੍ਹਾਂ ਨੂੰ ਨਿਰਬਾਹ ਭੱਤਾ ਘੱਟ ਮਿਲਦਾ ਹੈ। ਜਨਰਲ ਸਕੱਤਰ ਨੇ ਜਵਾਬ ਦਿਤਾ ਕਿ ਇਸ ਸਮੱਸਿਆ ਨੂੰ ਜਥੇਬੰਦੀ ਤਕੜੀ ਕਰ ਕੇ ਹੀ ਹੱਲ ਕੀਤਾ ਜਾ ਸਕਦਾ ਹੈ। ਇਕ ਡੈਲੀਗੇਟ ਨੇ ਕਿਹਾ ਕਿ ਉਸ ਨੂੰ ਪਹਿਲੀ ਵਾਰੀ ਪਤਾ ਲੱਗਿਆ ਹੈ ਕਿ ਪਖਮਸ ਦਾ ਕੋਈ ਸੰਵਿਧਾਨ ਹੈ। ਜਨਰਲ ਸਕੱਤਰ ਨੇ ਜਵਾਬ ਦਿਤਾ ਕਿ ਅਸੀਂ ਸੰਵਿਧਾਨ ਇਸ ਕਰਕੇ ਸਪਲਾਈ ਨਹੀਂ ਕੀਤਾ ਕਿਉਂਕਿ ਕਾਡਰ ਸਾਡੀਆਂ ਛਾਪੀਆਂ ਚੀਜ਼ਾਂ ਦੀ ਕੀਮਤ ਅਦਾ ਨਹੀਂ ਕਰਦਾ। ਅਖੀਰਲੇ ਦਿਨਾਂ ਵਿਚ ਹਾਲ ਵਿਚ ਬੈਠੇ ਡੈਲੀਗੇਟਾਂ ਦੀ ਗਿਣਤੀ ਘੱਟ ਗਈ ਸੀ। ਇਸ ਦਾ ਇਕ ਕਾਰਨ ਇਹ ਪਤਾ ਲਗਿਆ ਕਿ ਉਹ ਹਾਲ ਤੋਂ ਬਾਹਰ ਜਾ ਕੇ ਬੈਠ ਜਾਂਦੇ ਸਨ। ਕਾਨਫਰੰਸ ਦੇ ਇਕ ਪ੍ਰਬੰਧਕ ਨੇ ਡੈਲੀਗੇਟਾਂ ਨੂੰ ਸਮਝਾਇਆ ਕਿ ਉਹ ਹਾਲ ਤੋਂ ਬਾਹਰ ਜਾ ਕੇ ਨਾ ਬੈਠਿਆ ਕਰਨ।

ਪੰਜਾਬੀ ਗਲਪ ਦੇ ਆਲੋਚਨਾ-ਖੇਤਰ ਵਿਚ ਇਕ ਹੋਰ ਜਤਨ

**ਪ੍ਰਸਿਧ ਪੰਜਾਬੀ ਨਾਵਲ**

ਪੰਜਾਬੀ ਦੇ 25 ਕੁ ਪ੍ਰਸਿਧ ਨਾਵਲਾਂ ਦਾ ਪਾਠ-ਆਧਾਰਿਤ, ਜਮਾਤੀ ਨਜ਼ਰੀਏ ਤੋਂ ਵਿਸ਼ਲੇਸ਼ਣ / ਮੁਲਾਂਕਣ ਪੇਸ਼ ਕੀਤਾ ਗਿਆ ਹੈ।

ਲੇਖਕ : ਹਰਚਰਨ ਸਿੰਘ ਸੋਬਤੀ; ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ ਦਿੱਲੀ, ਮੁਲ : 20 ਰੁ:

Hindustan Fertilizer Corporation—a Rs. 500 crore dedication to the farmers,—geared to produce more than one million tonnes of fertilizer annually in the form of Ammonium Sulphate, Urea and complex fertilizers. Hindustan Fertilizer Corporation came into existence in April 1978.

The Corporation has three Units at Namrup (Assam), Durgapur (West Bengal) and Barauni (Bihar). Besides, a project at Haldia (West Bengal) is in an advanced stage of completion. On completion of the Haldia project HFC will also be producing Methanol and Soda Ash, two important basic chemicals for the industry.






ਪੀ.ਐਸ.ਬੀ.-ਸਤੱਰ ਸਾਲਾਂ ਤੋਂ ਜਿਆਦਾ .
ਸਮੇਂ ਤੋਂ ਤਰੱਕੀ ਦੇ ਰਾਹ ਤੇ

**ਤੀਹ ਸਾਲ ਪਹਿਲਾਂ ਮੇਰੇ ਪਿਤਾ ਜੀ ਨੇ ਮੇਰੇ ਲਈ ਪੰਜਾਬ ਐਂਡ ਸਿੰਧ ਬੈਂਕ ਵਿਚ ਖਾਤਾ ਖੋਲਿਆ ਸੀ। ਅਜ ਇਹੀ ਮੈਂ ਆਪਣੇ ਪੁੱਤਰ ਲਈ ਕੀਤਾ ਹੈ।**

ਪੰਜਾਬ ਐਂਡ ਸਿੰਧ ਬੈਂਕ ਨਾਲ ਬਚੱਤ ਇਕ ਐਸੀ ਰਵਾਇਤ ਹੈ ਜੋ ਪੀ.ਐਸ.ਬੀ. ਪ੍ਰਵਾਰਾਂ ਵਿਚ ਪੁਸ਼ਤ-ਦਰ-ਪੁਸ਼ਤ ਚਲਦੀ ਰਹਿੰਦੀ ਹੈ। ਇਹ ਰਵਾਇਤ ਪੀ.ਐਸ.ਬੀ. ਸਤੱਹਰ ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਕਾਇਮ ਰਖਦਾ ਆ ਰਿਹਾ ਹੈ। ਇਸ ਦਾ ਕਾਰਨ ਹੈ ਸਾਡੀ ਸੇਵਾ ਜਿਸਦਾ ਸ਼ਾਇਦ ਹੀ ਕੋਈ ਮੁਕਾਬਲਾ ਕਰ ਸਕੇ।

ਪੀ ਐਸ ਬੀ—ਸੰਪੂਰਨ ਬੈਂਕ ਸੇਵਾ ਦਾ ਪ੍ਰਤੀਕ
**ਪੰਜਾਬ ਐਂਡ ਸਿੰਧ ਬੈਂਕ**

ASP/PSB/3-202P

S E D H
Registered with the Registrar of Newspapers for India—Registration No 23895/72

DECEMBER, 1980
Regd. No. D (SE) 001

ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ ।
ਹਿੰਦ ਕੋ ਇਕ ਮਰਦੇ ਕਾਮਿਲ ਨੇ ਜਗਾਇਆ ਖ਼ਾਬ ਸੇ ।

**—ਇਕਬਾਲ**

ਗੁਰੂ ਨਾਨਕ ਸਾਹਿਬ ਦਾ ਦਿੱਤਾ ਹੋਇਆ ਵਾਹਦਤ, ਸੱਚਾਈ ਤੇ ਭਾਈਚਾਰੇ ਦਾ ਸੰਦੇਸ਼ ਪੁਨਿਆਂ ਦੇ ਚੰਨ ਦੀ ਰੋਸ਼ਨੀ ਦੀ ਤਰ੍ਹਾਂ ਸੰਸਾਰ ਵਿਚ ਫੈਲਿਆ ਤੇ ਅਜ ਵੀ ਸਾਡੇ ਦੇਸ਼ ਦੇ ਕਣ-ਕਣ ਵਿਚ ਵਿਆਪਕ ਹੈ ।

ਆਓ ! ਇਸ ਨੂਰ ਨਾਲ ਦਿਲਾਂ ਨੂੰ ਜਗਮਗਾਈ ਰਖੀਏ ।

davp 80/279